
INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
ਮਾਰਚ 2020
ਹੋਲੇ ਮਹੱਲੇ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ।

ਸੰਤ ਬਾਬਾ ਲਖਬੀਰ ਸਿੰਘ ਜੀ 'ਨਗਰ ਧਮੋਟ' (ਲੁਧਿਆਣਾ) ਵਿਖੇ ਸਾਲਾਨਾ ਸਮਾਗਮ ਤੇ
ਕੀਰਤਨ ਦੁਆਰਾ  ਸੰਗਤਾਂ ਨੂੰ ਨਿਹਾਲ ਕਰਦੇ ਹੋਏ।



# ਆਤਮ ਮਾਰਗ

ਸਾਲ-ਪੱਚੀਵਾਂ, ਮਹੀਨਾ ਮਾਰਚ, 2020

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ 001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ 001-604-433-0408

ਭਾਈ ਤਰਸੇਮ ਸਿੰਘ ਬੈਂਸ 001-604-862-9525

ਭਾਈ ਜਸਬੀਰ ਸਿੰਘ ਰਾਣੂ 001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ 0044-121-200-2818

ਭਾਈ ਅਰਵਿੰਦਰ ਸਿੰਘ (ਰਾਜ) 0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ : 0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ) 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ 94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ੍ਰੀ ਮਾਨ ਜੀ | - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


1. ਸੰਪਾਦਕੀ — 5

*(ਡਾ.) ਭਾਈ ਸੁਖਵਿੰਦਰ ਸਿੰਘ*

2. ਬਾਰਹ ਮਾਹਾ — 8

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

3. ਰਾਮੁ ਸਿਮਰੁ ਪਛੁਤਾਹਿਗਾ ਮਨ — 17

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ — 30

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ॥ — 38

*ਸੰਤ ਬਾਬਾ ਹਰਪਾਲ ਸਿੰਘ ਜੀ*

6. ਨੂਰਾਨੀ ਮਿਲਾਪ — 43

*(ਡਾ.) ਭਾਈ ਸੁਖਵਿੰਦਰ ਸਿੰਘ*

7. ਗੁਰ ਨਾਨਕ ਆਗਮਨ — 45

*ਡਾ. ਭਾਈ ਵੀਰ ਸਿੰਘ*

8. ਹੋਲਾ-ਮਹੱਲਾ — 47

*ਡਾ. ਜਗਜੀਤ ਸਿੰਘ*

9. ਗੁਰਬਾਣੀ ਅਰਥ ਭੰਡਾਰ — 49

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

10. ਈਸ਼੍ਵਰ ਅਮੋਲਕ ਲਾਲ — 52

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

11. ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ — 53

*ਡਾ. ਸਵਾਮੀ ਰਾਮ ਜੀ*

12. ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤੱਕ ਸੂਚੀ — 55

# ਸੰਪਾਦਕੀ

*(ਡਾ.) ਭਾਈ ਸੁਖਵਿੰਦਰ ਸਿੰਘ*

*ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ।*
*ਚੜ੍ਹਦੀ ਕਲਾ ਨਿਵਾਸ, ਸਦ ਹੀ ਰੱਖਣਾ।*

*ਡਾ. ਭਾਈ ਵੀਰ ਸਿੰਘ*

ਪਿਆਰੇ ਪਾਠਕ ਜਨੋ! ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ 'ਆਤਮ ਮਾਰਗ' ਮੈਗਜ਼ੀਨ ਇਸ ਮਹੀਨੇ 25 ਸਾਲ ਪੂਰੇ ਕਰ ਚੁੱਕਾ ਹੈ। ਦੁਨਿਆਵੀ ਤੌਰ ਤੇ ਸੌ ਸਾਲ ਦੀ ਉਮਰ ਵਾਲੇ ਨੂੰ 25 ਸਾਲ ਵਿਚ ਭਰ ਜੁਆਨ ਮੰਨਿਆ ਜਾਂਦਾ ਹੈ। 25 ਸਾਲਾਂ ਨੂੰ ਸਿਲਵਰ ਜੁਬਲੀ ਦੇ ਤੌਰ 'ਤੇ ਵੀ ਮਨਾਇਆ ਜਾਂਦਾ ਹੈ। ਪਰ 'ਆਤਮ ਮਾਰਗ' ਮੈਗਜ਼ੀਨ ਤੇ ਐਸਾ ਮਾਪਦੰਡ ਲਾਗੂ ਨਹੀਂ ਹੁੰਦਾ। ਅਪ੍ਰੈਲ 1995 ਦੀ ਵਿਸਾਖੀ ਨੂੰ ਪਿਆਰੇ ਮਹਾਂਪੁਰਸ਼ਾਂ ਨੇ ਸਮੂੰਹ ਸੰਗਤ ਦੀ ਹਾਜ਼ਰੀ ਵਿਚ ਦੀਵਾਨ ਦੀ ਸਮਾਪਤੀ ਉਪਰੰਤ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਅਰਦਾਸ ਕਰਕੇ ਇਸ ਨੂੰ ਰੀਲੀਜ਼ ਕਰਨ ਦੀ ਰਸਮ ਨਿਭਾਈ। ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦੇ ਪਵਿੱਤਰ ਹਸਤ ਕਮਲਾਂ ਦੁਆਰਾ ਇਹ ਮੈਗਜ਼ੀਨ ਰੀਲੀਜ਼ ਹੋਇਆ। ਅਪ੍ਰੈਲ 95 ਦੇ ਪਹਿਲੇ ਅੰਕ ਦੇ ਦਰਸ਼ਨ ਸੰਗਤ ਨੂੰ ਕਰਵਾਏ ਗਏ ਅਤੇ ਸੰਗਤਾਂ ਨੇ ਹੱਥੋਂ ਹੱਥੀਂ ਬਾਹਰੀ ਤੇ ਅੰਦਰੂਨੀ ਦਰਸ਼ਨ ਕੁਝ ਘੰਟਿਆਂ ਵਿਚ ਹੀ ਕਰ ਲਏ। ਜਿੰਨੀਆਂ ਕਾਪੀਆਂ ਛਪਵਾਈਆਂ ਗਈਆਂ, ਕੁਝ ਘੰਟਿਆਂ ਵਿਚ ਹੀ ਸੰਗਤਾਂ ਨੇ ਆਪਣੇ ਹੱਥਾਂ ਵਿਚ ਲੈ ਲਈਆਂ। ਟੀਚਾ ਸ਼ੁਰੂ ਵਿਚ 5000 ਕਾਪੀਆਂ ਦਾ ਸੀ, ਪਰ ਥੋੜ੍ਹੇ ਸਮੇਂ ਵਿਚ ਹੀ ਇਸ ਦੀ ਛਪਾਈ ਦਸ, ਪੰਦਰਾਂ, ਵੀਹ ਹਜ਼ਾਰ ਤੋਂ ਵਧ ਕੇ ਤੀਹ ਹਜ਼ਾਰ ਤਕ ਪਹੁੰਚ ਗਈ। ਸੱਚ ਇਹ ਹੈ ਕਿ ਦੁਨਿਆਵੀ ਵਸਤੂ ਜਾਂ ਬੱਚੇ ਦੀ ਆਮਦ ਤੋਂ ਬਾਅਦ ਹੀ ਉਸ ਦਾ ਨਾਮਕਰਣ ਹੁੰਦਾ ਹੈ ਭਾਵ ਨਾਮ ਰੱਖਿਆ ਜਾਂਦਾ ਹੈ। ਪਰ ਇਸ ਆਤਮਿਕ ਪਟਾਰੀ ਦਾ ਨਾਮ ਇਸ ਦੇ ਜਨਮ ਤੋਂ ਪਹਿਲਾਂ ਹੀ ਮਹਾਂਪੁਰਸ਼ਾਂ ਨੇ ਆਪਣੇ ਅਨੁਭਵ ਨਾਲ ਰੱਖ ਦਿਤਾ ਸੀ। ਇਸ ਦੀ ਆਮਦ ਤੋਂ ਮਹੀਨਾ ਪਹਿਲਾਂ ਪਿਆਰੇ ਮਹਾਂਪੁਰਸ਼ਾਂ ਨੇ 3-4 ਨਾਮ ਸੰਗਤ ਦੇ ਸਨਮੁੱਖ ਰੱਖੇ, ਉਹਨਾਂ ਵਿਚੋਂ 'ਆਤਮ ਮਾਰਗ' ਦੇ ਨਾਮ ਤੇ ਸਭ ਨੇ ਸਹਿਮਤੀ ਪ੍ਰਗਟ ਕੀਤੀ। ਪਿਆਰੇ ਮਹਾਂਪੁਰਸ਼ਾਂ ਨੇ ਧੁਰ ਦਰਗਾਹ ਤੋਂ ਆਏ ਅਨੁਭਵੀ ਨਾਮ 'ਆਤਮ ਮਾਰਗ' ਰੱਖਣ ਦਾ ਫੈਸਲਾ ਸੰਗਤ ਨੂੰ ਸਰਵਣ ਕਰਵਾਇਆ ਤੇ ਸੰਗਤਾਂ ਨੇ ਇਸ ਨੂੰ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿਤੀ।

ਰੀਲੀਜ਼ ਹੋਣ ਉਪਰੰਤ 'ਆਤਮ ਮਾਰਗ' ਸੰਗਤਾਂ ਵਲੋਂ ਵੱਧ ਤੋਂ ਵੱਧ ਪਰਵਾਨ ਹੁੰਦਾ ਗਿਆ। ਚਾਰੇ ਪਾਸੇ ਇਸ ਦੀ ਮੰਗ ਨੇ ਜ਼ੋਰ ਫੜਿਆ। ਦੁਨੀਆਂ ਦੇ ਕੋਨੇ-ਕੋਨੇ ਤੋਂ, ਧਾਰਮਿਕ ਬਿਰਤੀ ਦੇ ਮਾਲਕ, ਰੂਹਾਨੀ ਪੈਂਡਿਆਂ ਦੇ ਰਾਹੀਆਂ, ਆਤਮਿਕ ਪੰਧਾਊਆਂ ਨੇ ਇਸ ਨੂੰ ਪ੍ਰਾਪਤ ਕਰਨ ਦੀ ਇੱਛਾ ਜ਼ਾਹਰ ਕੀਤੀ। ਹਰ ਮਜ਼੍ਹਬ ਦੇ ਪ੍ਰਮੇਸ਼ਰ ਦੀ ਤਾਂਘ ਰੱਖਣ ਵਾਲੇ, ਜਗਿਆਸੂ ਨੇ ਇਸ ਨੂੰ ਸਵੀਕਾਰਿਆ। ਹਿੰਦੂ, ਮੁਸਲਮਾਨ, ਜੈਨੀ, ਬੋਧੀ, ਵਿਦਵਾਨ, ਕਥਾ ਵਾਚਕ, ਪ੍ਰਚਾਰਕ ਸੰਤ ਮਹਾਂਪੁਰਸ਼ ਸੁਆਮੀ ਹਰ ਇਕ ਨੇ ਇਸ ਨੂੰ ਪੜ੍ਹਿਆ ਤੇ ਸਲਾਹਿਆ। ਹਰ ਇਕ ਆਤਮਿਕ ਪੰਧਾਊ ਦੀ ਰੂਹਾਨੀ ਖੁਰਾਕ ਇਸ ਵਿਚੋਂ ਪੂਰੀ ਹੋਣ ਲਗੀ। ਸ਼ੁਰੂ ਵਿਚ 300-400 ਸੰਤਾਂ ਮਹਾਂਪੁਰਸ਼ਾਂ, ਧਾਰਮਿਕ ਅਸਥਾਨਾਂ, ਡੇਰਿਆਂ, ਸੰਪਰਦਾਵਾਂ, ਯੋਗੀ ਜਨਾਂ, ਬੋਧ ਮਠਾਂ ਵਿਚ ਅਤੇ ਸੁਆਮੀਆਂ ਕੋਲ ਇਸ ਨੂੰ ਭੇਜਿਆ ਗਿਆ। ਕੇਵਲ ਗੁਰਮਤਿ ਦੇ ਪ੍ਰਚਾਰ ਹਿਤ ਇਸ ਨੂੰ ਕਈ ਸਾਲ ਲਗਾਤਾਰ ਬਿਨਾਂ ਮੋਖ ਭੇਜਿਆ ਗਿਆ। ਆਰਥਿਕ ਖਰਚਿਆਂ ਨੂੰ ਦਰਕਿਨਾਰ ਕਰਕੇ ਕੇਵਲ ਗੁਰਮਤਿ ਦੇ ਪ੍ਰਚਾਰ ਨੂੰ ਤਰਜੀਹ ਦਿਤੀ ਗਈ। ਨਤੀਜਾ ਇਹ ਨਿਕਲਿਆ ਕਿ ਪੜ੍ਹਨ ਵਾਲੇ ਹਰ ਪਾਠਕ ਜਨ ਨੇ ਇਸ ਨੂੰ ਦਿਲੋਂ ਪਿਆਰ ਕੀਤਾ। 'ਆਤਮ ਮਾਰਗ' ਹਰ ਇਕ ਰੁਕੇ ਹੋਏ ਜਗਿਆਸੂ ਦਾ ਅੱਗੇ ਵਧਣ ਲਈ ਮਾਰਗ ਦਰਸ਼ਨ ਕਰਨ ਲੱਗਾ। ਜੀਵਨ ਦੀਆਂ ਸਾਰੀਆਂ ਰੁਕਾਵਟਾਂ ਦੂਰ ਹੋਣ ਲੱਗੀਆਂ। ਸੁਰਤਿ ਦੇ ਮਾਰਗ ਵਿਚ ਰੁਕੇ ਹੋਇਆਂ ਨੂੰ ਨਵੇਂ ਪੈਂਡਿਆਂ ਦਾ ਮਾਰਗ ਦਰਸ਼ਨ ਹੋਇਆ।

ਪਿਆਰੇ ਮਹਾਂਪੁਰਸ਼ਾਂ ਨੂੰ ਟੈਲੀਫੋਨਾਂ ਅਤੇ ਚਿਠੀਆਂ ਦੁਆਰਾ ਸੰਗਤਾਂ ਵਲੋਂ, ਪਾਠਕ ਜਨਾਂ ਵਲੋਂ ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧ ਰਖਦੇ ਸੀ ਸਭਨਾਂ ਨੇ ਸ਼ੁਭ ਕਾਮਨਾਵਾਂ ਇਸ ਸੁਚੱਜੇ ਕਾਰਜ ਪ੍ਰਤੀ ਭੇਜੀਆਂ।

ਅਪ੍ਰੈਲ 1995 ਵਿਚ ਇਸ ਦੀ ਆਮਦ ਸੀ ਭਾਵ ਜਨਮ ਸੀ, ਪਰ ਇਹ ਹਮੇਸ਼ਾ ਹੀ ਜਵਾਨ ਰਿਹਾ। ਸਰੀਰਕ ਉਮਰ ਦੇ ਹਿਸਾਬ ਨਾਲ ਇਸ ਨੇ ਬਚਪਨ ਨਹੀਂ ਮਾਣਿਆ। ਇਕ ਦਮ ਜੁਆਨੀ ਵਿਚ ਪੈਰ ਧਰਿਆ ਤੇ ਇਸ ਨੇ ਸਦਾ ਜੁਆਨ ਹੀ ਰਹਿਣਾ ਹੈ। ਇਸ 'ਤੇ ਕਦੇ ਬੁਢੇਪਾ ਨਹੀਂ ਆਵੇਗਾ ਕਿਉਂਕਿ ਇਸ ਦੀ ਅੰਦਰੂਨੀ ਸਮੱਗਰੀ ਕਦੇ ਵੀ ਪੁਰਾਣੀ ਜਾਂ ਬੁੱਢੀ ਨਹੀਂ ਹੋਵੇਗੀ। ਇਸ ਵਿਚਲਾ ਸਾਹਿਬ ਸਦਾ ਹੀ ਚੜ੍ਹਦੀ ਕਲਾ ਵਾਲਾ ਅਤੇ ਨਵੀਨ ਹੈ। ***'ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥' (ਅੰਗ-660)*** ਇਸ ਵਿਚਲੇ ਅਨੁਭਵੀ ਪ੍ਰਬਚਨ ਕਦੇ ਪੁਰਾਣੇ ਨਹੀਂ ਹੋਣਗੇ ਕਿਉਂਕਿ ਅਨੁਭਵੀ ਰਚੇਤਾ ਵੀ ਕਦੇ ਬੁੱਢੇ ਨਹੀਂ ਹੁੰਦੇ। ***'ਗੁਰਮੁਖਿ***

***ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥' (ਅੰਗ-1418)*** ਇਸ ਵਿਚੋਂ ਸਦਾ ਦਾ ਵਿਗਾਸ, ਨੂਰੀ ਖੇੜਾ ਬਣ ਕੇ ਮੁਰਝਾਇਆਂ ਨੂੰ ਨਵਾਂ ਜੀਵਨ ਪ੍ਰਦਾਨ ਕਰਦਾ ਰਹੇਗਾ। ਪਿਆਰੇ ਮਹਾਂਪੁਰਸ਼ਾਂ ਦੇ ਨਿਵਾਸ ਅਸਥਾਨ ਤੋਂ ਇਸ ਦਾ ਸਫਰ ਸ਼ੁਰੂ ਹੋਇਆ। ਕੁਝ ਸਮਾਂ ਪਿਛੋਂ ਮੁਹਾਲੀ ਫੇਸ 7 ਵਿਚ ਸ. ਸੀਤਲ ਸਿੰਘ ਜੀ ਦੇ ਰਿਸ਼ਤੇਦਾਰਾਂ ਵਲੋਂ ਸ਼ੋ ਰੂਮ ਦੀ ਸੇਵਾ ਹੋਈ। 1996-97 ਵਿਚ ਤਿੰਨ ਮੰਜ਼ਿਲੇ ਸ਼ੋ ਰੂਮ ਵਿਚ ਇਸ ਦੇ ਕਾਰਜ ਹੋਣੇ ਸ਼ੁਰੂ ਹੋਏ। ਫਿਰ ਸ੍ਰੀ ਮਲਹੋਤਰਾ ਦੀ ਕੋਠੀ ਫੇਸ-3ਬੀ2 ਵਿਚ ਇਸ ਨੇ ਕੁਝ ਸਮਾਂ ਬਤੀਤ ਕੀਤਾ। ਹੌਲੇ-ਹੌਲੇ ਇਸ ਨੇ ਆਪਣੇ ਹੈੱਡ ਆਫਿਸ ਰਤਵਾੜਾ ਸਾਹਿਬ ਵਲ ਰੁਖ ਕੀਤਾ। 1998 ਦੇ ਅਖੀਰ ਵਿਚ ਇਹ ਆਪਣੇ ਜੱਦੀ ਪਿਤਾ ਪੁਰਖੀ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਚ ਦਫਤਰੀ ਰੂਪ ਵਿਚ ਪ੍ਰਵੇਸ਼ ਕਰ ਗਿਆ ਤੇ ਉਥੇ ਦਾ ਪੱਕਾ ਨਾਗਰਿਕ ਬਣ ਗਿਆ। ਰਤਵਾੜਾ ਸਾਹਿਬ ਇਸ ਦਾ ਪਿਤਾ ਪੁਰਖੀ ਅਸਥਾਨ ਕਿਉਂ ਹੈ? ਇਸ ਦਾ ਰਹੱਸ ਇਸ ਤਰ੍ਹਾਂ ਹੈ ਕਿ ਅਸਲ ਵਿਚ ਇਸ ਦੀ ਆਮਦ ਹੀ ਸੰਤ ਮਹਾਰਾਜ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ) ਰਾੜਾ ਸਾਹਿਬ ਵਾਲਿਆਂ ਦੇ ਦੂਰ-ਅੰਦੇਸ਼ੀ ਬਚਨਾਂ ਸਦਕਾ ਹੋਈ ਹੈ। ਕਦੇ ਸਮਾਂ ਸੀ ਸੰਨ 1975 ਤੋਂ ਪਹਿਲਾਂ ਦਾ ਜਦੋਂ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਪਿਆਰੇ ਮਹਾਂਪੁਰਸ਼ਾਂ ਨੂੰ (ਸੰਤ ਬਾਬਾ ਵਰਿਆਮ ਸਿੰਘ ਜੀ) ਨੂੰ ਬਚਨ ਕੀਤਾ ਸੀ ਕਿ ਤੁਸੀਂ ਧਾਰਮਿਕ ਫਿਲਮਾਂ, (ਕੀਰਤਨ ਦੀਆਂ) ਬਣਾ ਕੇ ਪ੍ਰਚਾਰ ਕਰਿਉ। ਨਾਲ ਇਹ ਬਚਨ ਸੀ ਕਿ ਇਕ ਰੂਹਾਨੀ ਮੈਗਜ਼ੀਨ ਵੀ ਕੱਢੋ। ਇਹ ਕਾਰਜ ਜਾਂ ਤਾਂ ਗਿਆਨੀ ਮੇਹਰ ਸਿੰਘ ਕਰ ਸਕਦੇ ਹਨ ਜਾਂ ਤੁਸੀਂ (ਪਿਆਰੇ ਮਹਾਂਪੁਰਸ਼) ਸੋ ਉਹਨਾਂ ਨੇ ਮਾਇਆ ਦੀ ਪੇਸ਼ਕਸ਼ ਵੀ ਕੀਤੀ ਪਰ ਆਪ ਜੀ ਨੇ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਤੁਸੀਂ ਅਸ਼ੀਰਵਾਦ ਦਿਉ, ਮੇਰੀ ਕਮਾਈ ਵਿਚ ਹੀ ਬਰਕਤ ਪਾ ਦਿਉ ਤਾਂ ਫਿਰ ਇਹ ਕਾਰਜ ਹੋ ਜਾਣਗੇ। ਭਾਵੇਂ ਉਸ ਵੇਲੇ ਮੀਡੀਏ ਦਾ ਬਹੁਤਾ ਯੁੱਗ ਨਹੀਂ ਸੀ ਪਰ ਜਾਣੀ ਜਾਣ ਮਹਾਂਪੁਰਸ਼ਾਂ ਨੇ ਹੁਣ ਵਾਲਾ ਸਮਾਂ ਤੱਕ ਲਿਆ ਸੀ ਕਿ ਮੀਡੀਏ ਰਾਹੀਂ ਗੁਰਮਤਿ ਦਾ ਪ੍ਰਚਾਰ ਹੋਵੇਗਾ। ਦੂਸਰਾ ਉਹਨਾਂ ਨੇ ਵਾਚ ਲਿਆ ਸੀ ਕਿ ਆਉਣ ਵਾਲੇ ਸਮੇਂ ਵਿਚ ਪ੍ਰਚਾਰ ਦੀ ਦਸ਼ਾ ਬਦਲ ਜਾਵੇਗੀ। ਪ੍ਰਚਾਰਕ ਅਨੁਭਵ ਤੋਂ ਹੀਣੇ ਹੋ ਜਾਣਗੇ। ਸ਼ਰਧਾ, ਪਿਆਰ, ਵੈਰਾਗ ਦੀ ਥਾਂ ਤੇ ਤਰਕ ਵਿਤਰਕ ਭਾਰੂ ਹੋ ਜਾਵੇਗੀ। ਉਹੀ ਅੱਜ ਵਾਪਰ ਰਿਹਾ ਹੈ ਜੋ ਉਹਨਾਂ ਵਾਚਿਆ ਸੀ। ਅੱਜ ਹਰ ਗੱਲ ਦੀ ਤਰਕ ਵਿਤਰਕ ਸ਼ੁਰੂ ਹੋ ਗਈ ਹੈ। ਕੁਦਰਤੀ ਤੇ ਗੈਰ ਕੁਦਰਤੀ ਵਰਤਾਰੇ ਤੇ ਕਿੰਤੂ ਪ੍ਰੰਤੂ, ਸ਼ੰਕੇ ਖੜ੍ਹੇ ਕੀਤੇ ਜਾ ਰਹੇ ਹਨ। ਸੰਗਤਾਂ ਨੂੰ ਗੁਰੂ ਪਿਆਰ ਦੀ ਥਾਂ ਤੇ ਸ਼ੰਕਿਆਂ ਵਿਚ ਖਚਿਤ ਕਰ ਦਿਤਾ ਗਿਆ। ਗੁਰੂ ਘਰਾਂ ਦੇ ਅੰਦਰ, ਸਤਿਸੰਗ ਮੰਡਲਾਂ ਦੇ ਵਿਚ, ਗੁਰਮਤਿ ਸਮਾਗਮਾਂ ਵਿਚ ਜਿਥੇ ਗੁਰੂ ਪਿਆਰ ਜਾਗਣਾ ਸੀ, ਜਿਥੇ '***ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ (ਅੰਗ-72)*** ਦਾ ਬੋਲਬਾਲਾ ਹੋਣਾ ਸੀ, ਉਥੇ ਨਾਮ ਨੂੰ ਛੱਡ ਕੇ ਤਰਕ ਵਿਤਰਕ ਭਾਰੂ ਹੁੰਦਾ ਜਾ ਰਿਹਾ ਹੈ। ਕੁਝ ਰੱਬੀ ਰੂਹਾਂ ਇਸ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਪਰ ਮੰਜ਼ਿਲ ਅਜੇ ਦੂਰ ਹੈ। ਨਾਸਤਿਕਤਾ, ਅਸ਼ਰਧਕਪੁਣੇ ਦੀ ਵਡੋਤਰੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਕੌਮੀ ਹਾਲਾਤਾਂ ਵਿਚ ਕੌਮ ਦਿਨ ਪ੍ਰਤੀ ਦਿਨ ਆਪਣੇ ਅਸਲੀ ਮੰਤਵ ਧੇਅ ਤੋਂ ਥਿੜਕ ਕੇ ਨਿਵਾਣ ਵਲ ਨੂੰ ਜਾ ਰਹੀ ਹੈ। ਇਸ ਅਧੋਗਤੀ ਦੇ ਸਮੇਂ ਵਿਚ ਇਕੋ ਇਕ ਮਾਰਗ ਹੈ 'ਸੁਰਤਿ ਸਬਦਿ ਦਾ ਮਾਰਗ।' ਆਤਮਿਕ ਮਾਰਗ ਰੂਹਾਨੀ ਮਾਰਗ। ***'ਨਾਨਕ ਕੇ ਘਰਿ ਕੇਵਲ ਨਾਮ।'*** ਇਥੇ ਨਾਮ ਬਾਣੀ ਦੀਆਂ ਬਖਸ਼ਿਸ਼ਾਂ ਨੂੰ ਮਾਨਣਾ ਹੈ। ਗੁਰਬਾਣੀ ਦੇ ਪਵਿੱਤਰ ਸਿਧਾਂਤ ਨੂੰ ਜੀਵਨ ਅੰਦਰ ਹੰਢਾਉਣਾ ਹੈ, ਕਮਾਉਣਾ ਹੈ। ਸਿਧਾਂਤ ਤੇ ਵਿਹਾਰ ਦੀ ਇਕਸੁਰਤਾ ਬਣਾਉਣੀ ਹੈ। ਸੋ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਪ੍ਰਵਚਨਾਂ ਦੁਆਰਾ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲਿਆਂ ਦੇ ਰਾਹੀਂ, ਆਤਮ ਮਾਰਗ ਮੈਗਜ਼ੀਨ ਦੀ ਆਮਦ ਹੋਈ। 1995 ਤੋਂ ਮਾਰਚ 2020 ਤਕ ਇਹ ਆਪਣੇ ਰੂਹਾਨੀ ਸਫਰ ਦੇ 25 ਸਾਲ ਪੂਰੇ ਕਰ ਚੁੱਕਾ ਹੈ। ਅਪ੍ਰੈਲ 2020 ਦੀ ਵਿਸਾਖੀ ਤੋਂ 26ਵਾਂ ਸਾਲ ਸ਼ੁਰੂ ਹੋਣ ਜਾ ਰਿਹਾ ਹੈ। ਇਸ ਵਿਚਲੇ ਸਾਰੇ ਤੱਤ ਭਾਵ ਸਾਰੇ ਲੇਖ, ਸਾਰੀ ਸਮੱਗਰੀ ਸੁਰਤਿ ਨੂੰ ਬਲਵਾਨ ਕਰਨ ਦੇ ਸਮਰੱਥ ਹਨ। **ਪਿਆਰੇ ਮਹਾਂਪੁਰਸ਼ਾਂ ਦੇ ਭਵਿੱਖਤ ਬਚਨ ਕਿ ਜਿਸ ਘਰ ਵਿਚ 'ਆਤਮ ਮਾਰਗ' ਪੜ੍ਹਿਆ ਜਾਵੇਗਾ ਉਸ ਘਰ ਵਿਚੋਂ ਕਲਾ ਕਲੇਸ਼, ਚਿੰਤਾਵਾਂ ਦਾ ਖਾਤਮਾ ਹੋ ਜਾਵੇਗਾ।** ਦੁਖਾਂ ਦੀ ਜਗ੍ਹਾ ਸੁਖ ਸ਼ਾਂਤੀ ਦਾ ਵਰਤਾਰਾ ਹੋਵੇਗਾ। ਅਸਲ ਵਿਚ ਇਨ੍ਹਾਂ ਬਚਨਾਂ ਵਿਚਲਾ ਰਹੱਸ ਇਹ ਹੈ ਕਿ ਇਸ ਵਿਚ ਨਾਮ ਬਾਣੀ ਦੀ ਵਿਚਾਰ ਹੈ। ਨਾਮ ਬਾਣੀ ਨਾਲ ਜੁੜ ਕੇ ਤਮਾਤ ਦੁਖਾਂ, ਕਲੇਸ਼ਾਂ ਦਾ ਖਾਤਮਾ ਹੋ ਜਾਂਦਾ ਹੈ ਭਾਵੇਂ ਉਹ ਮਾਨਸਿਕ ਹੋਣ ਭਾਵੇਂ ਸਰੀਰਕ-

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਅੰਗ-੯੨੨*

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥ ਅੰਗ- ੨੭੪*

*ਬਿਘਨ ਬਿਨਾਸਨ ਸਭਿ ਦੁਖ ਨਾਸਨ*
*ਸਤਿਗੁਰਿ ਨਾਮੁ ਦ੍ਰਿੜਾਇਆ ॥*
*ਖੋਏ ਪਾਪ ਭਏ ਸਭਿ ਪਾਵਨ*
*ਜਨ ਨਾਨਕ ਸੁਖਿ ਘਰਿ ਆਇਆ ॥ ਅੰਗ- ੬੨੨*

ਤਮਾਮ ਬਿਘਨਾਂ ਦਾ ਨਾਸ, ਪਾਪਾਂ ਦਾ ਖਾਤਮਾ - ***'ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥(ਅੰਗ - 1195)*** ਇਸ ਸਰੀਰ ਰੂਪੀ ਘਰ ਵਿਚ ਸੁਖਾਂ ਦਾ ਵਾਸਾ ਹੋ ਜਾਂਦਾ ਹੈ।।

ਇਸ ਵਿਚਲੇ ਤੱਤਾਂ ਦਾ ਨਿਚੋੜ ੴ ਤੋਂ ਸ਼ੁਰੂ ਹੋ ਕੇ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਤੇ ਖਤਮ ਹੁੰਦਾ ਹੈ -

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੋਲੇ ਮਹੱਲੇ ਰਾਹੀਂ ਸੰਦੇਸ਼ ਦਿਤਾ ਹੈ ਕਿ ਗੁਰਸਿੱਖ ਨਾਮ ਬਾਣੀ ਦੇ ਆਸਰੇ ਸਦਾ ਹੀ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਸਦਾ ਦਾ ਵਿਗਾਸ, ਸਦਾ ਆਸ਼ਾਵਾਦੀ ਹੋ ਕੇ ਵਿਚਰਦਾ ਹੈ। ਗੁਰੂ ਕਾ ਸਿਖ ਕਦੇ ਵੀ ਨਿਰਾਸ਼ਾਵਾਦੀ ਨਹੀਂ ਹੋਇਆ। ਦੁਨੀਆਂ ਤੋਂ ਕੂਚ ਕਰ ਗਿਆਂ ਨੂੰ ਵੀ 'ਚੜ੍ਹਾਈ ਕਰ ਗਿਆ' ਨਾਲ ਸੰਬੋਧਿਤ ਹੁੰਦਾ ਹੈ। ਕਲਾ ਦਾ ਅਰਥ ਸ਼ਕਤੀ ਵੀ ਹੈ ਤੇ ਹੁਨਰ ਵੀ। ਚੜ੍ਹਦੀ ਦਾ ਅਰਥ ਹੈ ਸਰਵੋਤਮ, ਸਤ ਤੋਂ ਉਚਤਾਈ ਵਾਲਾ। ਸੋ ਚੜ੍ਹਦੀ ਕਲਾ ਦਾ ਅਰਥ ਹੈ ਉਚਤਮ ਸ਼ਕਤੀ। ਉਚਤਮ ਸ਼ਕਤੀ 'ੴ' ਨਾਲ ਜੁੜ ਕੇ ਉਚੀ ਸੁਰਤਿ, ਬੁਲੰਦ ਹੌਂਸਲੇ ਤੇ ਭਰੋਸੇ ਭਰਪੂਰ ਆਸਾਵਾਨਤਾ। ਇਥੇ ਤਾਂ ਭੁਖੇ ਰਹਿ ਕੇ ਵੀ 'ਕੜਾਕੇ ਛਕਣਾ' ਕਿਹਾ ਜਾਂਦਾ ਹੈ। ਛੋਲੇ ਚੱਬ ਕੇ ਕਹਿਣਾ ਕਿ ਬਦਾਮ ਚੱਬੇ ਹਨ। ਸੋ ਭਾਣੇ, ਹੁਕਮ ਤੇ ਰਜ਼ਾ ਵਿਚ ਰਹਿੰਦੇ ਹੋਏ ਚੜ੍ਹਦੀ ਕਲਾ ਵਿਚ ਰਹਿਣਾ ਇਹੀ ਸੁਰਤਿ ਸਬਦਿ ਦਾ ਮਾਰਗ ਹੈ।

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥*

*ਅੰਗ- ੧੨੯੯*

ਦੇ ਸਿਧਾਂਤ ਤੇ ਚੱਲਣ ਦੀ ਤਾਕੀਦ ਹੈ। ਇਹ ***'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥'(ਅੰਗ- 463)*** ਦੇ ਸਿਧਾਂਤ ਤੇ ਚਲਦਿਆਂ ਨਾਮ ਦੇ ਅਭਿਆਸ, ਸੁਰਤਿ ਨੂੰ ਨਾਮ ਨਾਲ ਜੋੜ ਕੇ ਫਿਰ ਅੰਦਰੂਨੀ (ਰੂਹਾਨੀ) ਤਰੱਕੀ ਕਰਦੇ-ਕਰਦੇ ਆਪਣੇ ਮੂਲ ਵਿਚ ਲੀਨ ਹੋਣਾ ਹੈ। ਜਿਉਂਦੇ ਜੀਅ ਅਭੇਦ ਅਵਸਥਾ ਪ੍ਰਾਪਤ ਕਰਨੀ ਹੈ। ਕਰਮ ਉਪਾਸਨਾ, ਗਿਆਨ, ਵਿਗਿਆਨ ਵਿਚੋਂ ਦੀ ਲੰਘਦੇ ਹੋਏ ਮਲ, ਵਿਖਸ਼ੇਪ ਤੇ ਅਵਰਨ ਦੀ ਮੰਜ਼ਿਲ ਤਕ ਪਹੁੰਚਣਾ ਹੈ। ''ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'' ਲੋਚਣਾ ਹੈ।

ਅਦਾਰਾ ਆਤਮ ਮਾਰਗ ਅਤੇ ਟਰੱਸਟ ਰਤਵਾੜਾ ਸਾਹਿਬ ਇਸ ਮਾਰਗ ਦਾ ਹਾਮੀ ਹੈ। ਇਸੇ ਮਾਰਗ ਨੂੰ ਦ੍ਰਿੜ੍ਹ ਕਰਾਉਣ ਹਿਤ ਹੀ ਟਰੱਸਟ ਰਤਵਾੜਾ ਸਾਹਿਬ ਵਲੋਂ ਸਮੁੱਚੇ ਪਰਉਪਕਾਰੀ ਕਾਰਜ ਕੀਤੇ ਜਾ ਰਹੇ ਹਨ। ਇਹਨਾਂ ਸਮੁੱਚੇ ਕਾਰਜਾਂ ਵਿਚ ਗੁਰਮਤਿ ਦਾ ਪ੍ਰਚਾਰ ਪ੍ਰਸਾਰ ਮੁੱਖ ਕਾਰਜ ਹੈ। ਇਹ ਕਾਰਜ ਧਾਰਮਿਕ ਦੀਵਾਨਾਂ ਰਾਹੀਂ, ਆਤਮ ਮਾਰਗ ਮੈਗਜ਼ੀਨ ਰਾਹੀਂ ਤੇ ਮਹਾਂਪੁਰਸ਼ਾਂ ਦੇ ਇੰਟਰਨੈੱਟ ਮੀਡੀਏ ਉਤੇ ਮਿਲ ਰਹੇ ਪ੍ਰਵਚਨਾਂ ਰਾਹੀਂ ਹੋ ਰਹੇ ਹਨ। ਟਰੱਸਟ ਵਲੋਂ ਚਲ ਰਹੇ ਸਕੂਲ ਕਾਲਜ ਧਾਰਮਿਕ ਤੇ ਮਿਆਰੀ ਵਿਦਿਆ ਦੇਣ ਲਈ ਵਚਨਬੱਧ ਹਨ। ਸੇਵਾ ਹਿਤ ਬਿਰਧ ਆਸ਼ਰਮ ਤੇ ਹਸਪਤਾਲ ਸਰੀਰਕ ਰੋਗੀਆਂ ਦੀ ਦੇਖ ਭਾਲ ਤੇ ਇਲਾਜ ਲਈ ਦਿਨ ਰਾਤ ਤਤਪਰ ਹਨ। 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਪਾਠਕ ਜਨਾਂ ਦੀ ਰੂਹਾਨੀ ਖੁਰਾਕ ਪੂਰੀ ਕਰ ਰਿਹਾ ਹੈ। ਪਿਛਲੇ 25 ਸਾਲਾਂ ਤੋਂ ਇਹ ਰੂਹਾਨੀ ਖੁਰਾਕ ਆਪ ਜੀ ਸਭਨਾਂ ਕੋਲ ਨਿਰੰਤਰ ਪੁੱਜ ਰਹੀ ਹੈ। ਸੰਨ 1995 ਤੋਂ ਹੁਣ ਸੰਨ 2020 ਤਕ ਜਿੰਨੇ ਵੀ ਪ੍ਰੇਮੀ ਜਨਾਂ ਨੇ ਇਸ ਦੇ ਪ੍ਰਸਾਰ ਲਈ ਸੇਵਾਵਾਂ ਅਰਪਨ ਕੀਤੀਆਂ ਹਨ ਜਾਂ ਅੱਗੋਂ ਵਾਸਤੇ ਕਰ ਰਹੇ ਹਨ, ਭਾਵੇਂ ਉਹ ਦਫਤਰੀ ਸਟਾਫ ਦੇ ਰੂਪ ਵਿਚ ਹਨ, ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਭਾਈ ਗੁਰਿੰਦਰ ਸਿੰਘ, ਭਾਈ ਹਰਜਿੰਦਰ ਸਿੰਘ, ਭਾਈ ਜਤਿੰਦਰ ਸਿੰਘ, ਭਾਈ ਦਵਿੰਦਰ ਸਿੰਘ, ਬੀਬਾ ਸਤਨਾਮ ਕੌਰ ਵਰਨਣ ਯੋਗ ਹਨ। ਡਾ. ਜਗਜੀਤ ਸਿੰਘ ਮੁਖ ਸੰਪਾਦਕ ਤੇ ਬਾਬਾ ਹਰਪਾਲ ਸਿੰਘ ਜੀ ਐਡੀਟਰ-ਇਨ-ਚੀਫ਼ ਤੇ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਸਾਰੇ ਹੀ ਵਧਾਈ ਦੇ ਪਾਤਰ ਹਨ। ਜਿਨ੍ਹਾਂ ਦੀਆਂ ਸ਼ੁਭ ਇਛਾਵਾਂ ਤੇ ਦਿਨ ਰਾਤ ਦੀ ਮਿਹਨਤ ਕਰਕੇ 'ਆਤਮ ਮਾਰਗ' ਨਿਰੰਤਰ ਸੰਗਤਾਂ ਤਕ ਪਹੁੰਚ ਰਿਹਾ ਹੈ। ਟਰੱਸਟ ਰਤਵਾੜਾ ਸਾਹਿਬ ਸਾਰਿਆਂ ਦੀਆਂ ਸੇਵਾਵਾਂ ਦੀਆਂ ਸ਼ਲਾਘਾ ਕਰਦਾ ਹੈ। ਅਰਦਾਸ ਹੈ ਕਿ ਸੱਚੇ ਪਾਤਸ਼ਾਹ! ਸੁਰਤਿ ਸਬਦਿ ਦੇ ਮਾਰਗ ਦੀ ਪੂਰਨਤਾ ਕਰਦੇ ਹੋਏ ਸਭਨਾਂ ਨੂੰ ਚੜ੍ਹਦੀ ਕਲਾ ਵਾਲਾ ਜੀਵਨ ਬਖਸ਼ਣ। ਟਰੱਸਟ ਰਤਵਾੜਾ ਸਾਹਿਬ ਇਸ ਦੀ ਹਰ ਪੱਖੋਂ ਚੜ੍ਹਦੀ ਕਲਾ ਲਈ ਤੱਤਪਰ ਹੈ। ਆਰਥਿਕ ਪੱਖੋਂ ਵੀ ਘਾਟੇ ਵਾਧੇ, ਮਹਿੰਗਾਈ ਆਦਿਕ ਤੱਤ ਨਹੀਂ ਦੇਖੇ ਜਾ ਰਹੇ। ਇਸ ਦੀ ਵਡੇਰਤਰੀ ਲਈ ਸਮੂੰਹ ਸੰਗਤ ਹਰ ਵਕਤ ਹੰਭਲਾ ਮਾਰਦੀ ਰਹੀ ਹੈ ਤੇ ਅਗੋਂ ਮਾਰਦੀ ਰਹੇਗੀ। ਇਕ-ਇਕ ਲਾਈਫ ਮੈਂਬਰ ਤੇ 5-5 ਸਾਲਾਨਾ ਹਰ ਸਾਲ ਹਰ ਪ੍ਰੇਮੀ ਬਣਾਉਂਦਾ ਰਹੇ ਤਾਂ ਇਹ ਸਾਡੀ ਸਾਰਿਆਂ ਲਈ ਵੱਡੀ ਪ੍ਰਾਪਤੀ ਹੋਵੇਗੀ। ਗੁਰੂ ਰਾਖਾ, ਗੁਰੂ ਬਖਸ਼ਸ਼।

ਧੰਨਵਾਦ।

# ਚੇਤਿ

## ਚੇਤ ਮਹੀਨੇ ਦੀ ਸੰਗਰਾਂਦ - 14 ਮਾਰਚ, ਦਿਨ ਸ਼ਨਿੱਚਰਵਾਰ

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥*
*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥*
*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥*
*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥*
*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥*
*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥*

***ਅੰਗ - ੧੩੩***

ਅਸਾਡੇ ਦੇਸ਼ ਵਿਚ ਚੰਦ੍ਰਮਾ ਨਾਲ ਸਬੰਧ ਰਖਦਾ ਦੇਸੀ ਸਾਲ ਚੇਤ ਦੇ ਮਹੀਨੇ ਵਿਚ ਸ਼ੁਰੂ ਹੁੰਦਾ ਹੈ। ਭਾਰਤੀ ਸੰਸਕ੍ਰਿਤੀ ਅਨਸੁਾਰ ਅਸਾਡੇ ਬਜ਼ੁਰਗ, ਜਿਨ੍ਹਾਂ ਨੇ ਆਪਣੇ ਜੀਵਨ ਅੰਦਰਲੀ ਖੋਜ ਵਿਚ ਲਾ ਦਿਤੇ ਜਿਨ੍ਹਾਂ ਨੂੰ ਰਿਸ਼ੀ-ਮੁਨੀ ਸਾਧੂ ਸੰਤ ਕਹਿ ਕੇ ਸਤਿਕਾਰਿਆ ਜਾਂਦਾ ਸੀ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਰੀਆਂ ਹੀ ਸ਼ਕਤੀਆਂ, ਪਉਣ-ਪਾਣੀ, ਬੈਸੰਤਰ, ਧਰਤੀ, ਚੰਦ, ਸੂਰਜ ਸਾਰੇ ਗ੍ਰਹਿ ਸਜੀਵ ਰੂਪ ਵਿਚ ਪ੍ਰਤੀਤ ਦਿੰਦੇ ਸਨ ਜਿਨ੍ਹਾਂ ਨੂੰ ਵੱਖਰੇ-ਵੱਖਰੇ ਤੱਤਾਂ ਦੇ ਅਧਿਸ਼ਠਾਨ ਦੇਵਤੇ ਦੇ ਨਾਮ ਨਾਲ ਪੁਕਾਰਿਆ ਜਾਂਦਾ ਸੀ। ਉਨ੍ਹਾਂ ਗ੍ਰੈਹਾਂ ਦੀ ਵੀ ਖੋਜ ਕੀਤੀ, ਉਨ੍ਹਾਂ ਦਾ ਸਬੰਧ ਜੀਵ ਦੇ ਨਿਤ ਲੰਘ ਰਹੇ ਜੀਵਨ ਦੇ ਨਾਲ ਜੋੜਿਆ, ਉਨ੍ਹਾਂ ਗ੍ਰੈਹਾਂ, ਨਛੱਤਰਾਂ ਦੇ ਅਸਰ ਮਨੁੱਖਾਂ ਉਤੇ ਪੈਂਦਿਆਂ ਨੂੰ ਪਰਖਿਆ, ਬੇਅੰਤ ਤਜਰਬੇ ਕੀਤੇ ਅਤੇ ਜੋਤਿਸ਼ ਵਿਦਿਆ, ਖਗੋਲ ਵਿਦਿਆ ਨੇ ਜਨਮ ਲਿਆ। ਭਾਰਤ ਵਰਸ਼ ਵਿਚ ਸਮੇਂ ਦੀ ਵੰਡ ਅਨੁਸਾਰ ਦੋ ਮਹੀਨਿਆਂ ਦੇ ਸਮੇਂ ਗਿਣ ਕੇ ਰੁਤਾਂ ਸਥਾਪਿਤ ਕੀਤੀਆਂ। ਇਨ੍ਹਾਂ ਨਾਲ ਸਬੰਧਿਤ ਦਿਨ ਬਣਾਏ, ਉਨ੍ਹਾਂ ਦਿਨਾਂ ਦਾ ਅਸਰ ਮਨੁੱਖ ਜੀਵਨ ਨਾਲ ਸਬੰਧਿਤ ਕੀਤਾ ਅਤੇ ਭਲੇ ਬੁਰੇ ਸ਼ਗਨਾਂ ਦਾ ਅਸਰ ਭਾਂਪ ਕੇ ਆਦਮੀ ਦੇ ਜੀਵਨ ਨਾਲ ਸਬੰਧਿਤ ਕੀਤਾ। ਇਸ ਤਰ੍ਹਾਂ ਇਕ ਸਧਾਰਨ ਆਦਮੀ ਵਾਤਾਵਰਣ ਦੇ ਕਿੰਨਾ ਅਧੀਨ ਹੈ, ਇਹ ਵੀ ਜਾਂਚ ਪਰਖ ਕੀਤੀ ਜਿਸ ਦੇ ਅਧਾਰ ਉਪਰ ਹਰ ਇਕ ਮਨੁੱਖ ਦੀ ਜਨਮ ਪਤਰੀ ਬਣਾਈ। ਇਹ ਇਕ ਵਿਦਿਆ ਸੀ ਜਿਸਨੂੰ 14 ਵਿਦਿਆਵਾਂ ਵਿਚ ਗਿਣਿਆਂ ਜਾਂਦਾ ਸੀ। ਗ੍ਰੈਹਾਂ ਤੋਂ ਬਚਣ ਲਈ ਧਾਤਾਂ ਤੇ ਪੱਥਰਾਂ, ਹੀਰੇ ਜਵਾਹਰਾਤ, ਪਦਮ, ਲਸਣ ਵਗੈਰਾ ਦੀ ਖੋਜ ਕਰਕੇ ਉਨ੍ਹਾਂ ਨੂੰ bad conductor ਕਰਕੇ ਥਾਪਿਆ। ਇਹ ਧਾਤਾਂ ਤੇ ਪੱਥਰ ਗ੍ਰੈਹਾਂ ਦੇ ਬੁਰੇ ਅਸਰ ਨੂੰ ਖਤਮ ਕਰਦੀਆਂ ਸਨ। ਇਸੇ ਤਰ੍ਹਾਂ ਨਾਲ ਜੀਵਨ ਦੀ ਚਾਲ ਹਰ ਬੰਦੇ ਨੂੰ ਡਰ ਪੈਦਾ ਕਰ ਰਹੀ ਸੀ। ਉਹ ਨਹੀਂ ਜਾਣਦਾ ਸੀ ਕਲ੍ਹ ਨੂੰ ਕੀ ਹੋ ਜਾਣਾ ਹੈ ? ਕਿਹੜੇ ਗ੍ਰਹਿ ਦਾ ਅਸਰ ਮੇਰੇ ਉਤੇ ਚਲ ਰਿਹਾ ਹੈ ? ਜਿਸ ਤਰ੍ਹਾਂ ਨਾਲ ਮੈਡੀਕਲ ਸਾਇੰਸ ਨੂੰ ਪਤਾ ਹੈ ਕਿ ਆਦਮੀ ਦੀ ਬਿਰਤੀ ਇਕ ਰਸ ਕਿਉਂ ਨਹੀਂ ਰਹਿੰਦੀ, ਕਦੇ ਇਸਦਾ nervous system ਪੂਰੀ ਤਰ੍ਹਾਂ ਕੰਮ ਕਰਦਾ ਹੈ, ਨਚਦਾ ਹੈ, ਟਪਦਾ ਹੈ, ਖੁਸ਼ੀਆਂ ਮਨਾਉਂਦਾ ਹੈ, ਬਹੁਤ ਉਤਸ਼ਾਹ ਨਾਲ ਜੀਵਨ ਬਤੀਤ ਕਰਦਾ ਹੈ ਤੇ ਜਦੋਂ ਲਗਾਤਾਰ ਚਿੰਤਾ ਨਾਲ nervous system ਕਮਜ਼ੋਰ ਹੋ ਜਾਵੇ ਤਾਂ ਆਦਮੀ ਦੀ ਸੋਚ ਵਿਚ ਫਰਕ ਆ ਜਾਂਦਾ ਹੈ ਅਤੇ ਆਦਮੀ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਉਸਨੂੰ ਕੋਈ ਚੰਗਾ ਨਹੀਂ ਲਗਦਾ, ਕਿਤੇ ਜਾਣ ਨੂੰ ਉਸਦਾ ਜੀਅ ਨਹੀਂ ਕਰਦਾ, ਕਿਸੇ ਨਾਲ ਬੋਲਣ ਨੂੰ ਜੀਅ ਨਹੀਂ ਕਰਦਾ। ਅੰਦਰੋਂ ਆਪ-ਮੁਹਾਰੇ ਉਭੇ ਸਾਹ, ਲੰਬੇ ਹਉਕੇ ਆਉਂਦੇ ਹਨ। ਉਸਦੇ ਚਿਹਰੇ ਤੇ ਉਦਾਸੀ ਦੇ ਚਿੰਨ ਨਜ਼ਰ ਆਉਣ ਲਗ ਜਾਂਦੇ ਹਨ। ਸਿਆਣੇ ਡਾਕਟਰ ਦਵਾਈ ਦਿੰਦੇ ਹਨ, ਵਾਤਾਵਰਨ ਬਦਲਣ ਲਈ ਸਲਾਹ ਦਿੰਦੇ ਹਨ। ਤੀਰਥਾਂ, ਪਹਾੜਾਂ ਜਾਂ ਸਾਧੂਆਂ ਸੰਤਾਂ ਦੇ ਦਰਸ਼ਨ ਕਰਨ ਦੀ ਸਲਾਹ ਦਿੰਦੇ ਹਨ, ਉਨ੍ਹਾਂ ਰਿਸ਼ਤੇਦਾਰਾਂ ਨਾਲ ਜਿਨ੍ਹਾਂ ਦੇ

ਮਿਲਣ ਤੇ ਖੁਸ਼ੀਆਂ ਮਿਲਣ, ਉਨ੍ਹਾਂ ਨਾਲ ਮਿਲਣ-ਜੁਲਣ ਦੀ ਸਲਾਹ ਦਿੰਦੇ ਹਨ। ਰੁਝੇਵੇਂ ਭਰਿਆ ਜੀਵਨ ਗੁਜ਼ਾਰਨ ਲਈ ਆਖਦੇ ਹਨ ਅਤੇ ਦਵਾਈ ਦੇ ਕੇ ਕੁਝ ਚਿਰ ਵਿਚ ਹੀ ਉਸਨੂੰ ਰਾਜ਼ੀ ਕਰ ਦਿੰਦੇ ਹਨ। ਇਸੇ ਤਰ੍ਹਾਂ ਨਾਲ ਅਸਾਡੇ ਪੁਰਾਣੇ ਬਜ਼ੁਰਗਾਂ ਨੇ, ਜਿਹੜੇ ਦਿਨ ਰਾਤ ਜੰਗਲਾਂ ਵਿਚ ਬੈਠ ਕੇ ਅੰਦਰਲੇ ਅਤੇ ਪ੍ਰਕ੍ਰਿਤੀ ਦੇ ਅਸਰਾਂ ਦੀ ਖੋਜ ਵਿਚ ਲੱਗੇ ਰਹਿੰਦੇ ਸਨ, ਉਨ੍ਹਾਂ ਦੇ ਮਤ ਅਨੁਸਾਰ ਇਹ ਵੀ ਜਾਣਿਆਂ ਜਾਂਦਾ ਸੀ ਕਿ ਜਦੋਂ ਮਹੀਨਾ ਚੜ੍ਹਦਾ ਹੈ, ਸੂਰਜ ਆਪਣੀ ਚਾਲ ਬਦਲਦਾ ਹੈ, ਚੰਦਰਮਾ ਆਪਣੀ ਨਵੀਂ ਚਾਲ ਦਾ ਮਾਰਗ ਅਪਣਾਉਂਦਾ ਹੈ ਤਾਂ ਉਸ ਦਿਨ ਜੋ ਮਹੀਨਾ ਸ਼ੁਰੂ ਹੁੰਦਾ ਹੈ ਉਹ ਕਿਸੇ ਮਹਾਂਪੁਰਸ਼ ਦੇ ਮੁਖ ਤੋਂ ਸੁਣਿਆ ਜਾਵੇ। ਉਸ ਮਹਾਂਪੁਰਸ਼ ਦੇ ਮੁਖ ਤੋਂ ਮਹੀਨੇ ਦਾ ਨਾਉਂ ਸੁਣ ਕੇ ਨਿਸ਼ਚੇਪੂਰਵਕ ਇਹ ਸਮਝ ਜਾਂਦਾ ਸੀ ਕਿ ਮੇਰੇ ਜੋ ਆਉਣ ਵਾਲੇ ਮਹੀਨੇ ਵਿਚ ਵਿਘਨ ਹਨ, ਉਨ੍ਹਾਂ ਦੇ ਅਸਰ ਬਹੁਤ ਹੀ ਘਟ ਕੇ ਵਰਤਣੇ ਹਨ ਅਤੇ ਮਹੀਨਾ ਸੁਖ-ਸਾਂਦ ਨਾਲ ਲੰਘ ਜਾਵੇਗਾ। ਗੁਰਮਤਿ ਅਨੁਸਾਰ ਇਨ੍ਹਾਂ ਗ੍ਰੈਹਾਂ, ਦਿਨਾਂ, ਵਾਰਾਂ ਦੇ ਅਸਰਾਂ ਦੇ ਮੁਕਾਬਲੇ ਵਿਚ ਗੁਰੂ ਮਹਾਰਾਜ ਜੀ ਨੇ ਨਾਮ ਸ਼ਕਤੀ ਨਾਲ ਜੁੜਨ ਦਾ ਸਾਧਨ ਦਸਿਆ। ਨਾਮ ਨੂੰ ਹਿਰਦੇ ਵਿਚ ਵਸਾਉਣਾ ਅਤੇ ਗੁਰੂ ਦਾ ਸਰੂਪ ਹਿਰਦੇ ਵਿਚ ਧਾਰਨ ਕਰਨਾ, ਵਾਹਿਗੁਰੂ ਜੀ ਦੀ ਪ੍ਰੀਪੂਰਨਤਾ ਨਾਲ ਸਦਾ ਹੀ ਜੁੜੇ ਰਹਿਣਾ, ਉਹ ਇਕ ਕਵੱਚ ਦਸਿਆ ਜੋ ਕਿਲੇ ਦਾ ਕੰਮ ਕਰਦਾ ਹੈ, ਸੰਜੋਅ ਬਣਦਾ ਹੈ। ਨਾਮ ਜਪਣ ਵਾਲੇ ਉਪਰ ਕੋਈ ਵਿਘਨ ਹਾਵੀ ਨਹੀਂ ਹੁੰਦਾ ਜਿਵੇਂ ਕਿ ਫੁਰਮਾਨ ਹੈ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਅੰਗ - ੨੬੨*

ਅਤੇ ਇਸ ਦੇ ਮੁਕਾਬਲੇ ਵਿਚ ਜੋ ਨਾਮ ਸ਼ਕਤੀ ਨਾਲ ਜੁੜ ਨਹੀਂ ਸਕਦਾ, ਜਿਨ੍ਹਾਂ ਦੇ ਅੰਦਰ ਨਾਮ ਧੁਨ ਅਜੇ ਸੁਣਨ ਨਹੀਂ ਲੱਗੀ, ਜੋ ਵਾਹਿਗੁਰੂ ਜੀ ਦੀ ਹੋਂਦ ਤੋਂ ਅਚੇਤ ਹਨ, ਜਿਨ੍ਹਾਂ ਨੇ ਕੋਈ ਗੁਰੂ ਨਹੀਂ ਧਾਰਨ ਕਰਿਆ ਅਤੇ ਗੁਰੂ ਤੋਂ ਮੰਤਰ ਲੈ ਕੇ ਉਸ ਦਾ ਜਾਪ ਨਹੀਂ ਕਰਦੇ ਅਤੇ ਨਾਮ ਦੀ ਪਰੀਪੂਰਨਤਾ ਉਤੇ ਵਿਸ਼ਵਾਸ਼ ਨਹੀਂ ਰਖਦੇ, ਉਨ੍ਹਾਂ ਨੂੰ ਦਿਨ, ਵਾਰ, ਮਹੀਨੇ, ਗ੍ਰਹਿ ਆਪਣਾ ਅਸਰ ਹਰ ਹਾਲਤ ਵਿਚ ਦਿਖਾਉਂਦੇ ਹਨ। ਉਹ ਜਤਨ ਕਰਦਾ ਹੈ ਪਰ ਵਿਘਨਾਂ ਦਾ ਉਭਾਰ ਉਸਦੀ ਪੇਸ਼ ਨਹੀਂ ਜਾਣ ਦਿੰਦਾ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ -

*ਕੋਟਿ ਬਿਘਨ ਤਿਸੁ ਲਾਗਤੇ*
*ਜਿਸ ਨੋ ਵਿਸਰੈ ਨਾਉ॥*
*ਨਾਨਕ ਅਨਦਿਨੁ ਬਿਲਪਤੇ*
*ਜਿਉ ਸੁੰਞੈ ਘਰਿ ਕਾਉ॥* *ਅੰਗ - ੫੨੪*

ਇਸ ਤਰ੍ਹਾਂ ਦੇ ਭੁੱਲਣ ਨਾਲ ਵਿਘਨ ਬਿਆਪ ਜਾਂਦੇ ਹਨ। ਜਦੋਂ ਵਾਹਿਗੁਰੂ ਜੀ ਦਾ ਨਾਮ ਹਿਰਦੇ ਵਿਚ ਵਸ ਜਾਵੇ ਤਾਂ ਗੁਰੂ ਮਹਾਰਾਜ ਫੁਰਮਾਉਂਦੇ ਹਨ -

*ਰਾਮੁ ਜਪਹੁ ਵਡਭਾਗੀਹੋ*
*ਜਲਿ ਥਲਿ ਪੂਰਨੁ ਸੋਇ॥*
*ਨਾਨਕ ਨਾਮਿ ਧਿਆਇਐ*
*ਬਿਘਨੁ ਨ ਲਾਗੈ ਕੋਇ॥* *ਅੰਗ - ੫੨੪*

ਸ਼ੋਕ ਦੇ ਪਰਛਾਵੇਂ ਦੂਰ ਹੋ ਜਾਂਦੇ ਹਨ। ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਸੁਖ, ਸਹਿਜ ਤੇ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਥੋਂ ਤਕ ਕਿ ਨਾਮ ਜਪਣ ਦੇ ਨਾਲ ਜੰਮਣਾ ਤੇ ਮਰਨਾ ਖਤਮ ਹੋ ਜਾਂਦਾ ਹੈ। ਵਾਹਿਗੁਰੂ ਜੀ ਵਿਚ ਨਾਮੀ ਦਾ ਵਾਸਾ ਹੋ ਜਾਂਦਾ ਹੈ ਜਿਸ ਬਾਰੇ ਫੁਰਮਾਨ ਹੈ -

*ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ॥*
*ਇਛ ਪੁੰਨੀ ਮਨਿ ਆਸ ਗਏ ਵਿਸੂਰਿਆ॥*
*ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ॥*
*ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ॥*
*ਸੂਖ ਸਹਜ ਆਨੰਦ ਵੁਠੇ ਤਿਤੁ ਘਰਿ॥*
*ਆਵਣ ਜਾਣ ਰਹੇ ਜਨਮੁ ਨ ਤਹਾ ਮਰਿ॥*
*ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ॥*
*ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ॥*
*ਅੰਗ - ੫੨੪*

ਸੋ ਗੁਰਮਤਿ ਸਿਧਾਂਤ ਦੇ ਮੁਤਾਬਿਕ ਗ੍ਰਹਿ, ਵਾਰ, ਥਿਤਾਂ ਉਸ ਜੀਵਨ ਉਪਰ ਆਪਣਾ ਅਸਰ ਕਰਦੀਆਂ ਹਨ ਜਿਹੜੇ ਪ੍ਰਮੇਸ਼ਰ ਦੇ ਨਾਮ ਨਾਲੋਂ ਟੁੱਟੇ ਹੋਏ ਹਨ। ਜਿਸ ਦੇ ਹਿਰਦੇ ਵਿਚ ਨਾਮ ਵਸ ਗਿਆ ਉਸ ਨੂੰ ਜੋ ਬਰਕਤਾਂ ਪ੍ਰਾਪਤ ਹੁੰਦੀਆਂ ਹਨ, ਉਹਦੇ ਬਾਰੇ ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਵਿਚ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ। ਉਸ ਅਸ਼ਟਪਦੀ ਨੂੰ ਵਿਚਾਰਨ ਦੀ ਖੇਚਲ ਕਰੋ। ਅਸੀਂ ਇਸ ਥਾਂ ਜੋਤਸ਼ ਵਿਦਿਆ ਨੂੰ ਗਲਤ ਨਹੀਂ ਆਖਦੇ। ਉਹ ਇਕ ਵਿਦਿਆ ਹੈ, ਹਿਸਾਬ ਹੈ ਜੋ ਕਿਸੇ ਸਮੇਂ ਪੂਰੀ ਤਰ੍ਹਾਂ ਨਾਲ ਖੋਜੀ ਦੇ ਹਿਰਦੇ ਵਿਚ ਗਿਆਤ ਰਖਦੀ ਸੀ ਪਰ ਸਮੇਂ ਦੇ ਫੇਰ ਨਾਲ ਉਹ ਵਿਦਿਆ ਦੀ ਸੂਝ ਵੀ ਅਧੂਰੀ ਹੋ ਗਈ, ਉਸਨੂੰ ਵੀ computrise ਕਰ ਦਿਤਾ ਗਿਆ ਅਤੇ ਛਪੇ ਛਪਾਏ ਪਰਚੇ ਜੋਤਸ਼ੀ ਲੋਕ computer ਦਾ ਬਟਨ ਦੱਬ ਕੇ ਹੱਥ ਵਿਚ ਫੜਾ ਦਿੰਦੇ ਹਨ। ਇਥੇ ਅਸਾਡੇ ਸਾਮ੍ਹਣੇ ਮਸਲਾ ਇਹ ਨਹੀਂ ਹੈ ਕਿ ਅਸੀਂ ਜੋਤਸ਼ ਵਿਦਿਆ ਉਤੇ ਕੋਈ ਕਿੰਤੂ ਕਰੀਏ ਜਾਂ ਉਸਨੂੰ support (ਸਮਰੱਥਨ) ਕਰੀਏ। ਗੁਰਮਤਿ ਦਾ ਜੋ ਸਿਧਾਂਤ ਹੈ ਉਹ ਇਹ ਹੈ ਕਿ ਨਾਮ ਜਪਣ ਵਾਲੇ ਨੂੰ ਵਿਘਨਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਉਸਦੀਆਂ ਮਨ ਦੀਆਂ ਸ਼ੁਭ ਵਾਸ਼ਨਾਵਾਂ ਪੂਰੀਆਂ ਹੁੰਦੀਆਂ ਹਨ -

*ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥*
*ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥*
*ਅੰਗ - ੨੬੨*

ਨਾਮ ਜਪਣ ਵਾਲਾ ਨਾਮ ਦੇ ਆਸਰੇ ਆਪਣੀ ਕਿਸਮਤ ਬਦਲ ਲੈਂਦਾ ਹੈ ਅਤੇ ਜਿਸ ਚੀਜ਼ ਨੂੰ ਉਹ ਪ੍ਰਭੂ ਤੋਂ ਮੰਗਦਾ ਹੈ, ਉਹ ਉਸਨੂੰ ਪ੍ਰਾਪਤ ਹੋ ਜਾਂਦੀ ਹੈ ਕਿਉਂਕਿ ਗੁਪਤ ਸ਼ਕਤੀਆਂ ਉਸਦੀ ਆਗਿਆ ਵਿਚ ਚਲ ਕੇ ਆਪਣਾ ਭਲਾ ਮਨਾਉਂਦੀਆਂ ਹਨ ਜਿਸ ਤਰ੍ਹਾਂ ਕਿ -

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - ੬੪੯*

ਅਤੇ

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥ ਅੰਗ- ੭੧੪*

ਸੋ ਅਸਾਡਾ ਜਿਥੇ ਤਕ ਸਬੰਧ ਹੈ ਅਸੀਂ ਵਿਸ਼ਵਾਸ਼ ਰਖਦੇ ਹਾਂ ਕਿ ਨਾਮ ਜਪਣ ਦੇ ਨਾਲ ਅਸਾਡੇ ਜੀਵਨ ਦੀ ਚਾਲ ਸੁਖਾਲੀ ਚਲਦੀ ਰਹੇਗੀ। ਗ੍ਰੈਹਾਂ ਦਾ ਡਰ ਅਸਾਨੂੰ ਨਹੀਂ ਸੰਤਾਵੇਗਾ ਅਤੇ ਨਾ ਹੀ ਅਸਾਡੇ ਉਪਰ ਅਸਰ ਕਰੇਗਾ। ਅਸਾਨੂੰ ਗੁਰੂ ਮਹਾਰਾਜ ਜੀ ਨੇ ਅਨੇਕ ਕਿਸਮ ਦੇ ਗ੍ਰਹਿ-ਦਾਨਾਂ, ਬ੍ਰਤਾਂ, ਵਾਰਨਿਆਂ, ਟੂਨਿਆਂ-ਜਾਦੂਆਂ ਤੋਂ ਛੁਟਕਾਰਾ ਦਿਵਾ ਦਿਤਾ। ਅਸਾਡੇ ਵਾਸਤੇ ਮਹੀਨੇ ਦਾ ਨਾਮ ਕਿਸੇ ਪਵਿੱਤਰ ਵਿਅਕਤੀ ਤੋਂ ਸੁਣਨਾ ਜਾਂ ਨਾ ਸੁਣਨਾ ਕੋਈ ਬਹੁਤ ਅਸਰਦਾਇਕ ਨਹੀਂ ਹੈ ਕਿਉਂਕਿ ਗੁਰਸਿੱਖ ਦੇ ਹਿਰਦੇ ਵਿਚ ਸਦਾ ਹੀ ਵਾਹਿਗੁਰੂ ਜੀ ਦੀ ਪਵਿੱਤਰ ਹਸਤੀ ਦਾ ਨਿਵਾਸ ਰਹਿੰਦਾ ਹੈ। ਉਹ ਸਤਿ ਚਿਤ ਐਨਰਜੀ ਆਪਣੇ ਪਿਆਰੇ ਦੇ ਚਾਰੇ ਪਾਸੇ ਰਾਮ ਕਾਰ ਖਿਚ ਕੇ ਰਖਦੀ ਹੈ। ਉਸਨੂੰ ਕੋਈ ਤੱਤੀ ਹਵਾ ਦਾ ਝੋਲਾ, ਦੁਖ ਨਹੀਂ ਦੇ ਸਕਦਾ -

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ*
*ਦੁਖੁ ਲਗੈ ਨ ਭਾਈ॥*
*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥*
*ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥*
*ਰਾਖਿ ਲੀਏ ਤਿਨਿ ਰਖਨਹਾਰਿ*
*ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥*
*ਅੰਗ - ੮੧੯*

ਗੁਰੂ ਦਸ਼ਮੇਸ਼ ਪਿਤਾ ਜੀ ਗੁਰੂ ਨਾਲ ਜੁੜੇ ਹੋਏ ਜਗਿਆਸੂ ਉਪਰ ਗੁਰੂ ਦੀ ਕ੍ਰਿਪਾ ਦਾ ਵੇਰਵਾ ਦਿੰਦੇ ਹੋਏ ਫੁਰਮਾਨ ਕਰਦੇ ਹਨ -

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*
*(ਅਕਾਲ ਉਸਤਤਿ)*

ਗੁਰੂ ਸ਼ਕਤੀ, ਵਾਹਿਗੁਰੂ ਸ਼ਕਤੀ ਜੋ ਇਕੋ ਰੂਪ ਹਨ, ਜਿਨ੍ਹਾਂ ਦੇ ਦੁਆਲੇ ਇਨ੍ਹਾਂ ਸ਼ਕਤੀਆਂ ਦੀ ਕਾਰ ਹੋ ਜਾਂਦੀ ਹੈ, ਉਹ ਵਿਘਨਾਂ ਤੋਂ ਰਹਿਤ ਹੋ ਜਾਇਆ ਕਰਦੇ ਹਨ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਬਾਰਹਮਾਹ ਦਾ ਉਚਾਰਨ ਇਸ ਕਰਕੇ ਨਹੀਂ ਕੀਤਾ ਕਿ ਮਹੀਨੇ ਦਾ ਨਾਮ ਕੋਈ ਭਲਾ ਪੁਰਸ਼ ਸੰਗਤ ਨੂੰ ਸੁਣਾਵੇ, ਇਸ ਦੇ ਵਿਪਰੀਤ ਬਾਰਾਮਾਂਹ ਇਕ ਗੂੜ੍ਹ ਫਿਲਾਸਫੀ ਹੈ, ਇਕ ਜੀਵ ਦੀ ਪ੍ਰਮ ਪਦ ਤਕ ਪਹੁੰਚਣ ਦੀ ਤਾਂਘ ਹੈ। ਜਗਿਆਸੂਆਂ ਲਈ ਗਾਡੀ ਰਾਹ ਮਾਰਗ ਹੈ, ਜਿਸਨੂੰ ਸਨੇ-ਸਨੇ ਹਰ ਮਹੀਨੇ ਵਿਚਾਰਦੇ ਹੋਏ, ਅਸੀਂ ਆਖਰੀ ਮਹੀਨੇ ਵਿਚ -

*ਫਲਗੁਣਿ ਅਨੰਦ ਉਪਾਰਜਨਾ*
*ਹਰਿ ਸਜਣ ਪ੍ਰਗਟੇ ਆਇ॥ ਅੰਗ - ੧੩੬*

ਦੇ ਮਹਾਨ ਬਰਕਤਾਂ ਭਰੇ ਮਿਲਾਪ ਵਿਚ ਪਹੁੰਚ ਕੇ ਦੋ ਤੋਂ ਇਕ ਰੂਪ ਹੋ ਸਕਦੇ ਹਾਂ। ਸੋ ਬਾਰਹਮਾਹ ਦੀ ਵਿਚਾਰ ਮਹੀਨੇ ਵਾਰੀ ਸੁਣਨੀ ਫੇਰ ਮਹੀਨਾ ਭਰ ਅੰਤਰੰਗ ਸੰਗਤ ਕਰਨੀ, ਹੌਲੀ-ਹੌਲੀ ਅਮੋੜ ਮਨ ਨੂੰ ਨਾਮ ਵਿਚ ਲਾ ਕੇ ਬੈਰਾਗ ਰਾਹੀਂ ਪ੍ਰਭੂ ਦੇ ਪਿਆਰ ਵਿਚ ਜੋੜਨਾ ਅਤੇ ਪ੍ਰਭੂ ਮਿਲਾਪ ਵਿਚ ਪੁਜ ਕੇ ਦ੍ਵੈ ਤੋਂ ਇਕ ਰੂਪ ਵਿਚ ਹੋ ਜਾਣਾ, ਇਹ ਉਦੇਸ਼ ਹੈ - ਬਾਰਹਮਾਹ ਦਾ।

ਸੋ ਆਪ ਜੀ 12 ਮਹੀਨਿਆਂ ਦੇ ਨਾਲ ਪਹਿਲਾਂ ਵੀ ਗੁਰ ਸ਼ਬਦ ਰਾਹੀਂ ਮੰਤਵ ਪ੍ਰਗਟ ਕਰਦੇ ਹਨ ਅਤੇ ਬਾਰਾਂ ਮਹੀਨਿਆਂ ਦੇ ਉਪਦੇਸ਼ ਵਿਚੋਂ ਲੰਘਣ ਉਪਰੰਤ ਆਪ ਫੁਰਮਾਨ ਕਰਦੇ ਹਨ ਕਿ -

*ਜਿਨਿ ਜਿਨਿ ਨਾਮੁ ਧਿਆਇਆ*
*ਤਿਨ ਕੇ ਕਾਜ ਸਰੇ॥ ਅੰਗ - ੧੩੬*

ਇਹ ਫਲ ਦਸਦੇ ਹਨ - ਇਸ ਲੰਮੀ ਵਿਚਾਰ ਨੂੰ ਹਿਰਦੇ ਵਿਚ ਧਾਰਨ ਕਰਨ ਦਾ। ਜਿਨ੍ਹਾਂ ਨੇ ਪੂਰੇ ਗੁਰੂ ਨੂੰ ਅਰਾਧਿਆ ਹੈ ਉਹ ਦਰਗਾਹ ਵਿਚ ਖੋਟੇ ਨਹੀਂ ਕਹੇ ਜਾਣਗੇ, ਖਰੇ ਕਹੇ ਜਾਣਗੇ ਅਤੇ ਸੁਖਾਂ ਦਾ ਖਜ਼ਾਨਾ ਉਨ੍ਹਾਂ ਨੂੰ ਪ੍ਰਾਪਤ ਹੋ ਜਾਂਦਾ ਹੈ; ਜਿਨ੍ਹਾਂ ਨੇ ਵਾਹਿਗੁਰੂ ਜੀ ਦੇ ਚਰਨਾਂ ਦੀ ਸ਼ਰਨ ਲੈ ਲਈ, ਉਨ੍ਹਾਂ ਨੇ ਪ੍ਰੇਮਾ ਭਗਤੀ ਪਾ ਲਈ। ਮਾਇਆ ਦੀ ਸੜਨ ਵਿਚ ਨਹੀਂ ਸੜੇ, ਉਨ੍ਹਾਂ ਦੀ ਕੂੜ ਦੀ ਹਉਮੈ ਰੂਪੀ ਦੀਵਾਰ ਤੇ ਦੁਬਿਧਾ ਦਾ ਨਾਸ਼ ਹੋ ਗਿਆ ਅਤੇ ਪੂਰਨ ਸੱਚ ਵਿਚ ਆਪਣੀ ਹਉਂ ਛੱਡ ਕੇ ਸਮਾਅ ਗਏ। ਇਹ ਪ੍ਰਾਪਤੀ ਉਨ੍ਹਾਂ ਨੂੰ ਹੀ ਹੁੰਦੀ ਹੈ ਜਿਨ੍ਹਾਂ ਉਤੇ ਗੁਰੂ ਦੀ ਮਿਹਰ ਹੋ ਜਾਂਦੀ

ਹੈ; ਵਾਹਿਗੁਰੂ ਜੀ ਦੀ ਨਦਰ ਹੋ ਜਾਵੇ ਫਿਰ –

***ਮਾਹ ਦਿਵਸ ਮੂਰਤ ਭਲੇ***
***ਜਿਸ ਕਉ ਨਦਰਿ ਕਰੇ॥***
***ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥***
***ਅੰਗ – ੧੩੬***

ਕਹਿ ਕੇ ਆਪ ਇਸ ਲੰਮੀ ਫਿਲਾਸਫੀ ਵਿਚ ਆਏ ਸਿਧਾਂਤਾਂ ਵਲ ਧਿਆਨ ਦਿਵਾਉਂਦੇ ਹਨ। ਬਾਰਹਮਾਹ ਦੇ ਆਰੰਭਕ ਸ਼ਬਦ ਵਿਚ ਫੁਰਮਾਨ ਕਰਦੇ ਹਨ–

***ਕਿਰਤਿ ਕਰਮ ਕੇ ਵੀਛੁੜੇ***
***ਕਰਿ ਕਿਰਪਾ ਮੇਲਹੁ ਰਾਮ॥ ਅੰਗ – ੧੩੩***

ਸੰਸਾਰ ਦੀ ਰਚਨਾ ਦੇ ਅਰੰਭ ਵਿਚ ਵਾਹਿਗੁਰੂ ਜੀ ਆਪਣੇ ਆਪ ਤੋਂ ਹੀ ਅਨੇਕ ਹੋਏ ਹੋਏ ਹਨ। ਏਕੰਕਾਰ ਦੀ ਸਾਕਾਰਤਾ ਧਾਰਨ ਕਰਨ ਉਪਰੰਤ ਹੁਕਮ ਦੀ ਕ੍ਰਿਆ ਚੱਲੀ, ਇਸ ਹੁਕਮ ਦੇ ਅਧੀਨ ਖੰਡਾਂ-ਬ੍ਰਹਿਮੰਡਾਂ, ਤੱਤਾਂ, ਦੇਵੀ ਦੇਵਤਿਆਂ, ਸੂਖਮ ਅਸਥੂਲ, ਜਗਤ ਦੀ ਉਤਪਤੀ ਹੋਈ। ਇਸ ਧਰਤੀ ਵਿਚ ਚਾਰ ਜੀਵਤ ਖਾਣੀਆਂ ਨੇ ਜੀਵਨ ਸਫਰ ਸ਼ੁਰੂ ਕੀਤਾ ਜਿਨ੍ਹਾਂ ਨੂੰ ਅੰਡਜ, ਜੇਰਜ, ਸੇਤਜ, ਉਤਭੁਜ ਕਿਹਾ ਜਾਂਦਾ ਹੈ। ਪ੍ਰਭੂ ਹੁਕਮ ਵਿਚ ਹੀ ਸਾਰੇ ਆਕਾਰ ਵਜੂਦ ਵਿਚ ਆਏ ਅਤੇ ਉਸੇ ਹੁਕਮ ਅਨੁਸਾਰ ਅਨੰਤ ਚਿਤਾਂ ਵਿਚ ਜਾਗ੍ਰਤ ਅਨੁਭਵ ਹੋਈ, ਜਿਸ ਤੋਂ ਉਹ ਨਿਰੰਕਾਰੀ ਕਿਰਨ ਜਾਂ ਨਿਰੰਕਾਰੀ ਚੇਤਨ ਬੂੰਦ, ਪ੍ਰਕ੍ਰਿਤੀ ਨਾਲ ਮਿਲ ਕੇ ਸਰੀਰ ਧਾਰਨ ਕਰਕੇ ਵਾਤਾਵਰਣ ਦੇ ਅਨੁਕੂਲ ਪ੍ਰਕ੍ਰਿਤੀ ਦੇ ਤਿੰਨ ਗੁਣ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਅਧੀਨ ਕ੍ਰਿਆਸ਼ੀਲ ਹੋਈ, ਜਿਨ੍ਹਾਂ ਨੂੰ ਜੀਵ ਦੀ ਉਪਾਧੀ ਮਿਲੀ –

***ਹੁਕਮੀ ਹੋਵਨਿ ਆਕਾਰ***
***ਹੁਕਮੁ ਨ ਕਹਿਆ ਜਾਈ॥***
***ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥***
***ਅੰਗ – ੧***

ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਇਸ ਜਾਗ੍ਰਤ ਜੋਤ ਦੇ ਪ੍ਰਕ੍ਰਿਤੀ ਨਾਲ ਪ੍ਰਤੀਬਿੰਬਤ ਮਿਲਾਪ ਦੇ ਕਾਰਨ ਜੜ੍ਹ ਚਿਤ ਵਿਚ ਚੇਤਨਤਾ ਉਤਪੰਨ ਹੋਈ ਅਤੇ ਉਸਨੇ ਆਪਣੇ ਆਪ ਦੀ ਹੋਂਦ ਨੂੰ ਵਿਕਲੋਤਰੀ ਅਨੁਭਵ ਕੀਤਾ। ਇਸ ਅਸਰ ਨੂੰ ਹਉਮੈ ਦਾ ਨਾਮ ਦਿਤਾ ਗਿਆ। ਹਉਮੈ ਤੇ ਹੁਕਮ ਦੋਵੇਂ ਸ਼ਕਤੀਆਂ ਪ੍ਰਭੂ ਦੀਆਂ ਹਨ। ਹਉਮੈ ਤੱਤ ਨੇ ਅਕਾਸ਼ ਦੀ ਨਿਰਮਲ ਚੇਤਨਤਾ ਨੂੰ ਪ੍ਰਕ੍ਰਿਤੀ ਦੇ ਨਾਲ ਮਿਲਾ ਦਿਤਾ, ਪ੍ਰਮੇਸ਼ਰ ਨਾਲੋਂ ਵਿਯੋਗ ਕਰ ਦਿਤਾ।

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ।॥***
***ਬਿਨੁ ਸੰਗਤਿ ਇਉ ਮਾਂਨਈ***
***ਹੋਇ ਗਈ ਭਠ ਛਾਰ॥ ਅੰਗ – ੧੩੭੪***

ਵਾਹਿਗੁਰੂ ਜੀ ਨਾਲੋਂ ਟੁੱਟ ਕੇ ਜੋਤ ਆਪਣੇ ਆਪ ਨੂੰ ਪ੍ਰਕ੍ਰਿਤੀ ਹੀ ਸਮਝਣ ਲੱਗੀ। ਅਨੰਤ ਨਾਲੋਂ ਵਖਰੀ ਹੋ ਕੇ ਇਹ ਉਤਮ ਜੋਤ ਜੀਵ ਕਹਾਈ। ਪੰਜ ਪੜਦੇ ਇਸਦੇ ਉਤੇ ਲਿਪਟ ਗਏ। ਪਹਿਲਾ ਪੜਦਾ ਅਨੰਦ ਦਾ ਸੀ ਜਿਸ ਵਿਚ ਅਗਿਆਨ ਦੀ ਉਤਪਤੀ ਹੋ ਕੇ ਆਪਣੀ ਵਖਰੀ ਸੋਝੀ ਦਾ ਗਿਆਨ ਹੋਇਆ, ਇਸਨੂੰ ਅਨੰਦਮਈ ਕੋਸ਼ ਕਿਹਾ ਜਾਂਦਾ ਹੈ। ਪ੍ਰਕ੍ਰਿਤੀ ਦੇ ਧੱਕੇ ਨਾਲ ਇਹੋ ਚੇਤਨ ਸਤ੍ਹਾ ਹੇਠਾਂ ਤਿਲ੍ਹਕੀ ਅਤੇ ਉਸ ਵਿਚ ਨਿਰਨਾ ਸ਼ਕਤੀ ਪੈਦਾ ਹੋਈ ਜਿਸਨੂੰ ਵਿਗਿਆਨਮਈ ਕੋਸ਼ ਕਿਹਾ ਜਾਂਦਾ ਹੈ। ਇਸ ਅਵਸਥਾ ਵਿਚੋਂ ਫੇਰ ਧੱਕਾ ਲੱਗਿਆ, ਹੋਰ ਹੇਠਾਂ ਸਰਕਣਾ ਪਿਆ। ਫੁਰਨਿਆਂ ਦੇ ਮੰਡਲ ਵਿਚ ਘਿਰ ਗਈ, ਅਨੇਕ ਕਿਸਮ ਦੇ ਫੁਰਨੇ, ਅਨੇਕ ਕਿਸਮ ਦੀਆਂ ਰਚਨਾਵਾਂ ਦਾ ਅਨੁਭਵ ਇਸ ਦੀ ਸੁਰਤ ਨੂੰ ਘੇਰ ਰਿਹਾ ਸੀ। ਇਸ ਅਵਸਥਾ ਵਿਚੋਂ ਉਸੇ ਪ੍ਰਮ ਜੋਤ ਦੀ ਬੂੰਦ ਨੂੰ ਮਨੋਮਈ ਕੋਸ਼ ਨੇ ਪੂਰੀ ਤਰ੍ਹਾਂ ਨਾਲ ਆਪਣੀ ਵਲਗਣ ਵਿਚ ਲੈ ਲਿਆ। ਹੋਰ ਧੱਕਾ ਖਾਧਾ, ਇਹੀ ਸੂਖਸ਼ਮ ਤੱਤ, ਪ੍ਰਾਣ ਸ਼ਕਤੀ ਨਾਲ ਮਿਲ ਗਿਆ। ਪ੍ਰਕ੍ਰਿਤੀ ਵਿਚੋਂ ਤੱਤ ਲੈ ਕੇ ਇਹ ਪ੍ਰਾਣ ਵਿਚੋਂ ਹੋਰ ਹੇਠਾਂ ਸਰਕਿਆ ਅਤੇ ਪੰਜਾਂ ਤੱਤਾਂ ਵਿਚ ਮਿਲ ਕੇ ਇਕ ਨਵੀਂ ਸ਼ਕਲ, ਨਵਾਂ ਰੂਪ ਵੇਖਿਆ। ਇਹ ਰੂਪ ਉਡਾਰੀਆਂ ਨਹੀਂ ਮਾਰ ਸਕਦਾ ਸੀ। ਇਹ ਰੂਪ ਬੰਧਨ ਵਿਚ ਸੀ, ਵਾਤਾਵਰਨ ਦੇ ਮੁਤਾਬਿਕ ਇਹ ਸੁਰਤ ਬੰਧਨਾਂ ਵਿਚ ਲਿਪਟ ਗਈ ਅਤੇ ਇਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਕੇ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲਗ ਗਈ। ਇਸ ਨੂੰ ਹੀ 'ਮੈਂ' ਆਖਣ ਲਗਿਆ। ਲੱਖ ਜਤਨ ਕਰਨ ਤੇ ਵੀ ਇਹ ਆਪਣੇ ਅਸਲੀ ਸਰੂਪ ਨੂੰ ਨਹੀਂ ਜਾਣਦਾ। ਇਸ ਜੀਵ ਦਾ ਮੌਲਿਕ ਸਰੂਪ ਪੂਰੀ ਤਰ੍ਹਾਂ ਅਗੰਮ, ਅਚਾਹ ਨਿਰਲੇਪ ਹੈ। ਕੇਵਲ ਉਸ ਦਾ ਪ੍ਰਤੀਬਿੰਬ ਸ਼ਕਤੀ ਸਮੇਤ, ਸੂਝ ਸਮੇਤ ਹੇਠਾਂ ਤਿਲ੍ਹਕਿਆ ਅਤੇ ਸਰੀਰ ਬਣ ਗਿਆ। ਇਸਨੂੰ ਇਹ ਪਤਾ ਭੁੱਲ ਗਿਆ ਕਿ ਪਹਿਲੀ ਅਵਸਥਾ ਵਿਚ ਜਦੋਂ ਮੈਨੂੰ ਆਤਮ ਮੰਡਲ ਵਿਚੋਂ ਪ੍ਰਕ੍ਰਿਤੀ ਨੇ ਧੂਹਿਆ ਅਤੇ ਆਤਮਾ ਦਾ ਪ੍ਰਤੀਬਿੰਬ ਜਾਗ੍ਰਤ ਦੇ ਕੇ ਅਨੰਦ ਕਹਾਇਆ, ਉਸ ਵੇਲੇ ਇਸ ਦੀ ਉਪਾਧੀ ਜੀਵ ਦੀ ਹੋ ਗਈ। ਜੋ ਅਨੰਦਮਈ ਕੋਸ਼ ਵਿਚ ਘਿਰੀ ਹੌਲੀ-ਹੌਲੀ ਅਨੰਦਮਈ ਕੋਸ਼ ਵਿਚ ਫਸ ਕੇ ਆਪਣਾ ਸਰੂਪ ਭੁਲ ਗਈ। ਸਰੂਪ ਤਾਂ ਇਸ ਦਾ ਆਤਮਾ ਸੀ ਪਰ ਇਹ ਹਉਮੈ ਦੇ ਅਸਰ ਵਿਚ ਆ ਕੇ ਆਪਣੀ ਸੁਰਤ ਗੁਆ ਬੈਠਿਆ। ਆਪਣੇ ਆਪ ਨੂੰ ਵਾਹਿਗੁਰੂ ਤੋਂ ਵੱਖਰਾ ਜੀਵ ਸਮਝਣ ਲਗ ਗਿਆ। ਇਹ ਜੀਵ ਸਰੀਰ ਨਾਲ ਮਿਲ ਕੇ ਆਪਣੇ ਆਪ ਨੂੰ ਸਰੀਰ ਅਤੇ ਸਰੀਰ ਦਾ ਹੀ ਰੱਖਿਆ ਹੋਇਆ ਨਾਮ ਸਮਝਣ ਲਗ ਗਿਆ। ਇਸ ਸਰੀਰ ਵਿਚ ਆ ਕੇ ਆਪਣੇ ਆਪ ਨੂੰ ਸਰੀਰ ਸਮਝ ਕੇ ਇਸਨੇ ਚੰਗੇ ਤੇ ਮੰਦੇ ਕਰਮ ਕਰਨੇ ਸ਼ੁਰੂ ਕਰ ਦਿਤੇ, ਇਕਨਾਂ ਨੂੰ ਸ਼ੁਭ ਕਰਮ ਆਖਿਆ ਜਾਂਦਾ ਹੈ, ਇਕਨਾਂ ਨੂੰ ਅਸ਼ੁਭ ਕਰਮ ਆਖਿਆ

ਜਾਂਦਾ ਹੈ। ਜੀਵ ਦੇ ਬੰਨ੍ਹਣ ਵਾਸਤੇ ਦੋਵੇਂ ਹਥਕੜੀਆਂ ਹਨ; ਇਕ ਸੋਨੇ ਦੀ ਹਥਕੜੀ ਹੈ, ਦੂਸਰੀ ਲੋਹੇ ਦੀ ਹੈ। ਸੋਨੇ ਦੀ ਹਥਕੜੀ ਇਸਨੂੰ ਘੁਮੇਟਣੀਆਂ ਦਿੰਦੀ ਸਵਰਗ ਲੋਕਾਂ ਵਿਚ ਨਿਵਾਸ ਕਰਾ ਦਿੰਦੀ ਹੈ ਅਤੇ ਲੋਹੇ ਦੀ ਹਥਕੜੀ ਇਸਨੂੰ ਨਰਕਾਂ ਵਿਚ ਸੁਟ ਦਿੰਦੀ ਹੈ। ਇਸ ਦੀ ਸੁਰਤ ਨੂੰ ਹੇਠਾਂ ਹੋਰ ਧੱਕਾ ਮਾਰ ਕੇ ਪਸ਼ੂਆਂ, ਪੰਛੀਆਂ, ਨਖਿਧ ਜੂਨੀਆਂ ਦੇ ਸਰੀਰ ਧਾਰਨ ਕਰਾ ਦਿੰਦੀ ਹੈ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥*
*ਅੰਗ - ੧੭੬*

ਸੋ ਇਸ ਤਰ੍ਹਾਂ ਨਾਲ ਇਹ ਨਿਰਮਲ ਬੂੰਦ ਆਤਮ ਤੱਤ ਦੀ ਕਰਮਾਂ ਦੀ ਬੰਨ੍ਹੀ ਹੋਈ ਘੁਮੇਟਣੀਆਂ ਖਾਂਦੀ ਹੈ ਅਤੇ ਅਣਗਿਣਤ ਸਮੇਂ ਤੋਂ ਇਸਦਾ ਵਾਹਿਗੁਰੂ ਜੀ ਨਾਲੋਂ ਵਿਜੋਗ ਹੋ ਗਿਆ। ਇਹ ਓਨੀਂ ਦੇਰ ਤਕ ਟਿਕਾਓ ਵਿਚ ਨਹੀਂ ਆ ਸਕਦੀ ਜਦੋਂ ਤਕ ਇਸਦਾ ਮਿਲਾਪ ਵਾਹਿਗੁਰੂ ਜੀ ਨਾਲ ਨਹੀਂ ਹੁੰਦਾ। ਇਸ ਜੀਵ ਨੇ ਆਪਣੀ ਭਟਕਣਾ ਦਾ ਅਨੁਭਵ ਕੀਤਾ ਅਤੇ ਭਟਕਣਾਂ ਵਿਚ ਮਹਿਸੂਸ ਕੀਤਾ ਕਿ ਜਿੰਨੀਆਂ ਉਡਾਰੀਆਂ ਮੈਂ ਮਾਰਦਾ ਹਾਂ ਓਨੇ ਹੀ ਦੁਖ ਮੇਰੇ ਸਾਮ੍ਹਣੇ ਆ ਜਾਂਦੇ ਹਨ ਜਿਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਪੰਖੀ ਬਿਰਖ ਸੁਹਾਵੜੇ*
*ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ*
*ਨਿਤ ਦਾਝਹਿ ਤੈ ਬਿਲਲਾਹਿ॥ ਅੰਗ - ੬੬*

ਇਹ ਮਾਇਆ ਦੇ ਜਾਲ ਵਿਚ ਪੂਰੀ ਤਰ੍ਹਾਂ ਨਾਲ ਫਸ ਗਿਆ। ਹੁਣ ਨਿਕਲਣ ਦਾ ਸਾਧਨ ਇਸਨੂੰ ਨਹੀਂ ਕੋਈ ਦਿਸਦਾ -

*ਮਾਇਆ ਜਾਲੁ ਪਸਾਰਿਆ*
*ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ*
*ਨਿਕਸੁ ਨ ਪਾਏ ਮਾਇ॥ ਅੰਗ - ੫੦*

ਸੋ ਇਹ ਹੈ ਇਤਿਹਾਸ, ਇਹ ਹੈ ਸਫਰ ਉਸ ਨਿਰਮਲ ਬੂੰਦ ਦਾ; ਜੋ ਪ੍ਰਕ੍ਰਿਤੀ ਨਾਲ ਰਲ ਕੇ ਆਪਣੇ ਆਪ ਨੂੰ ਪ੍ਰਕ੍ਰਿਤੀ ਦਾ ਅੰਸ਼ ਸਮਝਣ ਲਗ ਗਈ। ਇਸਨੂੰ ਮਨੁੱਖ ਦਾ ਸਰੀਰ ਪ੍ਰਾਪਤ ਹੋਇਆ, ਆਪਣੀ ਦੁਰਦਸ਼ਾ ਦੀ ਸੋਝੀ ਹੋਈ ਅਤੇ ਇਹ ਪਤਾ ਲਗਿਆ ਕਿ ਮੇਰੀ ਭਟਕਣਾ ਪ੍ਰਭੂ ਦੀ ਸੋਝੀ ਆਏ ਬਿਨਾਂ ਨਹੀਂ ਹਟ ਸਕਣੀ। ਰੋ-ਰੋ ਕੇ ਪੁਕਾਰਾਂ ਕਰਨ ਲੱਗਿਆ, ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ, ਮੈਨੂੰ ਆਪਣੀ ਦਰਗਾਹ ਵਿਚ ਵਾਸਾ ਦੇਹ, ਮੇਰੀ 'ਮੈਂ' ਨੂੰ ਪੂਰੀ ਤਰ੍ਹਾਂ ਮਿਟਾ ਦੇ, ਇਸ 'ਮੈਂ' ਨੇ ਧੋਖੇ ਦਿਤੇ ਹਨ, ਇਸ 'ਮੈਂ' ਨੇ ਹੀ ਨਰਕਾਂ ਦੀਆਂ ਭੁਆਟਣੀਆਂ ਦਿਵਾਉਣੀਆਂ ਹਨ। ਹੇ ਪ੍ਰਭੂ! ਹੁਣ ਮੈਨੂੰ ਮੇਲ ਲੈ। ਐਸਾ ਪਿਆਰਾ ਕੋਈ ਮਿਲਾ ਜਿਹੜਾ ਤੈਨੂੰ ਮਿਲਾ ਦੇਵੇ। ਮੇਰਾ ਜੋ ਸੁਭਾਅ ਹੈ ਜਿਸਨੂੰ ਕਿਰਤ ਆਖਦੇ ਹਨ ਮੈਂ ਉਸਦੇ ਅਧੀਨ ਬੇਵਸ ਹਾਂ। ਮੈਂ ਕਰਮ ਕਰਦਾ ਹਾਂ ਤੇ ਮੈਂ ਜਾਣਦਾ ਹਾਂ ਕਿ ਕੀ ਕਰਮ ਕਰਦਾ ਹਾਂ ਇਸ ਬਾਰੇ ਫੁਰਮਾਨ ਹੈ -

*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*
*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮ ਰਾਇ ਦੇਇ ਸਜਾਇ॥*
*ਅੰਗ - ੨੭੮*

ਸੋ ਹੁਣ ਮੇਰੇ ਉਪਰ ਕ੍ਰਿਪਾ ਕਰ, ਮੇਰੀ ਭਟਕਣ ਮਿਟ ਜਾਵੇ। ਮੈਂ ਥਕ ਗਿਆ ਹਾਂ, 84 ਲੱਖ ਜੂਨਾਂ ਦੇ ਕ੍ਰੋੜਾਂ ਚੱਕਰ ਮੈਂ ਕੱਟ ਚੁਕਿਆ ਹਾਂ, ਅਤਿ ਦੁਖੀ ਹੋ ਗਿਆ ਹਾਂ, ਮੈਂ ਤੇਰੀ ਸ਼ਰਨ ਵਿਚ ਪਹੁੰਚਿਆ ਹਾਂ। ਮੇਰੀ ਹਾਲਤ ਉਸ ਗਊ ਵਰਗੀ ਹੈ ਜੋ ਦੁੱਧ ਨਹੀਂ ਦਿੰਦੀ। ਉਹ ਬੇਕਾਰ ਸਮਝੀ ਜਾਂਦੀ ਹੈ ਕਿਉਂਕਿ ਨਾ ਤਾਂ ਉਹ ਹਲ ਖਿਚ ਸਕਦੀ ਹੈ, ਨਾ ਗੱਡਾ ਖਿਚ ਸਕਦੀ ਹੈ ਅਤੇ ਨਾ ਹੀ ਕਿਸੇ ਹੋਰ ਕਾਰਜ ਨੂੰ ਕਰ ਸਕਦੀ ਹੈ। ਮੈਂ ਉਸ ਬ੍ਰਿਛ ਵਰਗਾ ਹਾਂ ਜਿਸਨੂੰ ਕੋਈ ਫਲ ਨਹੀਂ ਲਗਦਾ ਜਿਸ ਦੀਆਂ ਜੜ੍ਹਾਂ ਨੂੰ ਬੇਅੰਤ ਸਮੇਂ ਤੋਂ ਪਾਣੀ ਨਹੀਂ ਮਿਲਿਆ, ਉਸਦੀਆਂ ਸ਼ਾਖਾਂ ਮੁਰਝਾ ਗਈਆਂ, ਉਸਦੀ ਖੂਬਸੂਰਤੀ ਮਿਟ ਗਈ। ਉਹ ਫਲ ਦੇਣ ਤੋਂ ਪੂਰੀ ਤਰ੍ਹਾਂ ਅਸਮਰਥ ਹੋ ਗਈ। ਮੈਨੂੰ ਪ੍ਰਭੂ ਨਹੀਂ ਮਿਲਿਆ, ਮੇਰਾ ਜੀਵਨ ਨਿਰਫਲ ਹੈ, ਮੈਂ ਮਾਇਆ ਦੇ ਰਸਾਂ-ਕਸਾਂ ਵਿਚ ਪਰਚਿਆ ਰਿਹਾ। ਉਹ ਮਾਇਆ ਮੇਰੀ ਮਿਤਰ ਨਹੀਂ ਸੀ, ਉਹ ਨਾਗਣੀ ਹੈ ਜਿਸ ਨੇ ਮੈਨੂੰ ਮੋਹ ਲਿਆ ਤੇ ਤੇਰੇ ਨਾਲੋਂ ਵਿਛੋੜ ਕੇ ਰੱਖਿਆ।

ਤੇਰੇ ਮਿਲਾਪ ਤੋਂ ਬਿਨਾਂ ਮੈਨੂੰ ਹੋਰ ਕੋਈ ਟਿਕਾਣਾ ਨਹੀਂ ਹੈ, ਮੇਰੀ ਭਟਕਣ, ਮੇਰੀਆਂ ਉਡਾਰੀਆਂ, ਮੇਰੀਆਂ 84 ਲੱਖ ਜੂਨਾਂ ਵਿਚ ਘੁਮੇਟਣੀਆਂ, ਤਾਂ ਹੀ ਬੰਦ ਹੋਣਗੀਆਂ ਜੇ ਤੇਰਾ ਮਿਲਾਪ ਹੋ ਜਾਵੇ। ਜਿਸ ਸਰੀਰ ਦੇ ਅੰਦਰ ਤੂੰ ਸ਼ਾਖਸ਼ਾਤਕਾਰ ਨਹੀਂ ਹੋ ਸਕਿਆ ਉਹ ਸਰੀਰ ਜਲਿਆ ਹੋਇਆ ਸਰੀਰ ਹੈ, ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਨੇ ਉਸਨੂੰ ਜਾਲ ਦਿਤਾ ਅਤੇ ਭੱਠ ਵਰਗਾ ਬਣਾ ਦਿਤਾ ਹੈ। ਇਸ ਭੱਠ ਹੋ ਚੁਕੇ ਸਰੀਰ ਵਿਚ ਚੈਨ ਕਿਥੋਂ ਆਉਣਾ ਹੈ, ਕਿਥੋਂ ਸੁਖ ਉਪਜਣਾ ਹੈ? ਹੇ ਪ੍ਰਭੂ ਜੇ ਤੂੰ ਚਿਤ ਨਹੀਂ ਆਉਂਦਾ, ਅਤੇ ਚਿਤ ਤੇਰੇ ਵਿਚ ਨਹੀਂ ਵਸਦਾ ਤਾਂ ਮੇਰੀ ਹਾਲਤ ਉਸ ਕੀੜੇ ਵਰਗੀ ਹੈ ਜੋ ਗੰਦਗੀ ਦੇ ਢੇਰ ਦੀ ਗਰਮੀ ਵਿਚ ਝੁਲਸਿਆ ਜਾ ਰਿਹਾ ਹੈ। ਮੇਰੇ ਵਲੋਂ ਤੇਰੇ ਮਿਲਾਪ ਵਾਸਤੇ ਕੀਤੇ ਭੇਖ ਵਿਖਾਵੇ, ਤੇਰੇ ਮਿਲਣ ਵਿਚ ਮੇਰਾ ਕੋਈ ਸਾਥ ਨਹੀਂ ਦੇ ਰਹੇ। ਸਾਰੇ ਕੱਚੇ ਹਨ, ਖਾਮ ਹਨ, ਮੇਰੀ ਭਟਕਣ ਨਹੀਂ ਮਿਟਾ ਸਕਦੇ। ਦੁਨੀਆਂ ਨੂੰ ਮੈਂ ਧੋਖਾ ਦੇ ਰਿਹਾ ਹਾਂ - ਭੇਖ ਬਣਾ-ਬਣਾ ਕੇ, ਪਰ ਮੈਨੂੰ ਪਤਾ ਹੈ ਤੂੰ ਇਨ੍ਹਾਂ ਭੇਖਾਂ ਤੇ ਰੀਝ ਨਹੀਂ ਸਕਦਾ ਕਿਉਂਕਿ ਇਹ ਸਾਰੇ ਬਦਬੂਦਾਰ ਹਨ, ਇਨ੍ਹਾਂ ਉਤੇ ਮਾਇਆ ਦਾ ਪਾਹ ਚੜ੍ਹਿਆ ਹੋਇਆ ਹੈ-

***ਇਹੁ ਤਨੁ ਮਾਇਆ ਪਾਹਿਆ***
***ਪਿਆਰੇ ਲੀਤੜਾ ਲਬਿ ਰੰਗਾਏ॥***
***ਮੇਰੈ ਕੰਤ ਨ ਭਾਵੈ ਚੋਲੜਾ***
***ਪਿਆਰੇ ਕਿਉ ਧਨ ਸੇਜੈ ਜਾਏ॥ ਅੰਗ - ੭੨੧***

ਸੋ ਮੇਰੀ ਹਾਲਤ ਗੰਦਗੀ ਦੇ ਕੀੜੇ ਵਰਗੀ ਹੈ। ਦੁਨੀਆਂ ਮੈਨੂੰ ਅਮੀਰ ਕਹਿੰਦੀ ਹੈ ਪਰ ਜਦੋਂ ਤਕ ਤੂੰ ਹਿਰਦੇ ਵਿਚ ਨਹੀਂ ਵਸਦਾ, ਮੈਂ ਹੀ ਜਾਣਦਾ ਹਾਂ ਕਿ ਮੈਂ ਕਿੰਨਾਂ ਦੁਖੀ ਹਾਂ ਕਿਉਂਕਿ ਤੇਰੇ ਨਾਮ ਤੋਂ ਬਿਨਾਂ 'ਸ਼ਾਂਤੀ' ਦਾ ਨਾਮ ਲੈਣਾ ਆਪਣੇ ਆਪ ਨੂੰ ਵੱਡੇ ਧੋਖੇ ਵਿਚ ਰਖਣਾ ਹੈ ਜਿਵੇਂ ਕਿ ਤੇਰਾ ਫੁਰਮਾਨ ਹੈ-

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥***
***ਅੰਗ - ੭੦੭***

ਦੁਨੀਆਂ ਵਿਚ ਆਪਣੇ ਹਿਤ ਦੇ ਬੰਨ੍ਹੇ ਹੋਏ ਪੁਤਰ, ਧੀਆਂ, ਰਿਸ਼ਤੇਦਾਰ, ਸੱਜਣ, ਮਿਤਰ ਇਹ ਕੋਈ ਰਸ ਨਹੀਂ ਦਿੰਦੇ, ਇਨ੍ਹਾਂ ਦੀਆਂ ਮਨੌਤਾਂ ਵਿਚ ਫਸ ਕੇ ਆਦਮੀ ਗਿਰ ਜਾਇਆ ਕਰਦਾ ਹੈ, ਰਿਸ਼ਵਤ ਲੈਂਦਾ ਹੈ, ਧੋਖੇ ਕਰਦਾ ਹੈ, ਬੇਵਿਸ਼ਵਾਸ਼ੀਆਂ ਕਰਕੇ ਦੁਨੀਆਂ ਨੂੰ ਫਸਾਉਂਦਾ ਹੈ, ਅਕ੍ਰਿਤਘਣਤਾ ਦੇ ਨਾਲ ਮਾਇਆ ਜੋੜਦਾ ਹੈ; ਨਿਸ਼ਾਨਾ ਕੀ ਹੁੰਦਾ ਹੈ ਕਿ ਮੇਰੇ ਪੁੱਤ ਧੀ, ਮੇਰੀ ਇਕੱਠੀ ਕੀਤੀ ਹੋਈ ਮਾਇਆ ਨੂੰ ਵਰਤਣ ਪਰ ਪਾਤਸ਼ਾਹ! ਇਹ ਤਾਂ ਜਮਦੂਤ ਬਣ ਗਏ ਤੇ ਅੰਤ ਸਮੇਂ ਮੈਂ ਜਮਦੂਤਾਂ ਦੇ ਵਸ ਪੈ ਕੇ ਦੁਖੀ ਹੋਵਾਂਗਾ। ਹੇ ਪ੍ਰਭੂ! ਮੈਂ ਨਿਮਾਣਾ, ਨਿਤਾਣਾ ਜੀਵ ਹਾਂ ਮੈਨੂੰ ਸੋਝੀ ਨਹੀਂ ਪਰ ਮੈਨੂੰ ਇਹ ਪਤਾ ਹੈ ਤੂੰ ਦਇਆਲੂ ਹੈਂ, ਪਤਿਤ ਪਾਵਨ ਹੈਂ। ਜੋ ਤੇਰੀ ਸ਼ਰਨ ਆ ਜਾਂਦੇ ਹਨ ਉਨ੍ਹਾਂ ਉਤੇ ਤੂੰ ਕ੍ਰਿਪਾ ਭਰੀ ਦ੍ਰਿਸ਼ਟੀ ਕਰਦਾ ਹੈਂ। ਤੂੰ ਹੀ ਗਨਕਾ ਵਰਗੀਆਂ ਪਾਪਣਾਂ ਨੂੰ ਆਪਣੇ ਨਾਮ ਦੀ ਲਗਨ ਲਾ ਕੇ ਉਤਮ ਪਦਵੀ ਦਿਤੀ, ਤੂੰ ਹੀ ਕੌਡੇ ਵਰਗੇ ਆਦਮਖੋਰ ਰਾਕਸ਼ਾਂ ਉਤੇ ਕ੍ਰਿਪਾ ਕਰਕੇ ਨਾਮ ਦੇ ਰਸ ਦੀ ਫੁਹਾਰ ਦਾ ਅਨੰਦ ਦਿਤਾ, ਤੂੰ ਹੀ ਸੱਜਣ ਠੱਗ ਵਰਗਿਆਂ ਨੂੰ ਭਾਈ ਸੱਜਣ ਬਣਾ ਕੇ ਨਾਮ ਦੀ ਖੁਮਾਰੀ ਵਿਚ ਪ੍ਰਵਿਰਤ ਕੀਤਾ। ਹੇ ਪ੍ਰਭੂ! ਮੈਂ ਵੀ ਤੇਰੀ ਸ਼ਰਨ ਸੱਚੇ ਦਿਲੋਂ ਆਇਆ ਹਾਂ, ਮੈਂ ਤਾਂ ਅਰਜੋਈ ਹੀ ਕਰ ਸਕਦਾ ਹਾਂ ਪਰ ਤੂੰ-

***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥***
***ਅੰਗ - ੨੭੫***

ਦਾ ਵਜੂਦ ਹੈਂ, ਤੂੰ ਮੇਰੇ ਤੇ ਕ੍ਰਿਪਾ ਕਰ। ਮੈਂ ਤੇਰੇ ਪਾਸ ਬੇਨਤੀ ਕਰਦਾ ਹਾਂ ਕਿ ਤੂੰ ਮੈਨੂੰ ਆਪਣਾ ਪਵਿੱਤਰ ਨਾਮ ਬਖਸ਼ ਦੇ। ਹੇ ਗੁਰੂ ਮਹਾਰਾਜ! ਤੂੰ ਵੀ ਨਿਰੰਕਾਰ ਦਾ ਹੀ ਰੂਪ ਹੈਂ, ਤੇਰੇ ਬਗੈਰ ਕਿਸੇ ਨੂੰ ਅੱਜ ਤਕ ਪ੍ਰਭੂ ਪ੍ਰਾਪਤੀ ਨਹੀਂ ਹੋਈ, ਤੂੰ ਮੇਰੇ ਦੁਖਾਂ ਦੀ ਕਹਾਣੀ ਸੁਣੀ ਹੈ ਮੇਰੇ ਉਤੇ ਕ੍ਰਿਪਾ ਕਰ, ਮੇਰੇ ਉਤੇ ਕ੍ਰਿਪਾ ਕਰਕੇ ਜੋ ਪ੍ਰਭੂ ਮੇਰੇ ਅੰਗ ਸੰਗ ਵਸਦਾ ਹੈ ਉਸਨੂੰ ਮੇਰੇ ਨਾਲ ਮਿਲਾ ਕੇ ਨਿਹਚਲ ਘਰ ਦਾ ਵਾਸਾ ਕਰਾ ਦੇ। ਇਹ ਸਾਰਾ ਤਰਲਾ ਜੋ ਉਪਰ ਲਿਖਿਆ ਹੈ ਉਸਦਾ ਸਾਰ ਅੰਸ਼ ਇਸ ਤਰ੍ਹਾਂ ਹੈ -

***ਕਿਰਤਿ ਕਰਮ ਕੇ ਵੀਛੁੜੇ***
***ਕਰਿ ਕਿਰਪਾ ਮੇਲਹੁ ਰਾਮ॥***
***ਚਾਰਿ ਕੁੰਟ ਦਹ ਦਿਸ ਭ੍ਰਮੇ***
***ਥਕਿ ਆਏ ਪ੍ਰਭ ਕੀ ਸਾਮ॥***
***ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥***
***ਜਲ ਬਿਨੁ ਸਾਖ ਕੁਮਲਾਵਤੀ***
***ਉਪਜਹਿ ਨਾਹੀ ਦਾਮ॥***
***ਹਰਿ ਨਾਹ ਨ ਮਿਲੀਐ ਸਾਜਨੈ***
***ਕਤ ਪਾਈਐ ਬਿਸਰਾਮ॥***
***ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ***
***ਭਠਿ ਨਗਰ ਸੇ ਗ੍ਰਾਮ॥***
***ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥***
***ਪ੍ਰਭ ਸੁਆਮੀ ਕੰਤ ਵਿਹੂਣੀਆ***

*ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ*
*ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ*
*ਜਿਸ ਕਾ ਨਿਹਚਲ ਧਾਮ॥ ਅੰਗ - ੧੩੩*

ਗੁਰੂ ਨੇ ਇਸ ਭਟਕਦੇ ਨਿਮਾਣੇ ਨਿਤਾਣੇ ਜੀਵ ਦੀ ਪ੍ਰਾਥਨਾ ਸੁਣੀ ਅਤੇ ਇਸ ਦੀ ਅਧੋਗਤੀ ਨੂੰ ਅਨੁਭਵ ਕਰਦੇ ਹੋਏ, ਅਤਿ ਕ੍ਰਿਪਾਲਤਾ ਧਾਰਦੇ ਹੋਏ ਫੁਰਮਾਨ ਕੀਤਾ ਕਿ ਹੇ ਜੀਵ! ਤੇਰੇ ਤਰਲੇ, ਤੇਰੇ ਰੋਣੇ-ਧੋਣੇ ਇਸ ਕਰਕੇ ਹਨ ਕਿ ਤੂੰ ਮਾਇਆ ਦੀ ਅਰਾਧਨਾ ਕਰਦਾ ਰਿਹਾ ਹੈਂ। ਮਾਇਆ ਨੇ ਤੈਨੂੰ ਸਦਾ ਹੀ ਧੋਖਾ ਦਿਤਾ ਹੈ। ਇਹ ਨਾਗਣੀ ਹੈ, ਇਸਦੀ ਜੋ ਵੀ ਸੇਵਾ ਕਰਦਾ ਹੈ ਉਸਨੂੰ ਖਾ ਜਾਇਆ ਕਰਦੀ ਹੈ। ਹੁਣ ਤੂੰ ਧਿਆਨ ਦੇ ਕੇ ਸੁਣ, ਤੈਨੂੰ ਮਾਨਸ ਜਨਮ ਪ੍ਰਾਪਤ ਹੋਇਆ ਹੈ। ਇਸ ਵਿਚ ਤੂੰ ਗੋਬਿੰਦ ਦੀ ਅਰਾਧਨਾ ਕਰ, ਤਾਂ ਤੈਨੂੰ ਸਤਿ ਚਿਤ ਅਨੰਦ ਦਾ ਮਿਲਾਪ ਹੋ ਕੇ ਮਹਾਨ ਅਨੰਦ ਪ੍ਰਾਪਤ ਹੋ ਸਕਦਾ ਹੈ। ਜੀਵ ਨੇ ਉਪਦੇਸ਼ ਸੁਣਿਆ, ਮਨ ਵਿਚ ਕੁਝ ਢਾਰਸ ਆਈ, ਲੰਮਾ ਹਉਕਾ ਲਿਆ ਅਤੇ ਆਸ ਬੱਝੀ ਕਿ ਮੇਰੇ ਦੁਖਾਂ ਦਾ ਛੁਟਕਾਰਾ ਗੁਰੂ ਦੇ ਬਚਨ ਸੁਣ ਕੇ ਹੋ ਜਾਵੇਗਾ। ਮੈਂ ਇਸ ਭਵਸਾਗਰ ਦੇ ਬਿਖੜੇ ਵਾ-ਵਰੋਲਿਆਂ ਵਿਚੋਂ ਕਿਸੇ ਕੰਢੇ ਲਗ ਜਾਵਾਂਗਾ। ਕਿਉਂਕਿ ਫੁਰਮਾਨ ਹੈ -

*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥ ਅੰਗ - ੭੪੭*

ਉਸ ਵੇਲੇ ਜੀਵ ਨੇ ਅਤਿ ਅਧੀਨਗੀ ਦੇ ਨਾਲ ਬੇਨਤੀ ਕੀਤੀ ਕਿ ਮੈਨੂੰ ਅਰਾਧਣ ਦਾ ਕੋਈ ਵੀ ਗਿਆਨ ਨਹੀਂ ਹੈ, ਆਪ ਫੁਰਮਾਨ ਕਰਦੇ ਹੋਂ ਕਿ ਉਹ ਵਾਹਿਗੁਰੂ ਘਟ-ਘਟ ਵਿਚ ਵਿਆਪਕ ਹੈ ਮੇਰੇ ਅੰਦਰ ਵੀ ਹੈ, ਬਾਹਰ ਵੀ ਹੈ, ਮੈਂ ਉਸਦੀ ਅਰਾਧਣਾ ਕਿਵੇਂ ਕਰਾਂ, ਮੈਂ ਉਸਨੂੰ ਕਿਵੇਂ ਆਪਣੇ ਅੰਦਰ ਵਸਾਵਾਂ? ਉਸ ਵੇਲੇ ਸਤਿਗੁਰੂ ਦੀ ਅਵਾਜ਼ ਆਈ ਕਿ ਹੇ ਜੀਵ! ਵਾਹਿਗੁਰੂ ਜੀ ਨੇ ਸੰਸਾਰ ਦੇ ਉਪਰ ਬਹੁਤ ਹੀ ਦਯਾ ਕਰਕੇ ਆਪਣੇ ਪਿਆਰਿਆਂ ਨੂੰ ਸ਼ੁਭ ਕਾਰਜ ਸੌਂਪਿਆ ਹੈ, ਭਟਕਦੀਆਂ ਰੂਹਾਂ ਨੂੰ ਜੋ ਮੇਰੇ ਤੋਂ ਅਨੰਤ ਕਾਲ ਤੋਂ ਵਿਛੜੀਆਂ ਰੋ ਰਹੀਆਂ ਹਨ, ਸਹਿਕ ਰਹੀਆਂ ਹਨ ਉਨ੍ਹਾਂ ਨੂੰ ਮੇਰੇ ਨਾਲ ਮਿਲਾਉਣ ਲਈ ਮਾਰਗ ਪ੍ਰਦਰਸ਼ਨ ਕਰੋ। ਉਨ੍ਹਾਂ ਨੂੰ ਸੰਤ ਕਹਿ ਲਓ, ਪੀਰ ਕਹਿ ਲਓ, ਗੁਰੂ ਕਹਿ ਲਓ, ਉਹ ਤੇਰੀ ਭਾਵਨਾ ਹੈ, ਉਹ ਤਾਂ ਵਾਹਿਗੁਰੂ ਵਲੋਂ ਥਾਪੇ ਹੋਏ ਪੁਰਸ਼ ਹੋਇਆ ਕਰਦੇ ਹਨ ਅਤੇ ਸੰਸਾਰ ਵਿਚ ਆਉਂਦੇ ਹੀ ਇਸ ਕਰਕੇ ਹਨ ਕਿ ਟੁਟੀਆਂ ਰੂਹਾਂ ਨੂੰ ਪ੍ਰਭੂ ਨਾਲ ਜੋੜ ਦੇਣ ਜਿਨ੍ਹਾਂ ਬਾਰੇ ਫੁਰਮਾਨ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ- ੭੪੯*

ਕਬੀਰ ਸਾਹਿਬ ਫੁਰਮਾਨ ਕਰਦੇ ਹਨ -

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ॥ ਅੰਗ- ੧੩੭੩*

ਸੋ ਇਸ ਕਰਕੇ ਤੈਨੂੰ ਰਸਨਾ ਦੇ ਨਾਲ ਵਾਹਿਗੁਰੂ ਦਾ ਨਾਮ ਜਿਸਨੂੰ ਗੁਰਮੰਤ੍ਰ ਆਖਦੇ ਹਨ, ਉਹ ਉਚਾਰਨ ਕਰਨਾ ਪਵੇਗਾ ਕਿਉਂਕਿ ਜਿਸ ਅਵਸਥਾ ਵਿਚ ਹੁਣ ਤੂੰ ਰਹਿੰਦਾ ਹੈਂ, ਤੂੰ ਆਪਣੇ ਆਪ ਨੂੰ ਸਰੀਰ ਸਮਝਦਾ ਹੈਂ, ਅਸੀਂ ਉਸਨੂੰ ਅੰਨਮਈ ਕੋਸ਼ ਕਹਿੰਦੇ ਹਾਂ, ਤੂੰ ਇਸ ਵਿਚੋਂ ਨਿਕਲ ਨਹੀਂ ਸਕਦਾ ਜਦੋਂ ਤਕ ਇਸਦੇ ਸ਼ੁਭ ਇੰਦ੍ਰੇ ਨਾਲ ਬਾਰ-ਬਾਰ ਮੰਤ੍ਰ ਦਾ ਜਾਪ ਨਹੀਂ ਕਰਦਾ ਅਤੇ ਸਰੀਰ ਨਾਲ ਸਤਿਸੰਗ, ਸੇਵਾ ਨਹੀਂ ਕਰਦਾ ਜਿਸ ਬਾਰੇ ਫੁਰਮਾਨ ਹੈ-

*ਬਾਰੰ ਬਾਰ ਬਾਰ ਪ੍ਰਭੁ ਜਪੀਐ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥*
*ਅੰਗ - ੨੮੬*

ਸੋ ਇਹ ਤਰੀਕਾ ਹੈ। ਜਦੋਂ ਨਾਮ ਤੇਰੇ ਅੰਦਰ ਰਸਨਾ ਵਿਚ ਵਸ ਗਿਆ ਉਸ ਵੇਲੇ ਤੂੰ ਸੁਆਸਾਂ ਨਾਲ ਨਾਮ ਜਪ-

*ਸਾਸਿ ਸਾਸਿ ਸਿਮਰਹੁ ਗੋਬਿੰਦ।।*
*ਮਨ ਅੰਤਰ ਕੀ ਉਤਰੈ ਚਿੰਦ।। ਅੰਗ - ੨੯੫*

ਪ੍ਰਮੇਸ਼ਰ ਦੇ ਪਿਆਰੇ ਤੈਨੂੰ ਰਸਤਾ ਦਸਦੇ ਰਹਿਣਗੇ। ਤੇਰਾ ਕੰਮ ਹੈ ਉਨ੍ਹਾਂ ਉਤੇ ਪੂਰਨ ਵਿਸ਼ਵਾਸ਼ ਰਖਣਾ ਅਤੇ ਉਨ੍ਹਾਂ ਦੇ ਬਚਨ ਦੀ ਕਮਾਈ ਕਰਨੀ। ਹੌਲੀ-ਹੌਲੀ ਉਹ ਤੈਨੂੰ ਸਾਰੀਆਂ ਜੁਗਤਾਂ ਦਸ ਕੇ ਪ੍ਰਭੂ ਨਾਲ ਮਿਲਾਪ ਕਰਾ ਦੇਣਗੇ, ਤੇਰੇ ਕੋਲ ਸਰੀਰ ਦੀ ਸੁੰਦਰਤਾਈ, ਮਾਇਆ, ਉਚੀਆਂ ਪਦਵੀਆਂ, ਪਰਿਵਾਰ ਦੇ ਮੈਂਬਰ ਪੁਤਰ ਧੀਆਂ ਨਾਮ ਦੇ ਮੁਕਾਬਲੇ ਵਿਚ ਕੁਝ ਵੀ ਮਹੱਤਤਾ ਨਹੀਂ ਰਖਦੀਆਂ। ਸੰਸਾਰ ਵਿਚ ਆਉਣਾ ਉਸਦਾ ਗਿਣਿਆ ਜਾਂਦਾ ਹੈ ਜਿਸ ਦੀ ਰਸਨਾ ਵਿਚੋਂ ਹਰ ਵਕਤ ਪ੍ਰਭੂ ਦਾ ਨਾਮ ਉਚਾਰਨ ਹੁੰਦਾ ਹੈ।

*ਆਇਆ ਸਫਲ ਤਾਹੂ ਕੋਊ ਗਨੀਐ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ॥*
*ਆਇ ਬਸਹਿ ਸਾਧੂ ਕੈ ਸੰਗੇ॥*
*ਅਨਦਿਨੁ ਨਾਮੁ ਧਿਆਵਹਿ ਰੰਗੇ॥*

*ਆਵਤ ਸੋ ਜਨੁ ਨਾਮਹਿ ਰਾਤਾ॥*
*ਜਾ ਕਉ ਦਇਆ ਮਇਆ ਬਿਧਾਤਾ॥*
*ਏਕਹਿ ਆਵਨ ਫਿਰਿ ਜੋਨਿ ਨ ਆਇਆ॥*
*ਨਾਨਕ ਹਰਿ ਕੈ ਦਰਸਿ ਸਮਾਇਆ॥*
***ਅੰਗ - ੨੫੨***

ਉਹ ਪੁਰਸ਼ ਧੰਨ ਹਨ ਜਿਹੜੇ ਆ ਕੇ ਪ੍ਰਭੂ ਦਾ ਨਾਮ ਜਪਦੇ ਹਨ ਜਿਸ ਬਾਰੇ ਫੁਰਮਾਨ ਹੈ -

*ਆਤਮ ਰਸੁ ਜਿਹ ਜਾਨਿਆ*
*ਹਰਿ ਰੰਗ ਸਹਜੇ ਮਾਣੁ॥*
*ਨਾਨਕ ਧਨਿ ਧਨਿ ਧੰਨਿ ਜਨ*
*ਆਏ ਤੇ ਪਰਵਾਣੁ॥* ***ਅੰਗ - ੨੫੨***

ਸੋ ਜਿਨ੍ਹਾਂ ਨੂੰ ਪ੍ਰਭੂ ਦਾ ਮਿਲਾਪ ਹੋ ਗਿਆ, ਸੰਸਾਰ ਤੇ ਆਉਣਾ ਉਨ੍ਹਾਂ ਦਾ ਹੀ ਸਫਲ ਗਿਣਿਆ ਜਾਂਦਾ ਹੈ ਕਿਉਂਕਿ ਵਾਹਿਗੁਰੂ ਤੋਂ ਬਗੈਰ ਇਕ ਖਿਨ ਜਿਉਣਾ ਪੂਰੀ ਤਰ੍ਹਾਂ ਬਿਰਥਾ ਹੈ। ਜਿਸ ਤਰ੍ਹਾਂ ਫੁਰਮਾਨ ਹੈ -

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥* ***ਅੰਗ - ੭੦੮***

ਜਿਸ ਵਾਹਿਗੁਰੂ ਦੇ ਨਾਲ ਤੂੰ ਮਿਲਾਪ ਕਰਨਾ ਚਾਹੁੰਦਾ ਹੈਂ, ਐ ਜੀਵ! ਨਿਸ਼ਚੇ ਪੂਰਵਕ ਤੂੰ ਇਹ ਹਿਰਦੇ ਵਿਚ ਵਸਾ ਲੈ ਕਿ ਕੋਈ ਥਾਂ ਐਸਾ ਨਹੀਂ ਜਿਥੇ ਉਹ ਸੂਖਮ ਸਰੂਪ ਵਿਚ ਨਾ ਰਮਿਆ ਹੋਵੇ। ਤੇਰੇ ਅੰਦਰ ਬਾਹਰ, ਧਰਤੀ, ਪਹਾੜਾਂ, ਪਉਣ ਪਾਣੀ ਵਿਚ ਵੀ ਹੈ, ਕੋਈ ਥਾਂ ਐਸੀ ਨਹੀਂ ਜਿਥੇ ਉਹ ਨਹੀਂ ਹੈ। ਉਸਨੂੰ ਹਿਰਦੇ ਵਿਚ ਵਸਾ ਕੇ ਉਸਦੀ ਹਾਜ਼ਰੀ ਵਿਚ ਨਾਮ ਜਪ। ਜਦੋਂ ਇਸ ਤਰ੍ਹਾਂ ਤੂੰ ਕਰੇਂਗਾ, ਤੇਰੇ ਉਪਰ ਉਸ ਪ੍ਰਭੂ ਦੀ ਦਇਆ ਹੋ ਜਾਵੇਗੀ, ਤੇਰੇ ਦੁਖਾਂ ਦਾ ਖਾਤਮਾ ਉਸਦੇ ਮਿਲਾਪ ਨਾਲ ਹੋ ਜਾਵੇਗਾ -

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ।।*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ।।*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ।।*
***ਅੰਗ - ੨੯੪***

ਉਹ ਬਖਸ਼ਿਸ਼ਾਂ ਦਾ ਖਜ਼ਾਨਾ ਹੈ। ਉਹ ਆਪਣੇ ਰਚੇ ਹੋਏ ਸੰਸਾਰ ਨੂੰ ਪਿਆਰ ਕਰਦਾ ਹੈ ਅਤੇ ਪਿਆਰ ਦਾ ਰੂਪ ਧਾਰ ਕੇ ਹੀ ਸੰਸਾਰ ਵਿਚ ਰਮਿਆ ਹੋਇਆ ਹੈ -

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ॥* ***ਜਾਪੁ ਸਾਹਿਬ***

ਫੇਰ ਤੂੰ ਹੀ ਦੱਸ, ਜਿਹੜਾ ਉਸਨੂੰ ਪਿਆਰ ਨਹੀਂ ਕਰਦਾ ਉਹਦੇ ਵਰਗਾ ਖੁਟਰ ਕੌਣ ਹੈ? ਉਹ ਸਭ ਨੂੰ ਖਾਣ ਪੀਣ ਨੂੰ ਦਿੰਦਾ ਹੈ, ਤੈਨੂੰ ਪੀਣ ਵਾਸਤੇ ਨਿਰਮਲ ਜਲ ਦਿਤਾ ਹੈ, ਸਾਹ ਵਾਸਤੇ ਸ਼ੁਧ ਹਵਾ, ਜੀਅ ਲਗਾਉਣ ਵਾਸਤੇ ਬੱਚੇ, ਬੁਢਾਪੇ ਵਿਚ ਸੇਵਾ ਕਰਨ ਲਈ ਪਿਆਰ ਵਾਲੇ ਸਬੰਧੀ ਦਿਤੇ ਹਨ, ਤੈਨੂੰ ਸ਼ਕਤੀ ਦਿਤੀ ਹੈ, ਸੂਝ ਦਿਤੀ ਹੈ, ਤੈਨੂੰ ਪਾਲਣ ਵਾਸਤੇ ਅੰਨ ਦਿਤਾ ਹੈ, ਹੋਰ ਅਨੇਕ ਕਿਸਮ ਦੀਆਂ ਵਸਤਾਂ ਪੈਦਾ ਕੀਤੀਆਂ ਹਨ, ਫੇਰ ਦਸ ਤੂੰ ਉਸਨੂੰ ਕਿਉਂ ਭੁਲਿਆ ਰਹਿੰਦਾ ਹੈਂ? ਪਿਆਰਿਆ! ਯਾਦ ਰੱਖ, ਉਸਨੂੰ ਭੁੱਲ ਕੇ ਜੋ ਸਾਹ ਲੈਂਦਾ ਹੈਂ ਹਰ ਸਵਾਸ ਤੈਨੂੰ ਦੁਖਾਂ ਵਲ ਧੱਕਾ ਦੇ ਰਿਹਾ ਹੈ ਕਿਉਂਕਿ ਫੁਰਮਾਨ ਹੈ -

*ਦੁਖੁ ਤਦੇ ਜਾ ਵਿਸਰਿ ਜਾਵੈ॥*
*ਭੁਖ ਵਿਆਪੈ ਬਹੁ ਬਿਧਿ ਧਾਵੈ॥* ***ਅੰਗ - ੯੮***

ਤ੍ਰਿਸ਼ਨਾ ਦੀ ਭੁੱਖ ਲਗ ਜਾਂਦੀ ਹੈ ਅਤੇ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਸੰਸਾਰ ਵਿਚ ਭ੍ਰਮਣ ਕਰਦਾ ਹੈ। ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ। ਜੇ ਇਹੋ ਨਾਮ ਜਪੇ -

*ਸਿਮਰਤ ਨਾਮੁ ਸਦਾ ਸੁਹੇਲਾ*
*ਜਿਸੁ ਦੇਵੈ ਦੀਨ ਦਇਆਲਾ ਜੀਉ॥*
***ਅੰਗ - ੯੮***

ਸੋ ਪਿਆਰਿਆ! ਤੈਨੂੰ ਜੁਗਤ ਦਸਦੇ ਹਾਂ ਕਿ ਤੂੰ ਨਿਤ ਅਰਦਾਸ ਕਰ ਕਿ ਮੈਨੂੰ ਆਪਣੇ ਪਿਆਰਿਆਂ ਦੀ ਚਰਨ ਧੂੜ ਦੇਹ, ਤੇਰਾ ਦਰਸ਼ਨ ਕਰਕੇ ਮੇਰਾ ਮਨ ਰਜਦਾ ਹੈ।

*ਖਾਕ ਸੰਤਨ ਕੀ ਦੇਹੁ ਪਿਆਰੇ॥*
*ਆਇ ਪਇਆ ਹਰਿ ਤੇਰੈ ਦੁਆਰੈ॥*
*ਦਰਸਨੁ ਪੇਖਤ ਮਨੁ ਆਘਾਵੈ*
*ਨਾਨਕ ਮਿਲਣੁ ਸੁਭਾਈ ਜੀਉ॥* ***ਪੰਨਾ - 98***

ਜਿਨ੍ਹਾਂ ਨੇ ਵਾਹਿਗੁਰੂ ਜੀ ਨੂੰ ਰਾਵਿਆ ਹੈ, ਉਨ੍ਹਾਂ ਨੇ ਨਾਮ ਦਾ ਰਸ ਭੋਗਿਆ ਹੈ, ਉਨ੍ਹਾਂ ਦੇ ਵੱਡੇ ਭਾਗ ਹਨ।

ਉਸ ਵੇਲੇ ਜੀਵ ਤਰਲਾ ਲੈਂਦਾ ਹੈ ਕਿ ਮੇਰੇ ਅੰਦਰ ਦਰਸ਼ਨ ਦੀ ਲੋਚਾ ਲਗ ਗਈ ਹੈ ਤੇ ਮੇਰਾ ਮਨ ਦਰਸ਼ਨਾਂ ਦੀ ਪਿਆਸ ਨਾਲ ਤੜਫ ਰਿਹਾ ਹੈ, ਬਿਰਹੁ ਦੀ ਮੈਂ ਪੀੜਾ ਨਹੀਂ ਝਲ ਸਕਦਾ ਕਿਉਂਕਿ ਬਿਰਹਾ ਇਕ ਬਹੁਤ ਹੀ ਪ੍ਰਬਲ ਸ਼ਕਤੀ ਹੈ–

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ॥*
*ਰਾਮ ਬਿਓਗੀ ਨਾ ਜੀਐ*
*ਜੀਐ ਤ ਬਉਰਾ ਹੋਇ॥ ਅੰਗ - ੧੩੬੮*

ਹੇ ਸਤਿਗੁਰੂ! ਮੇਰੇ ਮਨ ਦੀ ਤ੍ਰਿਖਾ ਹੈ, ਉਹ ਤੇਰੇ ਦਰਸ਼ਨਾਂ ਦੀ ਤ੍ਰਿਖਾ ਹੈ; ਜੋ ਵੀ ਮੈਨੂੰ ਮੇਰੇ ਪ੍ਰਭੂ ਨਾਲ ਮਿਲਾ ਦੇਵੇ, ਮੈਂ ਉਸਦੇ ਚਰਨਾਂ ਤੇ ਢਹਿ ਕੇ ਆਪਣਾ ਆਪਾ ਵੇਚ ਦੇਵਾਂਗਾ ਕਿਉਂਕਿ ਮੇਰੇ ਮਨ ਵਿਚ ਦਰਸ਼ਨਾਂ ਲਈ ਅਥਾਹ ਪਿਆਰ ਜਾਗ ਪਿਆ ਹੈ, ਪ੍ਰਭੂ ਦੇ ਮਿਲਾਪ ਦੀ ਪ੍ਰੀਤ ਨੇ ਮੇਰੇ ਮਨ ਨੂੰ ਘੇਰ ਲਿਆ ਹੈ। ਮੈਂ ਉਸਦੇ ਅੱਗੇ ਆਪਣਾ ਤਨ ਵੀ, ਧਨ ਵੀ ਰੱਖ ਦੇਵਾਂਗਾ ਅਤੇ ਮਨ ਦੀ ਮਤ ਵੀ ਦੇ ਕੇ ਉਸ ਤੋਂ ਪ੍ਰਭੂ ਦੀ ਕਥਾ ਸੁਣਾਂ ਤੇ ਦਿਨ ਰਾਤ ਬੈਰਾਗੀ ਹੋ ਕੇ ਉਸਦੀ ਸੇਵਾ ਵਿਚ ਫਿਰਦਾ ਰਹਾਂ –

*ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥*
*ਪਾਇ ਲਗਉ ਮੋਹਿ ਕਰਉ ਬੇਨਤੀ*
*ਕੋਊ ਸੰਤੁ ਮਿਲੈ ਬਡਭਾਗੀ॥*
*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ*
*ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥*
*ਅੰਗ - ੨੦੪*

ਸੋ ਮੇਰਾ ਮਨ ਦਰਸ਼ਨਾਂ ਨੂੰ ਲੋਚਦਾ ਹੈ ਮੈਂ ਉਸਦੇ ਚਰਨਾਂ ਨਾਲ ਚਿੰਬੜ ਜਾਵਾਂ ਜੋ ਮੈਨੂੰ ਮੇਰਾ ਪ੍ਰਭੂ ਮਿਲਾ ਦੇਵੇ; ਆਪਣੇ ਕੋਲ ਕੁਝ ਵੀ ਨਾ ਰੱਖਾਂ, ਸਭ ਕੁਝ ਅਰਪਣ ਕਰ ਦੇਵਾਂ।

*ਹਰਿ ਦਰਸਨ ਕੰਉ ਮਨੁ ਲੋਚਦਾ*
*ਨਾਨਕ ਪਿਆਸ ਮਨਾ॥ ਅੰਗ - ੧੩੩*

ਸੋ ਇਹ ਇਕ ਹੂਕ ਹੈ ਜੋ ਇਸ ਭਟਕਦੇ ਜੀਵ ਦੇ ਮਨ ਵਿਚ ਪੈਦਾ ਹੋ ਗਈ, ਉਸਦੀ ਜਗਿਆਸਾ ਪ੍ਰਭੂ ਨੇ ਸੁਣ ਲਈ ਅਤੇ ਉਸਨੂੰ ਪ੍ਰਭੂ ਨੂੰ ਮਿਲਣ ਦਾ ਭੇਤ ਦੇ ਦਿਤਾ।

ਸੋ ਪਿਆਰਿਓ! ਜੀਵ ਭਟਕਦਾ ਫਿਰ ਰਿਹਾ ਹੈ, ਗੁਰੂ ਮਹਾਰਾਜ ਜੀ ਨੇ ਇਸ ਮਹਾਂ ਪਵਿੱਤਰ ਬਾਣੀ ਰਾਹੀਂ ਅਸਾਨੂੰ ਪ੍ਰਭੂ ਨਾਲ ਮਿਲਣ ਦੀ ਜੁਗਤ ਦਸ ਦਿਤੀ ਹੈ ਕਿ ਉਨ੍ਹਾਂ ਪਿਆਰਿਆਂ ਨਾਲ ਮਿਲ, ਉਨ੍ਹਾਂ ਨਾਲ ਮਿਲ ਕੇ ਸਤਿਸੰਗ ਕਰ ਜਿਨ੍ਹਾਂ ਵਿਚ ਸ਼ਕਤੀ ਹੈ ਕਿ ਉਹ ਤੈਨੂੰ ਵੀ ਉਸ ਨਾਲ ਮਿਲਾ ਦੇਣ। ਉਨ੍ਹਾਂ ਪਿਆਰਿਆਂ ਦੇ ਮਿਲਾਪ ਤੋਂ ਬਿਨਾਂ ਕੋਈ ਵੀ ਉਸ ਪ੍ਰਮ ਸ਼ਕਤੀ ਨੂੰ ਤੈਨੂੰ ਮਿਲਾ ਨਹੀਂ ਸਕਦਾ ਕਿਉਂਕਿ ਤੈਨੂੰ ਕੋਈ ਵੀ ਰਸਤੇ ਦੀ ਸੋਝੀ ਨਹੀਂ ਹੈ। ਉਨ੍ਹਾਂ ਪਿਆਰਿਆਂ ਦੀ ਡਿਊਟੀ ਪ੍ਰਭੂ ਨੇ ਲਾਈ ਹੋਈ ਹੈ ਉਨ੍ਹਾਂ ਉਪਰ ਸ਼ੰਕਾ ਨਾ ਕਰ। ਦਿਨ ਲੰਘ ਰਹੇ ਹਨ, ਹਫਤੇ ਲੰਘ ਰਹੇ ਹਨ; ਵੇਲਾ ਹੈ ਤੂੰ ਹੁਣ ਆਪਣੇ ਆਪ ਨੂੰ ਸੰਭਾਲ –

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।*
*ਭਾਈ ਵੀਰ ਸਿੰਘ*

ਸੋ ਇਸ ਕਰਕੇ ਤੂੰ ਆਪਣਾ ਕਾਰਜ ਕਰ, ਸਮੇਂ ਨੂੰ ਸੰਭਾਲ।

*ਚੇਤਨਾ ਹੈ ਤਉ ਚੇਤ ਲੈ*
*ਨਿਸਿ ਦਿਨਿ ਮੈ ਪ੍ਰਾਨੀ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ॥*
*ਹਰਿ ਗੁਨ ਕਾਹਿ ਨ ਗਾਵਹੀ*
*ਮੂਰਖ ਅਗਿਆਨਾ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥*
*ਅਜਹੂ ਕਛੁ ਬਿਗਰਿਓ ਨਹੀ*
*ਜੋ ਪ੍ਰਭ ਗੁਨ ਗਾਵੈ॥*
*ਕਹੁ ਨਾਨਕ ਤਿਹ ਭਜਨ ਤੇ*
*ਨਿਰਭੈ ਪਦੁ ਪਾਵੈ॥ ਅੰਗ - ੭੨੬*

ਸੋ ਇਸ ਕਰਕੇ ਗੁਰੂ ਮਹਾਰਾਜ ਦੇ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾਓ ਕਿਉਂਕਿ ਅਸਾਡਾ ਮਾਨਸ ਜਨਮ ਜਿਸ ਦੀ ਲੋਚਾ ਦੇਵ ਲੋਕ ਦੇ ਦੇਵਤੇ ਵੀ ਕਰ ਰਹੇ ਹਨ, ਅਸਾਨੂੰ ਪ੍ਰਾਪਤ ਹੋਇਆ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*
*ਅੰਗ - ੧੨*

# ਰਾਮੁ ਸਿਮਰੁ ਪਛੁਤਾਹਿਗਾ ਮਨ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-22)*

ਆਹ ਲੜਕੀਆਂ ਨੇ, ਸ਼ਾਦੀ ਹੋ ਜਾਂਦੀ ਹੈ ਇਹਨਾਂ ਦੀ, ਕਈਆਂ ਦੀ ਐਸੀ ਬਦਕਿਸਮਤੀ ਹੁੰਦੀ ਹੈ ਕਿ ਘਰਵਾਲਾ ਚੜ੍ਹਾਈ ਕਰ ਜਾਂਦੈ, ਬੱਚੇ ਛੋਟੇ ਨੇ। ਆਪ ਦੇ ਹੀ ਬੱਚੇ ਨੇ। ਉਸ ਵੇਲੇ ਖਿਆਲ ਕੀ ਬਣ ਜਾਂਦੈ ਕਿ ਜੇ ਇਹ ਇਥੇ ਰਹਿ ਗਈ ਤਾਂ ਇਹ ਜਾਇਦਾਦ ਦੀ ਮਾਲਕ ਹੋ ਜੂ। ਅਜੇ ਕੱਲ੍ਹ ਆਈ ਹੈ, ਥੋੜ੍ਹਾ ਚਿਰ ਹੋਇਐ ਆਈ ਨੂੰ, ਕਿਉਂ ਨਾ ਇਹਨੂੰ ਘਰੋਂ ਕੱਢੀਏ। ਨਾ ਬੱਚਿਆਂ ਦਾ ਧਿਆਨ ਕਰਦੇ ਨੇ, ਨਾ ਹੋਰ ਕਾਸੇ ਦਾ, ਬੀਬੀ ਨੂੰ ਘਰੋਂ ਕੱਢ ਦਿੰਦੇ ਨੇ। ਕਹਿੰਦੇ ਇਹ ਤਾਂ ਜਾਇਦਾਦ ਲੈ ਲਉਗੀ ਜੇ ਇਥੇ ਰਹਿ ਗਈ। ਆਪਣੀ ਅੰਸ ਦਾ ਵੀ ਨਹੀਂ ਧਿਆਨ ਦਿੰਦੇ। ਕੋਈ ਕਲੇਮ ਮਿਲਣੈ ਤਾਂ ਕਹਿੰਦੇ ਨੇ ਉਹਨੂੰ ਕੱਢੋ ਪਹਿਲਾਂ। ਉਹਨੂੰ ਕੱਢ ਦਿੰਦੇ ਨੇ ਕਿ ਕਲੇਮ ਆਪ ਹੀ ਲੈ ਲਈਏ।

ਕਹਿੰਦੇ, ਇਸ ਤਰ੍ਹਾਂ ਘਰ-ਘਰ ਵਿਚ ਝਗੜੇ ਹੁੰਦੇ ਨੇ, ਮਾਇਆ ਦੇ। ਸੋ ਇਹ ਮਾਇਆ ਮਹਾਰਾਜ ਕਹਿਣ ਲੱਗੇ, ਅਨੇਕ ਰੂਪਾਂ 'ਚ ਹੈ। ਸੰਤਾਂ ਨੂੰ ਹੋਰ ਤਰ੍ਹਾਂ ਨਾਲ ਲੈਂਦੀ ਹੈ। ਦੁਨੀਆਂਦਾਰਾਂ ਨੂੰ ਹੋਰ ਤਰ੍ਹਾਂ ਦਾ ਰੂਪ ਧਾਰ ਕੇ ਦਿਖਾਂਦੀ ਹੈ। ਇਹ ਖਾ ਜਾਂਦੀ ਹੈ -

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥*
*ਅੰਗ- ੬੪੩*

ਬਗੈਰ ਦੰਦਾਂ ਤੋਂ ਖਾ ਰਹੀ ਹੈ -

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥*
*ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥*
*ਅੰਗ- ੫੧੦*

ਮਹਾਰਾਜ ਕਹਿੰਦੇ, ਇਹ ਤਾਂ ਜ਼ਹਿਰੀਲੀ ਚੀਜ਼ ਹੈ ਮਾਇਆ ਜਿਹੜੀ ਹੈ -

*ਮਾਇਆ ਭੁਇਅੰਗਮੁ ਸਰਪੁ ਹੈ*
*ਜਗੁ ਘੇਰਿਆ ਬਿਖੁ ਮਾਇ ॥ ਅੰਗ- ੧੪੧੫*

ਫਨੀਅਰ ਸੱਪ ਹੈ ਕਹਿੰਦੇ, ਇਕ-ਦੋ-ਚਾਰ ਨਹੀਂ, ਸਾਰੇ ਸੰਸਾਰ ਨੂੰ ਇਸ ਨੇ ਘੇਰਿਆ ਹੋਇਆ ਹੈ। ਫਸਾਇਆ ਹੋਇਐ, ਕਿਤੇ ਪੁੱਤਰਾਂ ਨਾਲ ਫਸ ਗਿਆ, ਕਿਤੇ ਪੈਸੇ ਨਾਲ, ਕਿਤੇ ਕੋਠੀਆਂ ਨਾਲ, ਕਿਤੇ ਅਹੁਦਿਆਂ ਨਾਲ, ਕਿਤੇ ਕਿਸੇ ਚੀਜ਼ 'ਚ, ਕਿਤੇ ਕਿਸੇ ਚੀਜ਼ 'ਚ। ਕਹਿੰਦੇ, ਸਾਰਾ ਸੰਸਾਰ ਫਸਿਆ ਪਿਐ। ਹੁਣ ਇਹ ਮਾਰੀ ਕਿਵੇਂ ਜਾਵੇ? ਸੱਪ ਮਾਰਨੈ, ਡੰਡਾ ਲੈ ਕੇ ਮਾਰਿਆ ਜਾਂਦੈ, ਗੋਲੀ ਮਾਰੋ ਤਾਂ ਮਰ ਜਾਂਦੈ ਪਰ ਇਹਨੂੰ ਕੌਣ ਮਾਰੇ, ਇਹਦੀ ਜ਼ਹਿਰ ਨੂੰ ਕੌਣ ਮਾਰ ਸਕਦੈ। ਮਹਾਰਾਜ ਕਹਿੰਦੇ, ਦੋਵੇਂ ਚੀਜ਼ਾਂ ਨੇ। ਇਕ ਪਾਸੇ ਜ਼ਹਿਰ ਹੈ, ਇਕ ਪਾਸੇ ਅੰਮ੍ਰਿਤ ਹੈ। ਜੇ ਅੰਮ੍ਰਿਤ ਮਿਲ ਜਾਵੇ, ਪ੍ਰਗਟ ਹੋ ਜਾਵੇ, ਤਾਂ ਇਹ ਜ਼ਹਿਰ ਮਰ ਜਾਂਦੀ ਹੈ, ਅੰਮ੍ਰਿਤ ਦੇ ਨਾਲ। ਕਹਿੰਦੇ, ਅੰਮ੍ਰਿਤ ਕਿੱਥੋਂ ਮਿਲੇ?

ਕਹਿੰਦੇ, ਅੰਮ੍ਰਿਤ ਤੁਹਾਡੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

*ਧਾਰਨਾ - ਸੁਣ ਮੇਰੇ ਮਨਾ,*
*ਅੰਮ੍ਰਿਤ ਹਰਿ-ਹਰਿ ਨਾਮ ਹੈ।*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ- ੫੩੮*

ਇਹ ਜਿਹੜਾ ਨਾਮ ਹੈ ਆਦਮੀ ਦੇ ਅੰਦਰ ਇਹੀ ਅੰਮ੍ਰਿਤ ਹੈ। ਅਸਲੀ ਅੰਮ੍ਰਿਤ ਹੈ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ- ੯੧੮*

ਲੱਭਦਾ ਨਹੀਂ ਦੁਨੀਆਂ ਵਿਚ, ਅੰਦਰ ਹੀ ਹੈ ਹਰੇਕ ਬੰਦੇ ਦੇ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥*
*ਅੰਗ- ੬੪੪*

ਵਿਹੁ ਇਕੱਠੀ ਕਰੀ ਜਾਂਦੈ ਸਾਰੀ ਜ਼ਿੰਦਗੀ, ਅੰਮ੍ਰਿਤ ਵਲ ਨੂੰ ਮੁਖ ਨਹੀਂ ਕਰਦਾ -

*ਬਿਨੁ ਸਬਦੈ ਸਭੁ ਜਗੁ ਬਉਰਾਨਾ*
*ਬਿਰਥਾ ਜਨਮੁ ਗਵਾਇਆ ॥ ਅੰਗ- ੬੪੪*

ਕਹਿੰਦੇ, ਬਉਰਾ ਹੋ ਗਿਆ। ਹਲਕਿਆ ਹੋਇਆ ਸੰਸਾਰ ਹੈ ਸ਼ਬਦ ਤੋਂ ਬਗੈਰ। ਸੋ ਗੁਰੂ ਦਾ ਜੋ ਸ਼ਬਦ ਹੈ, ਇਹ ਜਪ ਕੇ ਜਦੋਂ ਨਾਮ ਪ੍ਰਗਟ ਹੁੰਦੈ, ਕਹਿੰਦੇ, ਇਹ ਨਾਮ ਜਿਹੜਾ ਹੈ ਇਹ ਵਿਹੁ ਨੂੰ ਮਾਰਨ ਵਾਸਤੇ

ਹੈ -

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ- ੫੩੮*

*ਬਿਖੁ ਕਾ ਮਾਰਣੁ ਹਰਿ ਨਾਮੁ ਹੈ*
*ਗੁਰ ਗਰੁੜ ਸਬਦੁ ਮੁਖਿ ਪਾਇ ॥*
*ਜਿਨ ਕਉ ਪੂਰਬਿ ਲਿਖਿਆ*
*ਤਿਨ ਸਤਿਗੁਰੁ ਮਿਲਿਆ ਆਇ ॥ ਅੰਗ- ੧੪੧੫*

ਸਤਿਗੁਰੂ ਤੋਂ ਸ਼ਬਦ ਮਿਲਣੈ, ਸ਼ਬਦ ਦੀ ਕਮਾਈ ਦੇ ਨਾਲ ਅੰਦਰੋਂ ਨਾਮ ਪ੍ਰਗਟ ਹੋਣੈ, ਅੰਮ੍ਰਿਤ ਪ੍ਰਗਟ ਹੋਣੈ-

*ਮਿਲਿ ਸਤਿਗੁਰ ਨਿਰਮਲੁ ਹੋਇਆ*
*ਬਿਖੁ ਹਉਮੈ ਗਇਆ ਬਿਲਾਇ ॥ ਅੰਗ- ੧੪੧੫*

ਖਤਮ ਹੋ ਗਈ ਵਿਹੁ ਹਉਮੈ ਦੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਸਮਝਾਇਆ ਕਿ ਭਾਈ ਭਾਨਾ! ਤੈਨੂੰ ਸ਼ਬਦ ਦੀ ਬਖਸ਼ਿਸ਼ ਕਰਦੇ ਹਾਂ। ਇਹਨੂੰ ਇਹ ਨਾ ਕਰੀ ਕਿ ਲੈ ਕੇ ਮੈਂ ਫੇਰ ਜਪੂੰ, ਕੱਲ੍ਹ ਨੂੰ, ਪਰਸੋਂ ਨੂੰ, ਚੌਥੇ ਨੂੰ। ਨਾ ਉਸੇ ਵੇਲੇ ਲਗ ਜਾਈਦਾ ਹੁੰਦੈ। ਪੰਜ ਪਿਆਰਿਆਂ ਤੋਂ ਜੇ ਨਾਮ ਮਿਲਦੈ, ਉਸੇ ਵੇਲੇ ਜੇ ਲਗ ਜਾਓ ਤਾਂ ਜੜ੍ਹ ਹਰੀ ਹੋ ਜਾਂਦੀ ਹੈ। ਆਪਾਂ ਬੂਟਾ ਹੁਣ ਲਾਓ ਪੁੱਟ ਕੇ, ਜੇ ਤਾਂ ਜੜ੍ਹ 'ਚ ਉਸੇ ਵੇਲੇ ਪਾਣੀ ਪਾ ਕੇ ਲਾ ਲਿਆ ਤਾਂ, ਤਾਂ ਬਚ ਜਾਏਗਾ। ਜੇ ਨਾ ਕਰਿਆ, ਕਿ ਧਰਤੀ 'ਚ ਲਾ ਦਿਤਾ, ਪਰ ਪਾਣੀ ਕੱਲ੍ਹ ਨੂੰ ਪਾਵਾਂਗੇ, ਪਰਸੋਂ ਨੂੰ ਪਾਵਾਂਗੇ ਉਹ ਸੁੱਕ ਕੇ ਖਤਮ ਹੋ ਜਾਵੇਗਾ। ਸੋ ਇਸ ਤਰ੍ਹਾਂ ਸ਼ਬਦ ਗੁਰੂ ਤੋਂ ਮਿਲਦੈ। ਕਹਿੰਦੇ, ਉਹ ਅਸੀਂ ਤੈਨੂੰ ਦੇ ਦਿਤਾ। ਅੰਮ੍ਰਿਤ ਵੇਲੇ ਉਠਿਆ ਕਰੀਂ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- ੩੦੫*

ਕਹਿੰਦੇ, ਇਸ਼ਨਾਨ ਕਰੇ ਉਠ ਕੇ। ਫੇਰ ਅੰਮ੍ਰਿਤ ਸਰੋਵਰ 'ਚ ਨ੍ਹਾਵੇ। ਹੁਣ ਇਸ ਗੱਲ ਦਾ ਸਾਨੂੰ ਪਤਾ ਨਹੀਂ ਲਗਦਾ। ਇਹ ਗੱਲ ਜਿਹੜਾ ਅਗਸਤ 95 ਦੇ ਮੈਗਜ਼ੀਨ ਦੇ ਵਿਚ ਖਾਸ ਕਰਕੇ ਲਿਖੀ ਹੈ ਕਿ ਅੰਮ੍ਰਿਤ ਦਾ ਕੁੰਡ ਕਿੱਥੇ ਹੈ, ਆਦਮੀ ਦੇ ਅੰਦਰ। ਤ੍ਰਿਵੇਣੀ ਕਿੱਥੇ ਹੈ, ਜਿਹਨੂੰ ਤ੍ਰਿਵੇਣੀ ਕਹਿੰਦੇ ਨੇ। ਸੰਗਮ ਕਿੱਥੇ ਹੈ? ਆਤਮ ਤੀਰਥ ਦਾ ਨਿਵਾਸ ਕਿੱਥੇ ਹੈ? ਜਿੱਥੇ ਮਹਾਰਾਜ ਕਹਿੰਦੇ ਨੇ ਕਿ "ਅੰਮ੍ਰਿਤਸਰਿ ਨਾਵੈ", ਉਹ ਹੈ ਕਿੱਥੇ? ਜਿਥੇ ਤੱਕ ਇਹ ਨੱਕ ਤੇ ਅੱਖਾਂ ਦੀ ਜੜ੍ਹ ਸਾਂਝੀ ਹੁੰਦੀ ਹੈ, ਤਿੰਨ ਨਾੜੀਆਂ ਇੜਾ, ਪਿੰਗਲਾ, ਸੁਖਮਨਾ; ਰੀੜ੍ਹ ਦੀ ਹੱਡੀ ਦੇ ਹੇਠਲੇ ਹਿੱਸੇ ਤੋਂ ਮੂਲਧਾਰ ਚੱਕਰ ਤੋਂ ਚਲਦੀਆਂ ਨੇ। ਸਵਾਧਿਠਾਨ ਚੱਕਰ ਆਉਂਦੈ, ਫੇਰ ਮਣੀਪੂਰਵਕ ਚੱਕਰ, ਅਨਹਤ ਚੱਕਰ ਆਉਂਦੈ, ਕੰਠ ਚੱਕਰ ਆਉਂਦੈ, ਉਸ ਤੋਂ ਬਾਅਦ ਛੇਵਾਂ ਜਿਹੜਾ ਚੱਕਰ ਹੈ, ਉਹ ਇਥੇ ਹੁੰਦੈ। ਇਹਨੂੰ ਆਗਿਆ ਚੱਕਰ ਕਹਿੰਦੇ ਨੇ। ਇਥੇ ਆ ਕੇ ਤਿੰਨਾਂ ਦਾ ਜ਼ੋਰ ਫੇਰ ਹੋ ਜਾਂਦੈ। ਪਰ ਹੇਠਲੇ ਚੱਕਰ ਜਿਹੜੇ ਤੋੜਨੇ ਨੇ, ਕੋਈ ਮਾਮੂਲੀ ਬਾਤ ਨਹੀਂ। ਕੋਈ ਲੱਖਾਂ ਵਿਚੋਂ ਇਕ ਅੱਧਾ ਬੰਦਾ ਕਾਮਯਾਬ ਹੋ ਜਾਏ ਤਾਂ ਹੋ ਜਾਏ ਪਰ ਹੁੰਦਾ ਨਹੀਂ ਅੱਜਕਲ੍ਹ। ਐਨੀ ਸ਼ਕਤੀ ਨਹੀਂ ਕਿਸੇ 'ਚ, ਆਚਾਰ ਨਹੀਂ ਹੈ ਵਿਹਾਰ ਨਹੀਂ ਹੈ, ਆਹਾਰ ਨਹੀਂ ਹੈ। ਗੁਰੂ ਮਹਾਰਾਜ ਨੇ ਇਸ ਗੱਲ ਨੂੰ ਦੇਖ ਕੇ ਸ਼ਬਦ ਦਾ ਬਲ ਪਾ ਦਿਤਾ। ਸ਼ਬਦ ਜਿਹੜਾ ਹੈ, ਉਹ ਪੂਰਿਆਂ ਤੋਂ ਮਿਲਦੈ। ਪੰਜ ਪਿਆਰਿਆਂ ਤੋਂ ਰੀਤ ਹੋ ਗਈ, ਪਹਿਲਾਂ ਗੁਰੂ ਦਿਆ ਕਰਦੇ ਸੀ। ਸ਼ਬਦ ਦਿੰਦੇ ਸਾਰ ਲਿਵ ਲਗ ਜਾਇਆ ਕਰਦੀ ਸੀ।

ਆਹ ਬੀਬੀ ਜੀ (ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ ਲੁਧਿਆਣੇ ਅੰਮ੍ਰਿਤ ਛਕਾ ਰਹੇ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਨੇ। ਫਲ੍ਹੇਵਾਲ ਦਾ ਲੜਕਾ ਸੀ ਉਹ। ਜਿਸ ਵਕਤ ਪੰਜ ਚੂਲੇ ਉਸ ਦੇ ਸੀਸ 'ਚ ਪਾਏ, ਪੰਜ ਪਿਲਾਏ ਤੇ ਅੱਖਾਂ ਦੇ ਵਿਚ ਜਦੋਂ ਆਖਰੀ ਛਿੱਟਾ ਮਾਰਿਆ, ਉਸ ਵੇਲੇ ਆਪ ਨੇ ਉਸ ਬੱਚੇ ਨੂੰ ਐਸੀ ਦ੍ਰਿਸ਼ਟੀ ਨਾਲ ਦੇਖਿਆ ਕਿ ਉਸ ਬੱਚੇ ਦੀ ਉਥੇ ਹੀ ਸਮਾਧੀ ਲਗ ਗਈ।

ਭਾਈ ਸਾਹਿਬ ਕਹਿੰਦੇ ਹੁਣ ਕੀ ਹੋਊ?

ਕਹਿੰਦੇ, ਇਹਦੇ ਅੰਦਰ ਤਾਂ ਨਾਮ ਪ੍ਰਵੇਸ਼ ਕਰ ਗਿਆ। ਵਾਹਿਗੁਰੂ ਮੰਤਰ ਜਿਹੜਾ ਹੈ ਉਹ ਪ੍ਰਵੇਸ਼ ਕਰ ਗਿਆ। ਇਹਦੀ ਸੁਰਤ ਜੁੜ ਗਈ ਹੈ, ਹੁਣ ਨਹੀਂ ਇਹ ਖੁਲ੍ਹਦੀ। 56 ਘੰਟੇ ਬਾਅਦ ਇਹ ਸੁਰਤ 'ਚ ਆਏਗਾ। ਬੱਚੇ ਨੂੰ ਚੁੱਕ ਕੇ ਪਾਸੇ ਰੱਖ ਦਿਤਾ। ਅੰਮ੍ਰਿਤ ਛਕਾਉਣ ਤੋਂ ਬਾਅਦ ਫੇਰ ਸ੍ਰੀ ਅਖੰਡਪਾਠ ਸਾਹਿਬ ਦਾ ਪਾਠ ਸ਼ੁਰੂ ਹੋ ਗਿਆ ਤੇ ਜਦੋਂ 56 ਘੰਟੇ ਹੋਏ। 12 ਘੰਟੇ ਕੀਰਤਨ ਹੁੰਦਾ ਰਿਹਾ, ਉਹ ਲੰਮਾ ਕੀਰਤਨ ਕਰਦੇ ਸੀ ਬਹੁਤ। 48 ਘੰਟਿਆਂ 'ਚ ਪਾਠ ਹੋਇਆ। ਪਹਿਲਾਂ ਇਕ ਦੋ ਘੰਟੇ ਲੰਘ ਗਏ, ਫੇਰ ਕੀਰਤਨ ਦੇ ਵਿਚ ਹੋ ਗਿਆ ਸਮਾਂ। ਉਹ ਬੱਚਾ ਇਕ ਦਮ ਉਠ ਖੜਿਆ ਧਰਤੀ ਤੋਂ, ਚੌਂਕੜਾ ਮਾਰੇ ਹੋਏ। ਸੰਗਤ ਤੋਂ ਉੱਚਾ ਉਠ ਗਿਆ। ਲੱਤਾਂ ਖੋਲ੍ਹ ਲਈਆਂ। ਜਿਵੇਂ ਮੱਛੀ ਪਾਣੀ 'ਚ ਤੈਰਦੀ ਹੈ ਇਸ ਤਰ੍ਹਾਂ ਸੰਗਤ ਦੇ ਉਤੇ ਤੈਰਨ ਲਗ ਗਿਆ। ਭਾਈ ਸਾਹਿਬ ਆਪਣੀ ਪੁਸਤਕ 'ਚ ਲਿਖਦੇ ਨੇ ਕਿ ਸਾਡੇ ਸੀਸ ਤੋਂ ਉਪਰ ਦੀ ਹੁੰਦਾ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਆ ਕੇ ਲੰਮਾ ਪੈ ਗਿਆ। ਬਾਪੂ ਜੀ ਕਹਿਣ ਲੱਗੇ ਕਿ ਇਹਦੀ ਸੁਰਤ ਹੁਣ ਦਰਗਾਹ ਦੇ ਵਿਚ ਸਾਮ੍ਹਣੇ ਖੜ੍ਹੀ ਹੈ ਤੇ ਲਾਵਾਂ ਦਾ ਕੀਰਤਨ ਕਰੋ ਭਾਈ ਸਭ।

ਕਹਿੰਦੇ, ਅਸੀਂ ਲਾਵਾਂ ਦਾ ਕੀਰਤਨ ਸ਼ੁਰੂ ਕਰ

ਦਿਤਾ। ਫੇਰ ਕੀਰਤਨ ਦੀ ਸਮਾਪਤੀ ਤੋਂ ਬਾਅਦ ਉਹ ਉਠਿਆ, ਤੇ ਉਹਦਾ ਪੈਰ ਨਾ ਧਰਤੀ 'ਤੇ ਲੱਗੇ। ਉਤੇ-ਉਤੇ ਹੀ ਤੁਰੇ। ਉਹਨੇ ਕੋਈ ਜਪ ਨਹੀਂ ਕਰਿਆ, ਕੋਈ ਤਪ ਨਹੀਂ ਕਰੇ, ਕੁਛ ਨਹੀਂ ਕਰਿਆ, ਅੰਮ੍ਰਿਤ ਛਕਾਉਣ ਵਾਲੇ ਦੇ ਵਿਚ ਹੀ ਐਨੀ ਸੱਤਾ ਸੀ ਕਿ ਜਿਸ ਵਕਤ ਛਿੱਟਾ ਮਾਰਿਆ ਤੇ ਕਿਹਾ ਕਿ ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ। ਉਹ ਬੋਲ ਨਾ ਸਕਿਆ। ਕਿਉਂਕਿ ਸੱਤਾ ਹੈ ਗੁਰ ਸ਼ਬਦ ਦੇ ਅੰਦਰ। ਜੇ ਸੱਤਾ ਉਹ ਦੇ ਦੇਣ, ਤਾਂ ਅੰਦਰ ਲਗ ਜਾਂਦੀ ਹੈ, ਖਿੜ ਜਾਂਦੀ ਹੈ।

ਜਿਵੇਂ ਬੋਹੜ ਦਾ ਦਰਖਤ ਹੈ। ਇਹਦੀ ਜੜ੍ਹ ਨਹੀਂ ਲਗਿਆ ਕਰਦੀ। ਬੀਜ ਕੇ ਦੇਖ ਲਓ। ਰੂੜੀ 'ਚ ਬੀਜ ਦਿਓ ਤਾਂ ਵੀ ਨਹੀਂ ਲਗਦਾ। ਇਹਦੀ ਗੋਹਲ ਨੂੰ ਪੰਛੀ ਖਾਵੇ, ਦਾਣਾ ਨਰਮ ਹੋ ਜਾਵੇ ਉਹਦੇ ਮਿਹਦੇ ਦੇ ਅੰਦਰ। ਇਹ ਹਜ਼ਮ ਹੁੰਦਾ ਨਹੀਂ, ਵਿੱਠ ਰਾਹੀਂ ਨਿਕਲ ਜਾਂਦੈ। ਉਹਦੀ ਵਿੱਠ ਕਿਸੇ ਇਹੋ ਜਿਹੇ ਥਾਂ ਗਿਰ ਜਾਵੇ, ਜਿੱਥੇ ਸਲਾਭਾ ਜਿਹਾ ਹੋਵੇ, ਜਿਵੇਂ ਖੂਹ ਨੇ, ਮਕਾਨ ਦੀਆਂ ਜੜ੍ਹਾਂ 'ਚ ਇੱਟਾਂ ਠੰਡੀਆਂ ਰਹਿੰਦੀਆਂ ਨੇ। ਉਹਦੀ ਨਰਮਾਈ ਦੇ ਨਾਲ ਇਹ ਹਰਾ ਹੋ ਜਾਂਦੈ। ਜਾਂ ਤਾਂ ਕਿਸੇ ਮਕਾਨਾਂ ਦੇ ਨੇੜੇ ਹਰਾ ਹੋਊ ਜਾਂ ਖੂਹਾਂ 'ਤੇ ਹਰਾ ਹੋਊ। ਇਸੇ ਤਰ੍ਹਾਂ ਦੇ ਨਾਲ ਜਿਹੜਾ ਨਾਮ ਮਿਲਦੈ, ਜਾਂ ਸ਼ਬਦ ਮਿਲਦੈ, ਇਹ ਸ਼ਬਦ ਦੀ ਜੜ੍ਹ ਲਗਦੀ ਹੈ ਪੂਰਿਆਂ ਦੇ ਰਾਹੀਂ ਹੋ ਕੇ -

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥*
*ਅੰਗ- ੬੪੯*

ਸੋ ਇਸ ਤਰ੍ਹਾਂ ਦੇ ਨਾਲ ਜਿਸ ਵਕਤ ਮਹਾਰਾਜ ਜੀ ਨੇ ਸ਼ਬਦ ਦਿਤਾ, ਬਖਸ਼ਿਸ਼ ਕਰੀ, ਕਹਿੰਦੇ, ਲੈ ਭਾਈ ਭਾਨਾ! ਅੰਮ੍ਰਿਤ ਵੇਲੇ ਜਾਗਣਾ ਹੈ -

'***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥(ਅੰਗ-305)***' ਜੁਗਤ ਦਸ ਦਿਤੀ ਕਿ ਅੰਮ੍ਰਿਤਸਰ ਦੇ ਵਿਚ ਇਸ਼ਨਾਨ ਕਿਵੇਂ ਕਰੀਦੈ। ਅੰਮ੍ਰਿਤ ਸਰੋਵਰ ਹੁੰਦੈ।

ਮਹਾਤਮਾ ਦਸ ਦਿੰਦੇ ਨੇ ਜੇ ਕੋਈ ਸ਼ੌਕ ਵਾਲਾ ਹੋਵੇ ਕਿ ਭਾਈ, ਇਸ ਤਰ੍ਹਾਂ ਬੈਠੀਂ, ਇਸ ਤਰ੍ਹਾਂ ਦੇ ਨਾਲ ਤੂੰ ਸਵਾਸ 'ਤੇ ਕੰਟਰੋਲ ਕਰੀਂ। ਇਸ ਤਰ੍ਹਾਂ ਦੇ ਨਾਲ ਤੂੰ ਜਾਪ ਕਰੀਂ। ਫੇਰ ਸੁਰਤ ਤੇਰੀ ਤ੍ਰਿਵੇਣੀ ਵਿਚ ਚਲੀ ਜਾਵੇਗੀ। ਇਸ ਤ੍ਰਿਵੇਣੀ ਦੇ ਵਿਚ ਤੂੰ ਮਨ ਦਾ ਇਸ਼ਨਾਨ ਕਰਾਈਂ -

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ- ੩੦੬*

ਜਿਹਦਾ ਸਵਾਸ ਨਾਮ ਤੋਂ ਬਿਨਾਂ ਖਾਲੀ ਨਹੀਂ ਜਾਂਦਾ। ਉਹ ਜਿਹੜਾ ਸਿੱਖ ਹੈ ਉਹ ਗੁਰੂ ਦੇ ਮਨ ਵਿਚ ਭਾਅ ਜਾਇਆ ਕਰਦੈ। ਇਸ ਕਰਕੇ ਐਸਾ ਫੁਰਮਾਨ ਹੈ -

*ਧਾਰਨਾ - ਸਾਸ ਸਾਸ ਦੇ ਗੇੜੇ ਜਪ ਲਓ ਵਾਹਿਗੁਰੂ।*

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਅੰਦਰ ਨੂੰ ਸਵਾਸ ਜਾਂਦੈ, ਤਾਂ ਵੀ ਨਾਮ ਨਾਲ ਭਰਿਆ ਹੋਇਆ, ਬਾਹਰ ਨੂੰ ਆਉਂਦੈ ਤਾਂ ਵੀ ਨਾਮ ਨਾਲ ਭਰਿਆ ਹੋਇਆ। ਜੁਗਤ ਹੋਇਆ ਕਰਦੀ ਹੈ। ਜਿਹਨੂੰ ਜੁਗਤ ਦਾ ਪਤਾ ਲਗ ਜਾਵੇ, ਉਹ ਬਹੁਤ ਹੀ ਸਹਿਜੇ, ਸਹਿਜ ਕੰਮ ਕਰ ਲਿਆ ਕਰਦੈ। ਨਹੀਂ ਤਾਂ ਟੱਕਰਾਂ ਮਾਰੀ ਜਾਂਦੈ, ਮਾਰ ਕੇ ਹੰਭ ਜਾਂਦੈ। ਕਿਉਂਕਿ ਪੁੱਛਣਾ ਹੈ ਨਹੀਂ ਕਿਸੀ ਤੋਂ। ਆਪਣੇ ਆਪ ਪਤਾ ਨਹੀਂ ਲਗਦਾ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਪਿਆਰਿਆ! ਇਕ ਵੀ ਸਾਸ ਬਿਰਥਾ ਨਾ ਜਾਵੇ-

*ਸਾਸ ਸਾਸ ਹਰਿ ਨਾਮ ਜਪ*
*ਬਿਰਥਾ ਸਾਸ ਮਤੁ ਕੋਇ।*
*ਕਿਆ ਜਾਨਹੁ ਅੰਤ ਕਉ ਇਹੀ ਸਾਸ ਮਤੁ ਹੋਇ।*

ਕੀ ਪਤਾ ਅੰਤ ਦਾ ਇਹੀ ਸਵਾਸ ਹੋਵੇ। ਜੇ ਵਾਹਿਗੁਰੂ ਉਸ ਸਵਾਸ ਦੇ ਨਾਲ ਜੁੜਿਆ ਹੋਇਆ ਨਿਕਲ ਗਿਆ। ਫੇਰ ਕੀ ਹੁੰਦੈ। ਉਹ ਜਮ੍ਹਾਂ ਦੀ ਫਾਂਸੀ ਜਿਹੜੀ ਗਲ 'ਚ ਪਈ ਹੋਈ ਹੈ ਉਹ ਕਟ ਜਾਂਦੀ ਹੈ।

*ਹਰਿ ਹਰਿ ਕਰਤ ਪੂਤਨਾ ਤਰੀ ॥*
*ਬਾਲ ਘਾਤਨੀ ਕਪਟਹਿ ਭਰੀ ॥ ਅੰਗ- ੮੭੪*

ਕਪਟ ਦੀ ਭਰੀ ਹੋਈ, ਮਾਰਨ ਵਾਸਤੇ ਆਉਂਦੀ ਹੈ ਲੇਕਿਨ ਨਾਮ ਜਪਣ ਦੇ ਨਾਲ, ਉਹ ਵੀ ਤਰ ਗਈ। ਸਵਾਸ-ਸਵਾਸ ਨਾਮ ਜਪਦੇ ਨੇ।

ਸੋ ਭਾਈ ਭਾਨਾ ਜੀ ਬਹੁਤ ਹੀ ਪ੍ਰਸੰਨ ਹੋਏ। ਅੰਦਰ ਖੁਸ਼ੀ ਦੀਆਂ ਲਹਿਰਾਂ ਚਲ ਪਈਆਂ। ਨਾਮ ਦਾ ਬਲ, ਸ਼ਬਦ ਦਾ ਜੋ ਬਲ ਹੈ ਉਹਦੇ ਨਾਲ vibration (ਸੂਖਮ ਤਰੰਗਾਂ) ਸ਼ੁਰੂ ਹੋ ਗਈਆਂ। ਸਾਂਭਿਆ ਨਹੀਂ ਜਾਂਦਾ ਅੰਦਰ ਨਾਮ। ਉਛਲ-ਉਛਲ ਪੈਂਦੈ ਸਰੀਰ 'ਚੋਂ। ਕੋਈ ਐਸੀ ਚੀਜ਼ ਮਿਲ ਗਈ, ਕੋਈ ਐਸਾ ਰਤਨ ਮਿਲ ਗਿਆ ਜਿਹਦੇ ਬਾਰੇ ਦਸ ਨਹੀਂ ਸਕਦਾ। ਅੰਦਰ ਮੁਰਝਾਹਟ ਨਹੀਂ ਰਹੀ। ਚੜ੍ਹਦੀ ਕਲਾ ਆ ਗਈ। ਧਰਤੀ

'ਤੇ ਪੈਰ ਨਹੀਂ ਲਗਦਾ। ਥਕੇਵਾਂ ਨਹੀਂ ਹੁੰਦਾ। ਕੁਛ ਨਹੀਂ ਹੁੰਦਾ। ਸੋ ਇਸ ਤਰ੍ਹਾਂ ਆਪਣੇ ਦੇਸ ਵਾਪਸ ਆ ਜਾਂਦੇ ਨੇ। ਉਥੇ ਆ ਕੇ ਬੰਦਗੀ ਕਰਦੇ ਨੇ। ਗੁਰੂ ਮਹਾਰਾਜ ਦੇ ਦੱਸੇ ਹੋਏ ਸਾਧਨ ਦੇ ਮੁਤਾਬਿਕ ਜਿਸ ਵਕਤ ਨਾਮ ਸਵਾਸ ਦੇ ਉਤੇ ਸਿੱਧ ਹੋ ਗਿਆ, ਉਸ ਵੇਲੇ ਦੂਸਰਾ ਦਰਜਾ ਆਇਆ ਕਰਦੈ ਕਿ ਮਨ ਨੂੰ ਇਕ ਨੁਕਤੇ (ਬਿੰਦੂ) 'ਤੇ ਟਿਕਾਉਣ ਦਾ। ਇਕਾਗਰ ਕਰਨ ਦਾ। ਉਹ ਇਕਾਗਰ ਕਰਨ ਵਾਸਤੇ ਜੋ ਸਾਰਿਆਂ ਨਾਲੋਂ ਸੁਖਾਲਾ ਰਸਤਾ ਹੈ, ਉਸ ਇਸ ਤਰ੍ਹਾਂ ਹੈ –

*ਧਾਰਨਾ – ਧਰੀਏ ਮਨ ਵਿਚ ਧਿਆਨ,*
*ਗੁਰਾਂ ਦੀ ਮੂਰਤ ਦਾ।*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥* *ਅੰਗ – ੮੬੪*

*ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ*
*ਨੀਕੀ ਧਿਆਨ ਕਉ ॥ ੧ ॥* *ਅੰਗ– ੧੨੦੮*

ਸੋ ਧਿਆਨ ਇਕ ਜਿਉਂਦੀ ਜਾਗਦੀ ਕਿਰਿਆ ਹੈ। ਗੁਰੂ ਸਮਰੱਥ ਹੈ ਤੇ ਜਦੋਂ ਬਿਰਤੀ ਵਿਚ ਧਿਆਨ ਆ ਜਾਵੇ, ਉਸ ਵੇਲੇ ਜਿਹਦਾ ਧਿਆਨ ਧਰਦੇ ਹਾਂ ਉਹਦੇ ਨਾਲ ਸੱਚਮੁੱਚ ਜੁੜ ਜਾਈਦੈ। ਇਹਦੇ 'ਚ ਕੋਈ ਸ਼ੱਕ ਨਹੀਂ ਹੈ। ਬਹੁਤ ਸਾਰੀਆਂ ਕਿਤਾਬਾਂ 'ਚ ਲਿਖਿਆ ਹੁੰਦੈ ਕਿ ਬੁੱਤ ਪ੍ਰਸਤੀ ਹੈ ਜੀ, ਇਹੋ ਜਿਹੀਆਂ ਗੱਲਾਂ ਸੁਣਨੀਆਂ ਨਹੀਂ ਚਾਹੀਦੀਆਂ। ਕਿਉਂਕਿ ਇਹ ਗੱਲਾਂ ਸੁਣ ਕੇ ਮਨ ਦੇ ਅੰਦਰ ਸ਼ੰਕਾ ਪੈਂਦੈ। ਭਜਨ ਵਿਚ ਜੇ ਨਿੱਕਾ ਜਿਹਾ ਸ਼ੰਕਾ ਵੀ ਪੈ ਜਾਵੇ, ਉਹ ਭਜਨ ਨਹੀਂ ਚੱਲਿਆ ਕਰਦਾ, ਉਥੇ ਹੀ ਜ਼ੀਰੋ ਬਣ ਜਾਇਆ ਕਰਦੈ। ਥੱਲੇ ਮਾਰਦੈ ਚੁੱਕ ਕੇ। ਜੇ ਕਿਸੇ ਮਾੜੇ ਬੰਦੇ ਦਾ ਪ੍ਰਸ਼ਾਦਾ ਵੀ ਛਕ ਲਿਆ, ਬਿਰਤੀ ਲਗਦੀ ਨਹੀਂ ਥੱਲੇ ਆ ਜਾਂਦੀ ਹੈ। ਹੈਰਾਨ ਹੁੰਦਾ ਹੈ ਕਿ ਇਹ ਕੀ ਹੋ ਗਿਆ ਕਿ ਐਨਾ? ਕਿ ਮੈਂ ਤਾਂ ਕੋਈ ਗੱਲ ਹੀ ਨਹੀਂ ਕਰੀ। ਖਿਆਲ ਆਉਂਦੈ ਕਿ ਜਿਹਦਾ ਪ੍ਰਸ਼ਾਦਾ ਛਕਿਆ ਸੀ ਉਹ ਤਾਂ ਰਿਸ਼ਵਤ ਖੋਰ ਬੰਦਾ ਸੀ। ਬਹੁਤ ਹੀ ਸਾਵਧਾਨੀ ਭਜਨ ਮੰਗਦੈ। ਕੋਈ ਦਿਖਾਵਾ ਕਰ ਦੇਵੇ, ਕੋਈ ਗੱਲ ਕਰ ਦੇਵੇ ਵਧਾ ਕੇ, ਕੋਈ ਝੂਠੀ ਗੱਲ ਕਰ ਦੇਵੇ, ਕੋਈ ਮਾਨਤਾ ਦੀ ਗੱਲ ਹੋ ਜਾਏ, ਕੋਈ ਫੁਰਨਾ ਆ ਜਾਵੇ ਕਿ ਲੋਕ ਮੈਨੂੰ ਸੰਤ ਕਹਿੰਦੇ ਨੇ। ਉਹ ਸਾਰੀਆਂ ਚੀਜ਼ਾਂ ਭਜਨ ਦੇ ਵਿਚ ਰੁਕਾਵਟਾਂ ਨੇ ਸਾਧਸੰਗਤ ਜੀ! ਹੇਠਾਂ ਚਲਿਆ ਜਾਂਦੈ ਬੰਦਾ। ਇਸੇ ਕਰਕੇ ਕਹਿੰਦੇ ਨੇ 'ਭਜਨ, ਭੋਜਨ ਅਰ ਨਾਰੀ' ਤਿੰਨੇ ਪੜਦੇ ਦੇ ਅਧਿਕਾਰੀ। ਚੁੱਪ ਕਰਕੇ ਜੇ ਕੋਈ ਬੰਦਾ ਨਾਮ ਜਪਦੈ ਉਹ ਤਾਂ ਨਿਕਲ ਜਾਂਦੈ। ਦੂਸਰਿਆਂ ਨੂੰ ਮਾਇਆ ਸੁੱਟ ਲੈਂਦੀ ਹੈ। ਕਿਉਂਕਿ ਭਜਨ ਕਰਨ ਦੇ ਸ਼ਕਤੀਆਂ ਕੁਦਰਤੀ ਆਉਂਦੀਆਂ ਨੇ। ਸ਼ਕਤੀਆਂ ਦਾ ਲੋਕਾਂ ਨੂੰ ਪਤਾ ਲੱਗਿਆ, ਉਹਨਾਂ ਨੇ ਖਹਿੜਾ ਨਹੀਂ ਛੱਡਣਾ। ਪਤਾ ਲਗ ਜਾਏ ਕਿ ਇਹਦੇ ਬਚਨ 'ਚ ਸਤਿਆ ਹੈ, ਨਹੀਂ ਖਹਿੜਾ ਛੱਡਦੇ, ਚਿਚੜੀ ਵਾਂਗੂੰ ਚਿੰਬੜ ਜਾਂਦੇ ਨੇ।

ਸੋ ਧਿਆਨ ਦੀ ਮੈਂ ਬਾਤ ਕਰਦਾ ਸੀ। ਭਾਈ ਬਿਧੀ ਚੰਦ ਪੱਟੀ ਵਿਚ ਜਦੋਂ ਦੁਸ਼ਾਲੇ ਲੈ ਕੇ ਜਾਣ ਲੱਗੇ ਤੇ ਉਹਦੇ ਵਿਚ ਬੇਗਮਾਂ ਦੇ ਵੀ ਗਹਿਣੇ ਸੀ। ਉਹ ਮੂਹਰਿਓਂ ਕੋਤਵਾਲ ਆ ਗਿਆ, ਰਸਤਾ ਕਿਤੇ ਰਿਹਾ ਨਾ, ਇਧਰੋਂ ਵੀ ਪੁਲਿਸ ਆ ਗਈ, ਉਧਰੋਂ ਵੀ ਆ ਗਈ। ਉਥੇ ਇਕ ਭੱਠ ਵਾਲਾ ਦਾਣੇ ਭੁੰਨਦਾ ਸੀ, ਕਹਿੰਦੇ ਮੈਨੂੰ ਕੋਈ ਥਾਂ ਦੱਸ? ਲੁੱਕ ਜਾਵਾਂ?

ਕਹਿੰਦਾ, ਇਥੇ ਕਿਹੜਾ ਥਾਉਂ ਹੈ, ਮੇਰੇ ਕੋਲ ਕੋਈ ਥਾਉਂ ਹੈ?

ਕਹਿੰਦਾ, ਮੈਂ ਗੁਰੂ ਦਾ ਸਿੱਖ ਹਾਂ।

ਕਹਿੰਦਾ, ਜੇ ਗੁਰੂ ਦਾ ਸਿੱਖ ਹੈਂ, ਭੱਠ ਬਥੇਰਾ ਖੁਲ੍ਹੈ, ਵਿਚ ਛਾਲ ਮਾਰ।

ਭਾਈ ਬਿਧੀ ਚੰਦ ਨੇ ਗੁਰੂ ਛੇਵੇਂ ਪਾਤਸ਼ਾਹ ਦਾ ਧਿਆਨ ਧਰ ਕੇ, ਭੱਠ 'ਚ ਵੜ ਗਿਆ। ਗੁਰੂ ਸਾਹਿਬ ਲਹਿਰੇਗਾਗੇ ਬੈਠੇ ਨੇ।

ਕਹਿੰਦੇ, ਸੰਗਤ ਜੀ! ਜਲਦੀ ਮਸ਼ਕਾਂ ਲੈ ਕੇ ਆਓ।

ਪਾਣੀ ਦੀਆਂ ਮਸ਼ਕਾਂ ਸੁੱਟੋ ਸਾਡੇ ਉਪਰ। ਉਧਰੋਂ ਆ ਜਾਂਦੀ ਹੈ ਪੁਲਿਸ।

ਭਠਿਆਰੇ ਨੂੰ ਕਹਿਣ ਲੱਗੇ, ਕਿ ਇਥੇ ਕੋਈ ਬੰਦਾ ਸੀ।

ਕਹਿੰਦਾ, ਤੁਹਾਨੂੰ ਕੋਈ ਭੁਲੇਖਾ ਪਿਆ ਲਗਦੈ। ਦੋਨੋਂ ਪਾਸੇ ਪੁਲਿਸ ਆਉਂਦੀ ਹੈ ਬੰਦਾ ਕਿੱਥੇ ਨੱਠ ਗਿਆ? ਗਲੀ ਬੰਦ ਹੈ। ਰਸਤਾ ਕੋਈ ਨਹੀਂ?

ਉਤੇ ਛਾਲ ਮਾਰ ਦਿਤੀ ਉਹਨੇ? ਉਤੇ ਚੜ੍ਹ ਕੇ ਦੇਖ ਲਓ। ਆਹ ਇਕ ਮੈਂ ਹਾਂ, ਇਕ ਮੇਰਾ ਭੱਠ ਹੈ। ਤੁਹਾਡੀ ਨਿਗ੍ਹਾ ਨੂੰ ਕੁਛ ਹੋਇਐ, ਭਮੱਤਰ ਗਏ ਤੁਸੀਂ?

ਹੁਣ ਭੱਠ ਤਾਂ ਸੇਕ ਮਾਰਦੈ, ਨੇੜੇ ਨੀਂ ਜਾ ਹੁੰਦਾ। ਕਹਿੰਦੇ, ਭੱਠ 'ਚ ਤਾਂ ਬੰਦਾ ਮਰ ਗਿਆ ਹੋਣੈ, ਜੇ ਵੜ ਵੀ ਗਿਆ ਹੋਇਆ। ਕਿਹੜਾ ਬੰਦੈ ਜਿਹੜਾ ਜਲਦੇ ਭੱਠ 'ਚ ਵੜ ਜਾਏ।

ਓਧਰ ਮਹਾਰਾਜ ਜੀ ਕਹਿੰਦੇ ਨੇ ਪਾਣੀ ਜਲਦੀ ਲਿਆਓ, ਹੋਰ ਪਾਣੀ ਲਿਆਓ, ਹੋਰ ਲਿਆਓ।

ਸਮਾਂ ਲੰਘ ਗਿਆ। ਭਾਈ ਬਿਧੀ ਚੰਦ ਬਾਹਰ ਆ ਜਾਦੇ ਨੇ। ਜਿਹੜੇ ਦੁਸ਼ਾਲੇ ਗੁਰੂ ਕੇ ਸੀ, ਉਹਨਾਂ ਨੂੰ ਕੁਛ ਨਹੀਂ ਹੋਇਆ। ਜਿਹੜੇ ਗਹਿਣੇ ਸੀ ਢਲ ਗਏ।

ਧਿਆਨ ਨੇ ਕਿੰਨਾ ਕੰਮ ਕਰਿਆ।

ਭਾਈ ਦੇਵੀ ਦਾਸ ਵਜ਼ੀਰ ਹੈ ਬਿਲਾਸਪੁਰ ਦੇ ਰਾਜੇ ਦਾ। ਜਿਸ ਵਕਤ ਸਾਰੇ ਰਾਜੇ ਇਕੱਠੇ ਹੋ ਕੇ ਗੁਰੂ ਸਾਹਿਬ ਦੀਆਂ ਵੱਢਵੀਆਂ ਕਰਨ ਲੱਗੇ, ਤਾਂ ਇਹਨਾਂ ਨੇ ਕਿਹਾ ਕਿ ਗੁਰੂ ਨਾਨਕ ਦੀ ਗੱਦੀ ਤਾਂ ਦਰਵੇਸ਼ਾਂ ਦਾ ਘਰ ਹੈ। ਫੇਰ ਇਹਨਾਂ ਦੇ ਬਜ਼ੁਰਗਾਂ ਨੇ ਤੁਹਾਡੇ ਬਜ਼ੁਰਗਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਛੁਡਾਇਐ, ਤੁਸੀਂ ਅਕ੍ਰਿਤਘਣ ਹੋ ਗਏ ਅੱਜ? ਭੁੱਲ ਗਏ ਉਸ ਗੱਲ ਨੂੰ? ਤੇ ਉਸੇ ਗੁਰੂ ਨੂੰ ਅੱਜ ਤੁਸੀਂ ਬੁਰਾ ਭਲਾ ਕਹਿ ਰਹੇ ਓਂ? ਜਦੋਂ ਖਰੀਆਂ-ਖਰੀਆਂ ਗੱਲਾਂ ਕਹੀਆਂ। ਰਾਜੇ ਨਰਾਜ਼ ਹੋ ਗਏ, ਭੀਮ ਸੈਨ ਨਾਲ। ਕਹਿੰਦੇ, ਤੇਰੇ ਤਾਂ ਘਰ ਗੁਰੂ ਗੋਬਿੰਦ ਸਿੰਘ ਜੀ ਦਾ ਜਾਸੂਸ ਬੈਠੈ। ਤੂੰ ਕੀ ਭਾਲਦੈਂ। ਤੇਰਾ ਤਾਂ ਨਾਸ਼ ਹੋਣਾ ਹੀ ਹੋਣੈ, ਨਾਲ ਸਾਡਾ ਵੀ ਕਰਾਏਂਗਾ। ਕਹਿੰਦਾ, ਨਹੀਂ ਇਹ ਤਾਂ ਵਜ਼ੀਰ ਬਹੁਤ ਚੰਗਾ ਹੈ।

ਚੰਗੈ, ਸੁਣ ਲਈ ਗੱਲ ਇਸ ਤੋਂ?

ਮੂਰਖ ਸੀਗੇ। ਸਜ਼ਾ ਦਿਵਾ ਦਿਤੀ।

ਜਲਾਦ ਬੁਲਾ ਲਏ, ਕਹਿਣ ਲੱਗੇ, ਇਸ ਵਜ਼ੀਰ ਦੀਆਂ ਦੋਵੇਂ ਅੱਖਾਂ 'ਚ ਗਰਮ ਸਿਲਾਈ ਫੇਰ ਦਿਓ। ਅੰਨ੍ਹਾਂ ਕਰਕੇ ਇਹਨੂੰ ਧੱਕਾ ਦੇ ਦਿਓ, ਪਹਾੜ ਦੀ ਚੋਟੀ ਤੋਂ।

ਬੜਾ ਹੀ ਅੱਛਾ ਵਜ਼ੀਰ ਸੀ। ਜਲਾਦ ਕਹਿਣ ਲੱਗੇ, ਵਜ਼ੀਰ ਸਾਹਿਬ! ਹੁਕਮ ਦੇ ਮੁਤਾਬਿਕ ਸਾਨੂੰ ਕੁਛ ਤਾਂ ਕਰਨਾ ਹੀ ਪੈਣੈ। ਸਿਲਾਈਆਂ ਗਰਮ ਕਰ ਲਈਆਂ, ਲਾਲ ਹੋ ਗਈਆਂ। ਅੱਖਾਂ ਵਿਚ ਫੇਰਨੀਆਂ ਸੀ।

ਵਜ਼ੀਰ ਕਹਿਣ ਲੱਗਿਆ, ਮੈਨੂੰ ਥੋੜ੍ਹਾ ਜਿਹਾ ਸਮਾਂ ਹੋਰ ਦੇ ਦਿਓ। ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ ਦਾ ਧਿਆਨ ਧਰ ਲਿਆ। ਜਦੋਂ ਧਿਆਨ ਪੂਰੀ ਤਰ੍ਹਾਂ ਟਿਕ ਗਿਆ। ਉਂਗਲੀ ਉਪਰ ਨੂੰ ਕਰ ਹਿਲਾ ਦਿਤੀ, ਕਹਿੰਦਾ, ਕਰ ਲਓ।

ਉਹਨਾਂ ਨੇ ਅੱਖਾਂ ਦੇ ਵਿਚ ਸਿਲਾਈਆਂ ਗਰਮ ਫੇਰ ਦਿਤੀਆਂ। ਧੂੰਆਂ ਜਿਹਾ ਵੀ ਨਿਕਲਿਆ। ਉਸ ਤੋਂ ਬਾਅਦ ਸਿਲਾਈਆਂ ਸੁੱਟ ਦਿਤੀਆਂ। ਕਹਿਣ ਲੱਗੇ, ਆਪਾਂ ਨੇ ਹੁਣ ਧੱਕਾ ਕੀ ਦੇਣੈ। ਰਸਤਾ ਹੈ ਨਹੀਂ ਆਪੇ ਗਿਰ ਕੇ ਮਰ ਜਾਊਗਾ। ਆਪਾਂ ਆਹ ਪਾਪ ਤੋਂ ਤਾਂ ਬਚੇ।

ਆਪ ਉਥੇ ਹੀ ਬੈਠਾ ਹੈ, ਗੁਰੂ ਸਾਹਿਬ ਦੇ ਚਰਨਾਂ ਦਾ ਧਿਆਨ ਹੈ। ਟਿਕਿਆ ਅਡੋਲ ਬੈਠਾ ਹੈ। ਫੁਰਨਾ ਆ ਨਹੀਂ ਰਿਹਾ ਕੋਈ। ਹੌਲੀ-ਹੌਲੀ ਫੁਰਨੇ 'ਚ ਆਇਆ ਤਾ ਨੇਤਰ ਖੋਲ੍ਹਣੇ ਹੀ ਸੀ। ਜਦੋਂ ਨੇਤਰ ਖੋਲ੍ਹੇ ਹੈਰਾਨ ਰਹਿ ਗਿਆ ਕਿ ਇਹਨਾਂ ਨੂੰ ਤਾਂ ਕੁਛ ਹੋਇਆ ਹੀ ਨਹੀਂ। ਇਹ ਤਾਂ ਉਸੇ ਤਰ੍ਹਾਂ ਨੇ ਜਿਵੇਂ ਪਹਿਲਾਂ ਸੀ। ਸਿਲਾਈਆਂ ਫਿਰੀਆਂ ਦਾ ਉਹਨੂੰ ਵੀ ਪਤਾ ਸੀ।

ਉਸ ਤੋਂ ਬਾਅਦ ਉਹ ਵੈਰਾਗ 'ਚ ਆ ਗਿਆ ਕਿ ਮੇਰੇ ਸਤਿਗੁਰੂ ਨੇ ਮੈਨੂੰ ਰੱਖਿਆ ਹੈ। ਉਥੋਂ ਹੀ ਪਹਾੜ ਦੇ ਉਰਲੇ ਪਾਸੇ ਉਤਰਿਆ, ਉਤਰ ਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਚੱਲ ਪਿਆ ਤੇ ਹੌਲੀ-ਹੌਲੀ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ, ਪਤਾ ਕਰਿਆ। ਕਹਿੰਦੇ, ਅੱਜ ਤਾਂ ਮਹਾਰਾਜ ਜੀ ਬਾਹਰ ਦਰਸ਼ਨ ਦੇਣ ਨਹੀਂ ਆਏ। ਅੰਦਰ ਹੀ ਨੇ। ਸੇਵਾਦਾਰ ਨੂੰ ਕਿਹਾ ਕਿ ਮੈਂ ਅੱਜ ਜ਼ਰੂਰ ਦਰਸ਼ਨ ਉਹਨਾਂ ਦੇ ਕਰਨੇ ਨੇ। ਮੇਰਾ ਸੁਨੇਹਾ ਦੇ ਦੇ, ਬੇਨਤੀ ਹੈ। ਬੇਨਤੀ ਕੀਤੀ ਗਈ ਕਿ ਸੱਚੇ ਪਾਤਸ਼ਾਹ! ਬਿਲਾਸਪੁਰੀਏ ਰਾਜੇ ਦਾ ਵਜ਼ੀਰ ਦੇਵੀਦਾਸ ਜਿਹੜਾ ਕਿ ਗੁਰੂ ਘਰ 'ਤੇ ਵੀ ਸ਼ਰਧਾ ਰਖਦੈ, ਉਹ ਆਪ ਦੇ ਦਰਸ਼ਨਾਂ ਵਾਸਤੇ ਹਾਜ਼ਰ ਹੋਇਆ ਹੈ। ਮਹਾਰਾਜ ਕਹਿੰਦੇ, ਅੰਦਰ ਲੈ ਆਓ।

ਉਥੇ ਕੀ ਦੇਖਦੈ, ਮਹਾਰਾਜ ਜੀ ਚੌਂਕੜਾ ਮਾਰੀਂ ਬੈਠੇ ਨੇ। ਪੱਟੀਆਂ ਬੰਨ੍ਹੀਆਂ ਹੋਈਆਂ ਨੇ ਪਾਟਲੀਆਂ 'ਤੇ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਕੀ ਗੱਲ ਹੋ ਗਈ? ਇਹ ਖ਼ੂਨ ਟਪਕਿਆ ਹੋਇਐ ਆਪ ਦੀਆਂ ਪਾਟਲੀਆਂ ਵਿਚੋਂ।

ਮਹਾਰਾਜ ਕਹਿੰਦੇ, ਦੇਵੀਦਾਸ! ਕਿਸੇ ਪ੍ਰੇਮੀ ਦੇ ਉਤੇ ਬੜਾ ਭਾਰਾ ਸੰਕਟ ਆ ਗਿਆ। ਉਹਦੀਆਂ ਅੱਖਾਂ ਦੇ ਵਿਚ ਗਰਮ ਸਿਲਾਈਆਂ ਫਿਰਨੀਆਂ ਸੀ। ਉਹਨੇ ਸਾਡੇ ਚਰਨਾਂ ਦਾ ਧਿਆਨ ਰੱਖ ਲਿਆ। ਇਸ ਕਰਕੇ ਉਹਨੂੰ ਤਾਂ ਸੇਕ ਨਹੀਂ ਲੱਗਿਆ। ਸਾਰਾ ਸੇਕ ਸਾਡੇ ਚਰਨਾਂ ਨੇ ਸਾਂਭ ਲਿਆ। ਸੋ ਕੁਛ ਥੋੜ੍ਹਾ ਇਥੇ ਖ਼ੂਨ ਵੀ ਸਿੰਮ ਗਿਆ।

ਰੋਣ ਲੱਗ ਗਿਆ। ਸੱਚੇ ਪਾਤਸ਼ਾਹ! ਐਡੇ ਦਿਆਲੂ? ਐਡੇ ਕ੍ਰਿਪਾਲੂ। ਉਥੇ ਮੇਰੀ ਰਖਸ਼ਾ ਕਰੀ ਆਪ ਨੇ ਪਹੁੰਚ ਕੇ।

ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਅੱਜ ਦੀਵਾਨ 'ਚ ਬੈਠੇ ਨੇ। ਉਠੇ ਨਹੀਂ। ਸੰਗਤ ਬਾਰ-ਬਾਰ ਦੇਖਦੀ ਹੈ। ਲੇਕਿਨ ਆਪ ਉਠੇ ਨਹੀਂ। ਚਾਰ ਵਜ ਗਏ। ਉਸ ਵੇਲੇ ਆਪ ਨੇ ਕਿਹਾ, ਧੰਨ ਸਿੱਖੀ-ਧੰਨ ਸਿੱਖੀ-ਧੰਨ ਸਿੱਖੀ। ਸਾਰਿਆਂ ਨੇ ਬੇਨਤੀ ਕਰੀ ਪਾਤਸ਼ਾਹ! ਕੀ ਕਾਰਨ ਹੈ ਕਿ ਅੱਜ ਆਪ ਚਾਰ ਵਜੇ ਉਠੇ ਹੋਂ? ਨਾਲ ਧੰਨ ਸਿੱਖੀ ਕਿਹੈ।

ਕਹਿਣ ਲੱਗੇ, ਭਾਈ! ਪਿਸ਼ਾਵਰ ਦੇ ਅੰਦਰ ਭਾਈ ਗੋਂਦਾ। ਅੱਜ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਦੀ ਦੇ ਕਿਨਾਰੇ ਸਾਡੇ ਚਰਨਾਂ ਦਾ ਧਿਆਨ ਧਰ ਕੇ ਬੈਠ ਗਿਆ ਤੇ ਉਹਨੇ ਐਨਾ ਜੱਫਾ ਪਾਇਆ ਹੋਇਆ ਸੀ ਚਰਨਾਂ

ਨੂੰ ਕਿ ਅਸੀਂ ਛੁਡਾ ਨਾ ਸਕੇ। ਜੇ ਅਸੀਂ ਛੁਡਾਉਂਦੇ ਸੀ ਤਾਂ ਉਹਨੂ ਖੇਚਲ ਹੁੰਦੀ ਸੀ। ਸੋ ਸਾਨੂੰ ਵੀ ਓਨੀਂ ਦੇਰ ਤੱਕ ਬੈਠਣ ਪਿਆ, ਜਿੰਨੀ ਦੇਰ ਤੱਕ ਆਪੇ ਉਹਨੇ ਸਾਡੇ ਚਰਨ ਨਹੀਂ ਛੱਡੇ।

ਨੋਟ ਕਰ ਲਿਆ ਸਮਾਂ। ਜਦੋਂ ਭਾਈ ਗੋਂਦਾ ਸੰਗਤ ਲੈ ਕੇ ਆਇਆ। ਸਾਰੀ ਸੰਗਤ ਨੇ ਪੁੱਛਿਆ ਕਿ ਕਿਉਂ ਭਾਈ ਗੋਂਦਾ! ਫਲਾਣੀ ਤਰੀਕ ਨੂੰ ਕਿਵੇਂ ਹੋਇਆ ਸੀ। ਸਾਰੀ ਗੱਲ ਦੱਸੀ, ਸਾਰਿਆਂ ਦਾ ਨਿਹਚਾ ਬੱਝਿਆ।

ਸੋ ਮਹਾਰਾਜ ਕਹਿੰਦੇ ਨੇ ਕਿ ਤੂੰ ਗੁਰੂ ਦਾ ਧਿਆਨ ਕਰ। ਗੁਰੂ ਤੈਨੂੰ ਉਪਰ ਚੁੱਕੇਗਾ।

ਤਿੰਨ ਤਰ੍ਹਾਂ ਦਾ ਧਿਆਨ ਹੁੰਦੈ। ਇਕ ਧਿਆਨ ਹੁੰਦੈ ਸ਼ਬਦ ਦਾ। ਇਕ ਹੋਇਆ ਕਰਦੈ ਜੋਤੀ ਦਾ। ਉਹ ਕੌਣ ਜੋਤੀ ਦਾ ਕਰੇ, ਕੌਣ ਸ਼ਬਦ ਦਾ ਕਰੇ। ਇਹ ਸੰਤਾਂ ਨੂੰ ਪਤਾ ਹੋਇਆ ਕਰਦੈ। ਦੂਸਰਿਆਂ ਨੂੰ ਨਹੀਂ ਹੁੰਦਾ। ਦੂਸਰਿਆਂ ਵਾਸਤੇ ਤਾਂ ਜੋ ਹੁਕਮ ਹੈ, ਉਹ ਇਹੀ ਹੈ-

*ਧਾਰਨਾ - ਧਰੀਏ ਮਨ ਵਿਚ ਧਿਆਨ,*
*ਗੁਰਾਂ ਦੀ ਮੂਰਤ ਦਾ।*

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ (ਅੰਗ - 864)*** ਸੋ ਇਸ ਤਰ੍ਹਾਂ ਨਾਮ ਜਪਦੇ-ਜਪਦੇ ਇਹ ਜਿਹੜਾ ਧਿਆਨ ਹੈ ਐਨਾ ਵਧ ਜਾਂਦੈ। ਇਹਦੇ ਵਿਚ ਆਪਣਾ ਆਪ ਗੁੰਮ (ਸਮਾਅ) ਹੋ ਜਾਂਦੈ। ਭੁੱਲ ਜਾਂਦੈ ਬੰਦਾ ਕਿ ਮੈਂ ਧਿਆਨ ਧਰਦਾਂ। ਧਿਆਨ ਗੁਰੂ ਨਾਨਕ ਹੀ ਰਹਿ ਜਾਂਦੈ, ਹੋਰ ਕੋਈ ਚੀਜ਼ ਰਹਿੰਦੀ ਨਹੀਂ, ਆਪਣਾ ਆਪ ਰਹਿੰਦਾ ਹੀ ਨਹੀਂ। ਜਦੋਂ ਇਹ ਅਵਸਥਾ ਆ ਜਾਵੇ ਉਸ ਵਕਤ ਤ੍ਰਿਕੁਟੀ ਦੇ ਵਿਚ ਲੈਅ ਹੋ ਜਾਇਆ ਕਰਦੈ। ਸ੍ਰੀ ਗੁਰੂ ਨਾਨਕ ਦਾ ਰੂਪ ਬਣ ਜਾਂਦੈ। ਗੁਰੂ ਨਾਲ ਹਰ ਵਕਤ ਮਿਲਿਆ ਰਹਿੰਦੈ, ਅਭੇਦ ਅਵਸਥਾ ਦੀ ਭਗਤੀ ਹੈ ਇਹ। ਇਥੇ ਤ੍ਰਿਕੁਟੀ ਟੁੱਟ ਜਾਂਦੀ ਹੈ ਪਹਿਲੀ। ਉਸ ਤੋਂ ਬਾਅਦ ਵਿਵੇਕ ਮੰਡਲ 'ਚ ਸੁਰਤ ਚਲੀ ਜਾਂਦੀ ਹੈ। ਨਾਮ ਜਿਹੜਾ ਹੈ ਉਸੇ ਤਰ੍ਹਾਂ ਚਲਦੈ। ਨਾਮ ਸਾਰੇ ਸਰੀਰ ਦੇ ਵਿਚ ਰਮ ਜਾਂਦੈ। ਜਿਸ ਦੇ ਬਾਰੇ ਐਸਾ ਫੁਰਮਾਨ ਹੈ -

*ਧਾਰਨਾ - ਰੋਮ ਰੋਮ ਹਰਿ ਧਿਆਵੈ,*
*ਗੁਰਮੁਖ ਪਿਆਰੇ ਦਾ।*

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ- ੯੪੧*

ਸਾਰੇ ਸਰੀਰ ਦੇ ਸਾਢੇ ਤਿੰਨ ਕਰੋੜ ਰੋਮਾਂ ਦੇ ਵਿਚੋਂ ਐਨਰਜੀ ਜਿਹੜੀ ਹੈ ਨਾਮ ਦੀ ਉਹ ਮਹਿਸੂਸ ਹੁੰਦੀ ਹੈ। ਐਨਾ ਬਲ ਪੈ ਜਾਂਦੈ ਸਰੀਰ ਦੇ ਅੰਦਰ, ਐਨਾ ਜ਼ੋਰ ਪੈ ਜਾਂਦੈ ਨਾਮ ਦਾ, ਉਹ ਇਕੱਲੇ-ਇਕੱਲੇ ਰੋਮ ਦੇ ਵਿਚੋਂ ਧੁਨੀ ਸੁਣਾਈ ਦਿੰਦੀ ਹੈ ਨਾਮ ਦੀ। ਇਹ ਬਹੁਤ ਅੱਗੇ ਦੀ ਅਵਸਥਾ ਹੈ। ਸੁਖਾਲੀ ਜਿਹੀ ਨਹੀਂ ਹੈ। ਸੋ ਇਸ ਤੋਂ ਬਾਅਦ ਨਾਮ ਜਿਹੜਾ ਹੈ, ਵਿਵੇਕ ਮੰਡਲ ਦੇ ਵਿਚ ਸੁਰਤ ਨਾਮ ਮੰਡਲ 'ਚ ਪ੍ਰਵੇਸ਼ ਕਰ ਜਾਂਦੀ ਹੈ। ਇਕ ਤਾਂ ਹਿਰਦਾ ਹੈਗਾ ਸਾਡਾ ਜਿਹਨੂੰ ਦਿਲ ਕਹਿੰਦੇ ਹਾਂ, ਇਕ ਹਿਰਦਾ ਹੈ ਜਿਹੜਾ ਤ੍ਰਿਕੁਟੀ ਦੇ ਕੋਲ ਹੈ। ਜਿਹਨੂੰ ਬ੍ਰਹਿਮੰਡੀ ਹਿਰਦਾ ਕਹਿੰਦੇ ਨੇ, ਇਹ ਪਿੰਡੀ ਹਿਰਦੈ ਉਹ ਬ੍ਰਹਿਮੰਡੀ ਹਿਰਦੈ, ਉਹ ਜਦੋਂ ਬ੍ਰਹਿਮੰਡੀ ਹਿਰਦੇ ਦੇ ਵਿਚ ਨਾਮ ਵਸ ਜਾਵੇ, ਫੇਰ ਸਾਰੀਆਂ ਰਿੱਧੀਆਂ-ਸਿੱਧੀਆਂ ਸ਼ਕਤੀਆਂ ਉਥੇ ਗੇੜੇ ਮਾਰਦੀਆਂ ਨੇ। ਬੇਨਤੀਆਂ ਕਰਦੀਆਂ ਨੇ ਮੈਨੂੰ ਅੰਗੀਕਾਰ ਕਰੋ, ਮੈਨੂੰ ਕਰੋ, ਇਕ ਤੋਂ ਦੂਜੀ ਮੂਹਰੇ ਆਉਂਦੀ ਹੈ। ਰਿੱਧੀ ਸਿੱਧੀ ਦਾ ਮੰਡਲ ਹੈ। ਮਹਾਰਾਜ ਕਹਿੰਦੇ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ- ੬੪੯*

ਇਸ ਬ੍ਰਹਿਮੰਡੀ ਹਿਰਦੇ 'ਚ ਜਿਹਦਾ ਨਾਮ ਵਸ ਜਾਂਦੈ, ਰਿਧੀਆਂ-ਸਿੱਧੀਆਂ ਸ਼ਕਤੀਆਂ ਸਾਰੀਆਂ ਪਿੱਛੇ ਲਗ ਤੁਰਦੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਭਾਈ ਭਾਨਾ ਜੀ, ਅੰਮ੍ਰਿਤ ਵੇਲੇ ਉਠਦੇ ਨੇ, ਗੰਗਾ ਦਾ ਇਸ਼ਨਾਨ ਕਰਦੇ ਨੇ, ਨੇੜੇ ਦੀ ਜਾਂਦੀ ਹੈ ਅਯੁੱਧਿਆ ਦੇ। ਬਰੇਤੀ 'ਤੇ ਇਕ ਪਾਸੇ ਹੋ ਕੇ ਬੈਠ ਜਾਂਦੇ ਨੇ। ਮਰਜ਼ੀ ਹੈ ਕਦੇ ਗੁਪਤ ਨਾਮ ਜਪਦੇ ਨੇ, ਕਦੇ ਉੱਚੀ-ਉੱਚੀ ਹਾਕਾਂ ਮਾਰਨ ਲਗ ਜਾਂਦੇ ਨੇ। ਇਕ ਬੰਦਾ ਜੋ ਇਹਨਾਂ ਗੱਲਾਂ ਤੋਂ ਅਗਿਆਤ ਸੀ ਤੇ ਅਭਿਮਾਨੀ ਸੀ। ਬਹੁਤ ਆਪਣੇ ਆਪ ਨੂੰ ਕਹਿੰਦਾ ਕਹਾਉਂਦਾ ਸੀ। ਉਹ ਕਿਤੇ ਜਾਂਦੇ ਨੇ ਸੁਣਿਆ, ਫੇਰ ਇਕ ਦਿਨ ਆਇਆ, ਫੇਰ ਸੁਣਿਆ। ਉੱਚੀ-ਉੱਚੀ ਹਾਕਾਂ ਮਾਰਦੈ, ਵਾਹਿਗੁਰੂ-ਵਾਹਿਗੁਰੂ। ਉਹ ਆ ਗਿਆ, ਉਹ ਕਹਿੰਦਾ ਆ ਕੇ ਤੂੰ ਕੀ ਕਰਨ ਲੱਗਿਐਂ? ਪਹਿਲਾਂ ਤਾਂ ਭਾਈ ਸਾਹਿਬ ਚੁੱਪ ਰਹੇ ਕਿਉਂਕਿ ਆਪਣੇ ਆਪ ਵਿਚ ਸੀ। ਤੇ ਜਦੋਂ ਉਹਨੇ ਬਾਰ-ਬਾਰ ਕਿਹਾ ਉਸ ਵੇਲੇ ਭਾਈ ਸਾਹਿਬ ਕਹਿਣ ਲੱਗੇ, ਪਿਆਰਿਆ! ਆਹ ਸੰਸਾਰ ਦੇ ਅੰਦਰ ਚੋਰਾਂ ਦਾ ਕੋਈ ਅੰਤ ਨਹੀਂ ਹੈ। ਐਨੇ ਨੇ ਕਿ ਪਤਾ ਨਹੀਂ ਲਗਦਾ। ਉਹ ਜੀਵ ਨੂੰ ਘੇਰਦੇ ਨੇ। ਸੁੱਟਦੇ ਨੇ। ਬੜੇ ਹੀ ਸ਼ਕਤੀਸ਼ਾਲ ਨੇ ਤੇ ਉਹਨਾਂ ਤੋਂ ਡਰਦਾ ਮੈਂ ਆਪਣੇ ਮਾਲਕ ਨੂੰ ਹਾਕਾਂ ਮਾਰ ਰਿਹਾਂ। ਵਿਕਾਰ ਨਹੀਂ ਸੀ ਮਨ 'ਚ ਆਉਣ ਦਿੰਦੇ। ਜਦੋਂ ਵਿਕਾਰ ਮਨ 'ਚ ਆਇਆ ਉਸੇ ਵੇਲੇ ਉੱਚੀ-ਉੱਚੀ ਬੋਲਣ ਲਗ ਜਾਂਦੇ ਸੀ। ਕਿਰਿਆ ਸੀ, ਸੱਚਮੁੱਚ ਨਾਮ ਨਾਲ ਜੁੜੇ ਹੋਏ ਸੀ। ਉਸ ਵੇਲੇ ਕਹਿਣ ਲੱਗੇ, ਮੈਂ ਉਹਨਾਂ ਚੋਰਾਂ ਤੋਂ ਡਰਦਾ ਹਾਂ, ਆਪਣੇ ਮਾਲਕ ਨੂੰ ਬੁਲਾ ਰਿਹਾ ਹਾਂ -

*ਧਾਰਨਾ - ਜੀਵ ਇਕ ਤੇ ਸ਼ਿਕਾਰੀ ਬਹੁਤੇ,*
*ਇਕੋ ਤੇਰੀ ਓਟ ਮਾਲਕਾ।*

*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥*
*ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥*

*ਅੰਗ- ੧੩੮੪*

ਕਹਿਣ ਲੱਗੇ, ਪਿਆਰਿਆ! ਬੜੇ ਭਿਆਨਕ ਚੋਰ ਨੇ। ਬਹੁਤ ਇਹੋ ਜਿਹੇ ਨੇ ਜੇ ਉਹਨਾਂ ਦੀ ਗੱਲ ਮੰਨ ਲਓ, ਕੁੰਭੀ ਨਰਕ 'ਚ ਚਲੇ ਜਾਈਏ। ਜ਼ਰਾ ਜਿੰਨੀ ਵੀ ਗੱਲ ਉਹਨਾਂ ਦੀ ਮੰਨ ਲਓ, ਉਸੇ ਵੇਲੇ ਨਰਕ ਤਿਆਰ ਨੇ। ਜਲਨਾ ਪੈਂਦੈ -

*ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥*
*ਚਿਤ੍ਰ ਗੁਪਤੁ ਜਬ ਲੇਖਾ ਮਾਗਹਿ*
*ਤਬ ਕਉਣੁ ਪੜਦਾ ਤੇਰਾ ਢਾਕੈ ॥* *ਅੰਗ- ੬੧੬*

ਕਹਿੰਦੇ, ਲੁਕਦਾ ਨਹੀਂ ਹੈ, ਉਥੇ ਜਾ ਕੇ ਬਹੁਤ ਬੁਰਾ ਹਾਲ ਹੁੰਦੈ। ਐਸਾ ਫੁਰਮਾਨ ਕਰਿਐ ਮੇਰੇ ਸਤਿਗੁਰੂ ਨੇ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ੨੨ ॥*
*ਅੰਗ- ੩੧੫*

ਕਹਿੰਦੇ, ਪਿਆਰਿਆ! ਜੇ ਇਹਨਾਂ ਚੋਰਾਂ ਦਾ ਜ਼ੋਰ ਪੈ ਗਿਆ, ਅਗਾਂਹਾਂ ਜਾ ਕੇ ਜਿਵੇਂ ਤਿਲ ਘਾਣੀ 'ਚ ਪੀੜ ਦਿੰਦੇ ਨੇ ਇਸ ਤਰ੍ਹਾਂ ਪੀੜ ਦਿਤਾ ਜਾਂਦੈ। ਸੋ ਜਦੋਂ ਕਿਸੇ ਚੋਰ ਦਾ ਬਲ ਪੈਣ ਲਗਦੈ ਮੇਰੇ ਉਤੇ, ਮੈਂ ਉੱਚੀ-ਉੱਚੀ ਆਪਣੇ ਮਾਲਕ ਨੂੰ ਹਾਕਾਂ ਮਾਰਦਾਂ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਕਹਿੰਦਾ, ਉਹ ਸੁਣਦਾ ਹੈ।

ਇਕ ਤਾਂ ਨਹੀਂ ਹੈ ਬੇਅੰਤ ਚੋਰ ਨੇ। ਮਿਸਾਲ ਦੇ ਤੌਰ 'ਤੇ 'ਕਾਮ' ਜਿਹੜਾ ਹੈ, ਇਹ ਨਾਮ ਤਾਂ ਰਹਿਣ ਨੀਂ ਦਿੰਦਾ।

*ਜਹਾਂ ਕਾਮ ਤਹਿ ਨਾਮ ਨਹਿ।*
*ਜਹਾਂ ਨਾਮ ਨਹਿ ਕਾਮ।*
*ਦੋਨੋਂ ਕਬਹੂੰ ਨਾ ਮਿਲੈ*
*ਰਵ ਰਜਨੀ ਇਵ ਜਾਨ।*

ਜਿਵੇਂ ਰਾਤ ਤੇ ਦਿਨ ਨਹੀਂ ਮਿਲਦਾ, ਇਸ ਤਰ੍ਹਾਂ ਕਾਮ ਤੇ ਭਜਨ ਨਹੀਂ ਕਦੇ ਵੀ ਮਿਲਿਆ ਕਰਦੇ। ਬਿਰਤੀ ਵਿਚ ਜਾਂ ਨਾਮ ਹੋਏਗਾ, ਜਾਂ ਕਾਮ ਹੋਏਗਾ। ਕ੍ਰੋਧ ਹੈ, ਕ੍ਰੋਧ ਦੇ ਨਾਲ, ਦੇਖੋ -

*ਕਾਮ ਕ੍ਰੋਧ ਮਦੁ ਲੋਭ ਕੀ*
*ਜਬ ਲਗ ਮਨ ਮਹਿ ਖਾਨ।*
*ਤੁਲਸੀ ਪੰਡਤ ਮੂਰਖ ਕੀ*
*ਦੋਨੋਂ ਏਕ ਸਮਾਨ।*

ਜਿੰਨਾਂ ਚਿਰ ਕਾਮ ਤੇ ਕ੍ਰੋਧ ਮਨ ਵਿਚ ਵਸਦੇ ਨੇ ਉਹ ਚਾਹੇ ਦਸ ਹਜ਼ਾਰ ਕਿਤਾਬ ਪੜ੍ਹਿਆ ਹੋਇਐ, ਮੂਰਖ ਜਿਹੜਾ ਮੂਰਖ ਹੈ। ਦੋਵੇਂ ਬਰਾਬਰ ਹੀ ਨੇ। ਲੋਭ ਨੇ ਦੇਖ ਲਓ ਕਿਸ ਤਰ੍ਹਾਂ ਜ਼ਹਿਰੀਲੇ ਪਰੌਂਠੇ ਦੇ ਕੇ ਮਾਰ ਦਿਤੇ ਬੰਦੇ। ਮੋਹ ਜਿਹੜਾ ਹੈ ਇਹਦੇ ਨਾਲ ਬਾਰ-ਬਾਰ ਜੰਮਣਾ ਪੈਂਦੈ।

ਇਕ ਵਾਰੀ ਐਸੀ ਇਕ ਸਾਖੀ ਆਇਆ ਕਰਦੀ ਹੈ ਕਿ ਮਹਾਤਮਾ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਨਾਮ ਲੈਂਦੇ ਨੇ। ਹੱਲ ਚੱਲ ਰਿਹੈ ਤੇ ਉਥੇ ਆਪ ਬੈਠੇ ਨੇ। ਪ੍ਰਸ਼ਾਦਾ ਆ ਗਿਆ ਹਾਜ਼ਰੀ ਦਾ। ਮਹਾਰਾਜ ਨੂੰ ਵੀ ਛਕਾਇਆ ਉਹਨਾਂ ਨੇ, ਤੇ ਆਪ ਵੀ ਛਕ ਲਿਆ।

ਛਕਣ ਤੋਂ ਬਾਅਦ ਆਪ ਨੇ ਕਿਹਾ ਕਿ ਬਜ਼ੁਰਗਾ! ਤੂੰ ਬੜੀ ਸੇਵਾ ਕੀਤੀ ਹੈ। ਤੂੰ ਨਹੀਂ ਜਾਣਦਾ ਤੇਰੇ ਕਰਮਾਂ ਦੇ ਅੰਦਰ ਕਿੰਨਾ ਚੱਕਰ ਹੈ। ਤੈਨੂੰ ਮੁਕਤ ਕਰ ਦੇਈਏ? ਔਖਾ ਹੋ ਗਿਆ ਗੱਲ ਸੁਣ ਕੇ?

ਕਹਿੰਦਾ, ਮਹਾਰਾਜ! ਨਾਲੇ ਮੈਂ ਪ੍ਰਸ਼ਾਦੇ ਛਕਾਵਾਂ ਤੇ ਨਾਲੇ ਤੁਸੀਂ ਮੈਨੂੰ ਮੁਕਤ ਕਰੋਂ। ਉਹ ਇਹ ਸਮਝਦਾ ਸੀ ਕਿ ਮੈਨੂੰ ਮਾਰ ਦੇਣਗੇ। ਮੁਕਤੀ ਮਾਰਨ ਨੂੰ ਕਹਿੰਦੇ ਨੇ।

ਮਹਾਰਾਜ ਕਹਿੰਦੇ, ਸਮਝਦਾ ਨਹੀਂ ਹੈ, ਚਲੋ ਸਮਾਂ ਪੈਣ ਦਿਓ। ਸਮਾਂ ਪਿਆ ਤਾਂ ਫੇਰ ਆਏ, ਬੈਲ ਚੱਲ ਰਹੇ ਨੇ। ਜੋੜੀ ਚੱਲ ਰਹੀ ਹੈ ਤੇ ਇਕ ਬੈਲ ਜਿਹੜਾ ਹੈ ਉਹ ਉਪਰਲਾ ਹੈ। ਉਹ ਅੰਦਰਲੇ ਨੂੰ ਦੱਬ ਕੇ ਰੱਖਦੈ ਮੋੜ 'ਤੇ। ਨੱਠ ਕੇ ਜਾ ਕੇ ਮੁੜਦੈ।

ਕਹਿੰਦੇ, ਮਰਦਾਨਿਆ! ਇਹ ਤਾਂ ਓਹੀ ਬੈਲ ਹੈ, ਕਿਵੇਂ ਨੱਠ-ਨੱਠ ਕੇ ਕਿਵੇਂ ਮੋੜੇ ਲਾਉਂਦੈ। ਖੜ੍ਹਾ ਲਿਆ ਹਲ। ਕਹਿੰਦੇ, ਕਿਉਂ ਬਈ, ਬਜ਼ੁਰਗਾ ਹੁਣ ਦਸ ਦੇ। ਤੂੰ ਪ੍ਰਸ਼ਾਦੇ ਛਕਾਏ ਨੇ, ਸਾਡੇ ਸਿਰ ਦੇ ਉਤੇ ਤੇਰੇ ਪੁੰਨ ਦਾ ਵਜ਼ਨ ਹੈ, ਤੇਰਾ ਭਲਾ ਕਰਨੈ ਅਸੀਂ। ਆਪਣੀ ਬੋਲੀ 'ਚ ਕਹਿਣ ਲੱਗਿਆ, ਕਹਿੰਦਾ, ਬਈ ਦੇਖੋ, ਕਿੰਨੇ ਸੌ ਦਾ ਨਵਾਂ ਲੈਣਗੇ, ਇਹਨਾਂ ਕੋਲ ਤਾਂ ਪੈਸਾ ਨਹੀਂ, ਕਰਜ਼ਾਈ ਹੋ ਜਾਣਗੇ। ਜੇ ਮੇਰੀ ਮੁਕਤੀ ਕਰ ਦਿਤੀ ਤਾਂ ਇਹ ਬੈਲ ਕਿੱਥੋਂ ਲੈਣਗੇ। ਨਾ....। ਟੱਲ੍ਹੀਆਂ ਖੜਕਾ ਦਿਤੀਆਂ। ਕਹਿੰਦਾ, ਨਾ-ਨਾ ਮੇਰੀ ਨਹੀਂ ਮੁਕਤੀ ਕਰਨੀ। ਫੇਰ ਆਏ ਮਹਾਰਾਜ, ਬਹੁਤ ਸਮੇਂ ਤੋਂ ਬਾਅਦ, ਦੇਖਿਆ ਤਾਂ ਕਹਿੰਦੇ, ਆਹ ਕੁੱਤਾ ਬੈਠਾ ਹੈ। ਕਹਿੰਦੇ, ਹੁਣ ਤਾਂ ਕੂਕਰ ਬਣ ਗਿਆ। ਹੁਣ ਦੱਸ?

ਕਹਿੰਦਾ, ਹੁਣ ਕੀ ਦਸਣੈ ਮਹਾਰਾਜ! ਮੇਰੇ ਬੱਚੇ ਬੜੇ ਨਲਾਇਕ ਨੇ। ਰਾਤ ਨੂੰ ਸ਼ਰਾਬ ਪੀ ਲੈਂਦੇ ਨੇ। ਪੂਰੇ ਦੀ ਚਲਦੀ ਹੈ ਹਵਾ। ਕੋਠੇ 'ਤੇ ਜਾ ਕੇ ਪੈ ਜਾਂਦੇ ਨੇ। ਨਿਕੀਆਂ-ਨਿਕੀਆਂ ਤਾਲੀਆਂ ਲਾ ਕੇ ਚਲੇ ਜਾਂਦੇ ਨੇ। ਚੋਰ ਆਉਂਦੇ ਨੇ ਭੰਨਣ, ਕਹਿੰਦਾ ਮੈਂ ਨੱਠ-ਨੱਠ ਪੈਂਦਾ। ਦੇਖ ਲਓ ਮੇਰੀ ਪਿੱਠ ਤੋੜੀ ਪਈ ਹੈ ਡੰਡੇ ਮਾਰ

ਕੇ। ਜੇ ਮੇਰੀ ਕਰ ਦਿਤੀ ਮੁਕਤੀ, ਕਹਿੰਦਾ, ਇਹ ਤਾਂ ਸਾਰੇ ਕੰਗਾਲ ਹੋ ਜਾਣਗੇ। ਉਸ ਤੋਂ ਬਾਅਦ ਲਿਖਿਆ ਹੋਇਐ ਕਿ ਇਕ ਸੱਪ ਦਾ ਜਨਮ ਹੋਇਆ, ਫੇਰ ਜਦੋਂ ਮਹਾਰਾਜ ਆਏ ਤਾਂ ਨਾਲੀ ਦਾ ਕੀੜਾ ਬਣਿਆ ਹੋਇਐ। ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਫੇਰ ਚੱਲਣੈ?

ਕਹਿੰਦੇ, ਹੁਣ ਘਰ ਚੱਲਣੈ ਇਹਨਾਂ ਦੇ, ਉਥੇ ਹੈ। ਘਰ ਆ ਗਏ। ਉਹ ਕਹਿੰਦੇ, ਕੀੜਾ ਲਿਆ ਕੱਢ ਕੇ। ਉਹ ਜਿਹੜਾ ਗਰਦਨ ਚੁੱਕੀਂ ਬੈਠਾ ਉਤੇ ਨੂੰ। ਲੰਮਾ ਸੁੰਡ ਜਿਹਾ ਹੈ ਕੋਈ। ਕਹਿੰਦੇ, ਹੁਣ ਦੱਸ?

ਕਹਿੰਦਾ, ਹੁਣ ਤਾਂ ਮੈਂ ਕਿਸੇ ਦਾ ਕੁਝ ਵਿਗਾੜਦਾ ਹੀ ਨਹੀਂ।

ਕਹਿੰਦੇ, ਫੇਰ?

ਕਹਿੰਦਾ, ਆਹ ਜਿਹੜੇ ਜੁਆਕ ਨੇ ਮੇਰੇ ਪੋਤੇ ਨੇ। ਅੱਧੀ ਰੋਟੀ ਖਾਂਦੇ ਨੇ, ਅੱਧੀ ਨਾਲੀ 'ਚ ਸੁੱਟਦੇ ਨੇ। ਇਹ ਮੈਂ ਇਥੇ ਖਾਈ ਜਾਨਾਂ। ਰੱਜ-ਰੁਜ ਕੇ ਮੈਂ ਆਪਣਾ ਨਾਲੀ 'ਤੇ ਮੂੰਹ ਰੱਖ ਲੈਨਾਂ। ਇਹਨਾਂ ਨੂੰ ਖੇਲ੍ਹਦਿਆਂ ਨੂੰ ਦੇਖੀ ਜਾਨਾਂ। ਕਹਿੰਦੇ, ਮਰਦਾਨਿਆ! ਵਾਹਿਗੁਰੂ ਕਹਿ ਕੇ, ਛਿੱਟਾ ਮਾਰ ਦੇ।

ਛਿੱਟਾ ਮਾਰਿਆ, ਉਸ ਵੇਲੇ ਨਿਕਲ ਆਇਆ ਅੰਦਰੋਂ। ਕਹਿੰਦੇ, ਬਜ਼ੁਰਗਾ! ਹੁਣ ਦੱਸ?

ਕਿੰਨਾ ਦੁਖ ਪਾਇਐ ਤੂੰ ਮੋਹ ਦੇ ਵਿਚ ਪੈ ਕੇ। ਅਸੀਂ ਤੈਨੂੰ ਦੁੱਖਾਂ ਤੋਂ ਬਰੀ ਕਰਨ ਵਾਸਤੇ, ਮਹਾਨ ਅਨੰਦ ਦੇ ਵਿਚ ਪ੍ਰਵੇਸ਼ ਕਰਾਉਣਾ ਚਾਹੁੰਦੇ ਸੀ। ਤੈਨੂੰ ਨਹੀਂ ਸੀ ਇਸ ਗੱਲ ਦਾ ਪਤਾ ਮੋਹ ਦੇ ਵਸ ਵਿਚ ਪਏ ਹੋਏ ਨੂੰ। ਸੋ ਪਿਆਰਿਆ, ਦੇਖ ਲੈ ਮੋਹ ਕਿੰਨੀ ਵੱਡੀ ਚੀਜ਼ ਹੈ। ਮੋਹ ਦੇ ਵਸ ਹਰ ਬੰਦਾ ਪਿਆ ਹੋਇਐ। ਉਸੇ ਘਰ 'ਚ ਭੂਤ-ਪ੍ਰੇਤ ਬਣ ਕੇ ਤੁਰਿਆ ਫਿਰਦੈ। ਮੋਹ ਦੇ ਵਸ ਕਰਕੇ ਮੁੜ-ਮੁੜ ਆਉਂਦੈ। ਕਦੇ ਕੁੱਤਾ ਬਣ ਗਿਆ ਘਰ 'ਚ, ਕਦੇ ਬੈਲ ਬਣ ਗਿਆ, ਕਦੇ ਕੁਛ ਬਣ ਗਿਆ, ਕਦੇ ਕੁਛ ਬਣ ਗਿਆ। ਕਹਿੰਦੇ ਕਿੱਡਾ ਚੋਰ ਖਤਰਨਾਕ ਹੈ।

ਇਸੇ ਤਰ੍ਹਾਂ ਦੇ ਨਾਲ ਠੱਗ ਨੇ ਇਹਦੇ ਵਿਚ ਰਾਜ, ਮਾਲ, ਰੂਪ, ਜਾਤ, ਜੋਬਨ ਪੰਜ ਠੱਗ।

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*
*ਅੰਗ- ੧੨੮੮*

ਸੋ ਇਸ ਤਰ੍ਹਾਂ ਦੇ ਨਾਲ ਇਹ ਦਿਨ ਰਾਤ ਲੁੱਟ ਰਹੇ ਨੇ। ਜਿਹੜੇ ਪਹਿਰੇਦਾਰ ਨੇ ਉਹ ਸੁੱਤੇ ਪਏ ਨੇ-

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*
*ਰਸਨਾ ਸੋਈ ਲੋਭਿ ਮੀਠੈ ਸਾਦਿ ॥*
*ਮਨੁ ਸੋਇਆ ਮਾਇਆ ਬਿਸਮਾਦਿ ॥ ਅੰਗ- ੧੮੨*

ਮਨ ਵੀ ਸੌਂ ਗਿਆ -

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥*
*ਅੰਗ- ੧੮੨*

ਸੌਂ ਗਏ, ਕੰਨ ਵੀ ਸੌਂ ਗਏ, ਅੱਖਾਂ ਵੀ ਸੌਂ ਗਈਆਂ, ਮਨ ਵੀ ਸੌਂ ਗਿਆ, ਬੁੱਧੀ ਵੀ ਸੌਂ ਗਈ। ਮਾਇਆ ਦਾ ਨਸ਼ਾ ਚੜ੍ਹ ਗਿਆ। ਹੁਣ ਕਹਿੰਦੇ, ਇਹ ਤਾਂ ਸੌਂ ਗਏ -

*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ੨ ॥ ਅੰਗ- ੧੮੨*

ਸੁੰਨਾ ਪਿਆ ਹੈ, ਲੁੱਟੀ ਜਾਂਦੇ ਨੇ। ਦਿਨ ਰਾਤ ਲੁੱਟੀ ਜਾਂਦੇ ਨੇ-

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥ ਅੰਗ- ੬੦੦*

ਕੂੜ ਗੱਲਾਂ ਦੇ ਵਿਚ ਪੈ ਕੇ ਸਾਰੀ ਜ਼ਿੰਦਗੀ ਬਤੀਤ ਕਰ ਦਿੰਦੈ। ਕਦੇ ਪ੍ਰਮੇਸ਼ਰ ਦਾ ਨਾਮ ਨਹੀਂ ਚਿੱਤ ਆਉਂਦਾ, ਕਦੇ ਬਿਰਤੀ ਇਕਾਗਰ ਨਹੀਂ ਹੁੰਦੀ, ਕਦੇ ਲੀਨਤਾ 'ਚ ਨਹੀਂ ਆਉਂਦਾ। ਕਦੇ ਅਨੰਦ ਨਹੀਂ ਲੈਂਦਾ। ਜੀਵਨ ਗੁਆ ਕੇ ਇਥੋਂ ਚਲਿਆ ਜਾਂਦੈ। ਸੋ ਪਿਆਰਿਆ! ਕਿਉਂਕਿ ਉਹ ਡਰਦੇ ਨੇ -

*ਉਨ ਤੇ ਰਾਖੈ ਬਾਪੁ ਨ ਮਾਈ ॥*
*ਉਨ ਤੇ ਰਾਖੈ ਮੀਤੁ ਨ ਭਾਈ ॥*
*ਦਰਬਿ ਸਿਆਣਪ ਨਾ ਓਇ ਰਹਤੇ ॥*
*ਸਾਧਸੰਗਿ ਓਇ ਦੁਸਟ ਵਸਿ ਹੋਤੇ ॥ ੩ ॥ ਅੰਗ- ੧੮੨*

ਸੋ ਮੈਂ ਆਪਣੇ ਗੁਰੂ ਨੂੰ ਅਵਾਜ਼ ਮਾਰਦਾਂ, ਤੂੰ ਬੁਰਾ ਕਿਉਂ ਮੰਨਦੈਂ। ਮੈਂ ਤਾਂ ਚੋਰਾਂ ਤੋਂ ਡਰਦਾ ਆਵਾਜ਼ ਮਾਰਦਾਂ ਕਿ ਨੱਠ ਜਾਣਗੇ। ਚੌਕੀਦਾਰ ਜੇ ਪੁਲਿਸ ਨੂੰ ਹਾਕ ਮਾਰਦੈ, ਚੋਰ ਨੱਠ ਜਾਂਦੈ ਕਿ ਖਬਰੇ ਇਥੇ ਪੁਲਿਸ ਨੇੜੇ ਤੇੜੇ ਹੀ ਹੋਵੇ। ਸੋ ਇਸ ਤਰ੍ਹਾਂ ਦੇ ਨਾਲ ਮੈਂ ਤਾਂ ਉੱਚੀ ਬੋਲਦਾਂ।

ਕਹਿੰਦੇ, ਹੁਣ ਉਹ ਹੈ ਮੂਰਖ -

*ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥ ਅੰਗ- ੯੫੩*

*ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥*
*ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥ ਅੰਗ- ੯੫੩*

ਜਿਹੜਾ ਅਹੰਕਾਰ ਕਰ-ਕਰ ਕੇ ਮਰਦਾ ਹੈ, ਅਭਿਮਾਨ ਕਰ-ਕਰ ਕੇ, ਕਹਿੰਦੇ ਉਹ ਮੂਰਖ ਹੁੰਦੈ।

*ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ ॥*

*ਅੰਗ- ੯੫੩*

ਦੁਖ ਵਿਚ ਹੀ ਰਹਿੰਦਾ ਹੈ ਮਨਮੁਖ -

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥*

*ਅੰਗ- ੯੪੭*

ਕਹਿੰਦਾ, ਫੇਰ ਸਾਡਾ ਕੀ ਹਾਲ ਹੈ? ਅਸੀਂ ਤਾਂ ਹਾਕਾਂ ਹੀ ਨਹੀਂ ਮਾਰਦੇ ਉਸ ਪ੍ਰਭੂ ਨੂੰ?

ਕਹਿੰਦਾ, ਫੇਰ ਪਿਆਰਿਆ ਤੁਹਾਨੂੰ ਦਿਨ ਰਾਤ ਲੁੱਟ ਰਹੇ ਨੇ। ਖਬਰਦਾਰ ਹੋ, ਮਨੁੱਖਾ ਜਨਮ ਬਾਰ-ਬਾਰ ਨਹੀਂ ਮਿਲਣਾ। ਬਹੁਤ ਮੁਸ਼ਕਲ ਦੇ ਨਾਲ ਹੱਥ ਵਿਚ ਆਇਐ-

*ਧਾਰਨਾ - ਬਾਰ-ਬਾਰ ਨਾ ਮਿਲਣੀ*
*ਮਾਨਸ ਦੇਹੀ-ਮਾਨਸ ਦੇਹੀ।*

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ੩੦ ॥ ਅੰਗ- ੧੩੬੬*

ਪਿਆਰਿਆ! ਮਨੁੱਖ ਦਾ ਜਨਮ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ। ਭਜਨ ਬੰਦਗੀ ਕਰਨ ਵਾਸਤੇ ਹੋਇਐ। ਪਰ ਇਹ ਪੰਜੇ ਚੋਰ ਇਹਨੂੰ ਲੁੱਟ ਲੈਂਦੇ ਨੇ। ਭੁੱਲ ਜਾਂਦੈ ਕਿ ਮੈਂ ਤਾਂ ਤੈਨੂੰ ਵੀ ਬੇਨਤੀ ਕਰਦਾ ਕਿ ਸਮਰੱਥ ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰ।

ਕਹਿੰਦਾ, ਦੇਖ ਓ ਭਾਈ! ਮੈਨੂੰ ਤੂੰ ਮੱਤਾਂ ਦੇਣ ਲਗ ਗਿਆ। ਮੈਂ ਪੜ੍ਹਿਆ ਲਿਖਿਆ, ਪੈਸੇ ਵਾਲਾ। ਸਾਨੂੰ ਕੀ ਲੋੜ ਪਈ ਹੈ, ਅਸੀਂ ਤਾਂ ਕਦੇ ਚੋਰ ਵਗੈਰਾ ਦੇਖੇ ਹੀ ਨਹੀਂ, ਜਿਹੜੇ ਤੈਨੂੰ ਦਿਸਦੇ ਨੇ।

ਕਹਿੰਦਾ, ਤੂੰ ਦੁਨੀਆਂ ਨੂੰ ਠੱਗਦੈਂ, ਝੂਠ ਬੋਲ ਕੇ।

ਐਨਾ ਕਹਿ ਕੇ ਥੱਪੜ ਮਾਰਿਆ। ਸੱਜੀ ਗੱਲ੍ਹ ਦੇ ਉਤੇ ਤੇ ਖੱਬੀ ਗੱਲ ਦੇ ਉਤੇ ਵੀ। ਕਹਿੰਦਾ, ਮੈਂ ਤੈਨੂੰ ਕੁੱਟਣਾ ਤਾਂ ਬਹੁਤ ਸੀ ਪਰ ਐਨੇ ਨਾਲ ਹੀ ਤੈਨੂੰ ਸਬਕ ਦੇਣਾ ਚਾਹੁੰਦਾ ਹਾਂ। ਲੋਕਾਂ ਨੂੰ ਧੋਖੇ 'ਚ ਪਾਉਂਦੈਂ, ਇਹ ਗੱਲਾਂ ਕਰ-ਕਰ ਕੇ।

ਉਸ ਵੇਲੇ ਭਾਈ ਭਾਨਾ ਜੀ ਨੇ ਕੋਈ ਮਨ ਵਿਚ ਖੇਦ ਨਹੀਂ ਲਿਆਉਂਦੇ। ਸਮਰੱਥ ਪੁਰਸ਼ ਸੀਗੇ, ਇਕ ਫੁਰਨਾ ਕਰ ਦਿੰਦੇ ਉਥੇ ਹੀ ਨੁਕਸਾਨ ਹੋ ਜਾਣਾ ਸੀ ਉਸਦਾ। ਚੁੱਪ ਕਰੇ ਹੋਏ ਨੇ। ਫੇਰ ਕੋਈ ਬੁਰਾ ਨਹੀਂ ਲੋਚਦੇ ਕਿ ਇਹਦਾ ਇਸ ਤਰ੍ਹਾਂ ਹੋ ਜਾਏ, ਆਹ ਹੋ ਜਾਏ। ਕਿਉਂਕਿ ਗੁਰਮਤਿ ਦੇ ਸਿਧਾਂਤ ਦੇ ਨਾਲ ਗੁਰਸਿੱਖ ਨੂੰ ਮਨ੍ਹਾ ਹੈ ਕਿਸੇ ਦਾ ਬੁਰਾ ਸੋਚਣਾ -

*ਧਾਰਨਾ - ਨਹੀਂਓ ਲੋਚਦੇ ਸਾਧੂ ਬੁਰਾ, ਬੁਰਿਆਂ ਦਾ।*

ਬੜੀ ਅਜੀਬ ਬਾਤ ਹੈ, ਬੁਰੇ ਬੁਰਿਆਈ ਕਰਦੇ ਨੇ। ਪਰ ਬੁਰੇ ਦਾ ਬੁਰਾ ਨਾ ਲੋਚਣਾ ਬਹੁਤ ਉੱਚੀ ਬਾਤ ਹੈ।

*ਬੁਰਿਆਂ ਨਾਲ ਬੁਰਿਆਈ ਕਰਨੀ*
*ਮਾਫ ਕਰਨ ਕਈ ਸਿਆਣੇ।*
*ਬੁਰਿਆਂ ਨਾਲ ਭਲਿਆਈ ਕਰਨੀ ਇਹ ਗੁਰ ਨਾਨਕ ਜਾਣੇ।*

ਕਿਉਂਕਿ ਹੁਕਮ ਹੈ -

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*

*ਅੰਗ- ੧੩੮੨*

ਖੁਸ਼ੀਆਂ ਮਿਲ ਗਈਆਂ ਗੁਰੂ ਦੀਆਂ। ਬੁਰੇ ਦਾ ਬੁਰਾ ਚਿਤਵਿਆ ਹੀ ਨਹੀਂ ਹੈ -

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ- ੨੫੯*

ਇਹ ਰਸਤਾ ਹੋਰ ਹੈ, ਦੁਨੀਆਂਦਾਰੀ ਦਾ ਰਸਤਾ ਨਹੀਂ ਹੈ। ਦੁਨੀਆਂਦਾਰੀ ਦਾ ਰਸਤਾ ਹੈ ਕਿ ਉਹਦਾ ਮੂੰਹ ਬੰਦ ਕਰ ਦਿਓ, ਕੁੱਟੋ ਉਹਨੂੰ, ਮਾਰੋ, ਨੁਕਸਾਨ ਕਰੋ। ਪਰ ਗੁਰਮੁਖਾਂ ਦਾ ਰਸਤਾ ਇਹ ਨਹੀਂ, ਗੁਰਮੁਖਾਂ ਦਾ ਰਸਤਾ ਹੈ ਮਾਫ਼ ਕਰਨਾ ਤੇ ਭਲਿਆਈ ਕਰਨੀ। ਬੁਰੇ ਨਾਲ ਵੀ ਭੁਲਿਆਈ ਕਰਨੀ। ਕਿਉਂਕਿ ਐਸਾ ਫੁਰਮਾਨ ਹੈ-

*ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥*
*ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥ ੧ ॥*

*ਅੰਗ- ੧੦੭*

ਕਹਿੰਦੇ, ਦਰਖ਼ਤ ਵੱਢ ਦਿੰਦੈ, ਉਹਦੀ ਕਿਸ਼ਤੀ ਬਣਾ ਲੈਂਦੈ, ਦਰਿਆ ਦੇ ਵਿਚ ਪਾ ਲੈਂਦੈ, ਕਿਸ਼ਤੀ ਉਹਨੂੰ ਡੋਬਦੀ ਨਹੀਂ, ਬਾਰ-ਬਾਰ ਪਾਰ ਲੰਘਾਉਂਦੀ ਹੈ। ਇਸ ਤਰ੍ਹਾਂ ਜਿਹੜਾ ਗੁਰਮੁਖ ਹੈ ਉਹ ਬੁਰੇ ਦਾ ਵੀ ਭਲਾ ਕਰਦੈ। ਅਰਦਾਸ ਕਰਦੈ ਕਿ ਹੇ ਸੱਚੇ ਪਾਤਸ਼ਾਹ! ਕ੍ਰਿਪਾ ਕਰ -

*ਨਾਨਕ ਨਾਮੁ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਰੋਜ਼ ਦੀ ਅਰਦਾਸ ਹੈ ਗੁਰਮੁਖ ਦੀ। ਲੇਕਿਨ ਆਪ ਤਾਂ ਕੁਛ ਨਹੀਂ ਕਰਦਾ। ਜਿਹੜਾ ਮਾਲਕ ਹੈ ਦੂਜੇ ਪਾਸੇ ਜਿਹੜਾ, ਉਹ ਗੁੱਸੇ ਹੋ ਜਾਇਆ ਕਰਦੈ ਕਿ ਮੇਰੇ ਪਿਆਰੇ ਨਾਲ ਇਹ ਕਰਿਆ ਇਸ ਨੇ, ਮੇਰੇ ਪਿਆਰੇ ਨੇ ਤਾਂ ਕੁਛ ਕਿਹਾ ਹੀ ਨਹੀਂ। ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,*
*ਮੁਗਧ ਨਰ ਸੰਤਾਂ ਨਾਲ ਖਹੰਦੇ।*

*ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ ॥*
*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥*
*ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ ॥*

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥*
*ਅੰਗ- ੩੧੯*

ਸੰਤਾਂ ਨਾਲ ਖਹਿਣਾ ਤਾਂ ਦੂਰ ਰਿਹਾ, ਜੇ ਮਸ਼ਕਰੀ ਵੀ ਕਰੇ ਸੰਤਾਂ ਨੂੰ।

*ਸੰਤਨ ਸੇਤੀ ਮਸ਼ਕਰੀ ਇਹ ਡੂਬਨ ਕੀ ਰੀਤ।*

ਜਿਹਨੇ ਡੁੱਬਣਾ ਹੋਵੇ ਸੰਤਾਂ ਨੂੰ ਛੇੜ ਦੇਵੇ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਸੰਗਤਾਂ ਪੂਰਨਮਾਸ਼ੀ ਨੂੰ ਆਪ ਪਾਸ ਜਾਇਆ ਕਰਦੀਆਂ ਸੀ। ਰਸਤੇ 'ਚ ਪਠਾਂਣਾਂ ਦਾ ਪਿੰਡ ਸੀ। ਉਹ ਖਿਝਿਆ ਕਰਦੇ ਸੀ ਕਿ ਇਥੇ ਬੜਾ ਇਕੱਠ ਹੁੰਦੈ। ਬੜੀ ਦੂਰ-ਦੂਰ ਤੋਂ ਆਉਂਦੇ ਨੇ। ਉਹਨਾਂ ਕੋਲ ਸ਼ਿਕਾਰੀ ਕੁੱਤੇ ਬੜੇ ਹੀ ਖਤਰਨਾਕ ਸੀਗੇ।

ਜਦੋਂ ਸੰਗਤ ਆਉਣੀ ਕੁੱਤੇ ਛੱਡ ਦੇਣੇ। ਉਹ ਸੰਗਤ 'ਤੇ ਟੁੱਟ ਕੇ ਪੈ ਜਾਣੇ, ਵਿਚਾਰੇ ਖਾਲੀ ਹੱਥ ਹੁੰਦੇ। ਬੀਬੀਆਂ ਦੇ ਵੀ ਵਸਤਰ ਪਾੜ ਦੇਣੇ, ਬੱਚਿਆਂ ਦੇ, ਬੁੱਢਿਆਂ ਦੇ, ਜਵਾਨਾਂ ਦੇ। ਲਹੂ ਲੁਹਾਨ ਹੋ ਕੇ ਸੰਗਤ ਨੇ ਪਹੁੰਚਣਾ।

ਬਾਬਾ ਜੀ ਕੋਲ ਬੇਨਤੀ ਕਰੀ। ਆਪ ਨੇ ਕਿਹਾ ਕਿ ਹੋਰ ਰਸਤਾ ਨਹੀਂ ਹੈ ਕੋਈ?

ਕਹਿੰਦੇ, ਇਕ ਮੀਲ ਦਾ ਫਰਕ ਹੈ?

ਕਹਿੰਦੇ, ਓਧਰ ਦੀ ਆ ਜਾਇਆ ਕਰੋ।

ਓਧਰ ਦੀ ਆਉਣ ਲਗ ਗਏ ਜਦੋਂ। ਉਹਨਾਂ ਨੂੰ ਪਤਾ ਲਗ ਗਿਆ ਕਿ ਓਧਰ ਦੀ ਲੰਘਦੇ ਨੇ ਹੁਣ। ਕੁੱਤੇ ਲੈ ਕੇ ਪਹਿਲਾਂ ਹੀ ਬਹਿ ਜਾਇਆ ਕਰਨ। ਬਾਬਾ ਜੀ ਦਸਿਆ ਕਿ ਉਹ ਤਾਂ ਹੁਣ ਇਥੇ ਵੀ ਆ ਗਏ ਕੁੱਤੇ ਲੈ ਕੇ। ਕੁੱਤੇ ਛੱਡ ਦਿੰਦੇ ਨੇ, ਦੇਖੋ ਕਿਵੇਂ ਲਹੂ-ਲੁਹਾਨ ਹੋ ਕੇ ਸੰਗਤ ਆਉਂਦੀ ਹੈ।

ਬਾਬਾ ਜੀ ਨੇ ਕਿਹਾ ਕਿ ਹੁਣ ਆਪਾਂ ਨੇ ਕੀ ਕਰਨੈ। ਜਿਹਦੇ ਆਪਾਂ ਹੈਗੇ ਹੁਣ ਉਹ ਆਪੇ ਹੀ ਇਨ੍ਹਾਂ ਨੂੰ ਸਾਂਭੂੰਗਾ। ਆਪਾਂ ਪਾਸੇ ਹਟ ਜਾਓ। ਕਿਉਂਕਿ ਉਹਦੀ ਡਿਊਟੀ ਹੈ।

ਉਸ ਵੇਲੇ ਕੀ ਹੋਇਆ, ਜਵਾਨ ਬੰਦੇ ਮਰਨੇ ਸ਼ੁਰੂ ਹੋ ਗਏ ਉਹਨਾਂ ਦੇ। ਸਾਰੇ ਪਿੰਡ ਦੇ ਜਿਹੜੇ ਨਰ ਸੀਗੇ, ਸਾਰੇ ਹੀ ਮਰ ਗਏ। ਇਕ ਬੀਬੀ ਬੜੀ ਸੋਝੀ ਵਾਲੀ ਸੀ, ਉਹਦੇ ਗੋਦੀ ਸਵਾ ਕੁ ਮਹੀਨੇ ਦਾ ਬੱਚਾ ਸੀ। ਉਹਨੇ ਲਿਆ ਮਹਾਂਪੁਰਸ਼ਾਂ ਦੇ ਚਰਨਾਂ 'ਤੇ ਲਿਟਾ ਦਿਤਾ ਕਿ ਮਹਾਰਾਜ! ਬਖਸ਼ ਦਿਓ-ਬਖਸ਼ ਦਿਓ। ਕ੍ਰਿਪਾ ਕਰੋ।

ਆਪ ਕਹਿਣ ਲੱਗੇ, ਲੈ ਬੀਬੀ! ਆਪਾਂ ਇਹਦਾ ਨਾਉਂ ਹੀ ਅੱਲਾ ਬਖਸ਼ ਰੱਖ ਦਿੰਦੇ ਹਾਂ। ਫੇਰ ਵੀ ਮਹਾਂਪੁਰਸ਼ਾਂ ਨੇ ਗੁੱਸਾ ਨਹੀਂ ਕਰਿਆ ਕਿ ਇਸ ਪਿੰਡ ਦੀ ਤਾਂ ਜੜ੍ਹ ਪੁੱਟੀ ਜਾਣੀ ਚਾਹੀਦੀ ਹੈ। ਕਿਉਂਕਿ ਅਸੂਲ ਐਸਾ ਹੈ ਕਿ ਜੋ ਸੰਤਾਂ ਦੇ ਨਾਲ ਦੋਖ ਕਰਦੈ, ਉਹਦੇ ਬਾਰੇ ਐਸਾ ਫੁਰਮਾਨ ਹੈ -

*ਧਾਰਨਾ - ਅੱਧ ਵਿਚੋਂ ਟੁੱਟਦਾ ਜੀ,*
*ਸੰਤਾਂ ਦਾ ਦੋਖੀ ਜਿਹੜਾ।*
*ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥*
*ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥*

.............................................

*ਸੰਤ ਕਾ ਦੋਖੀ ਇਉ ਬਿਲਲਾਇ ॥*
*ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥ ਅੰਗ- ੨੮੦*

ਕਹਿੰਦੇ, ਕੋਈ ਗੱਲ ਨਹੀਂ। ਵਾਹਿਗੁਰੂ ਦਾ ਫੇਰ ਵਾਹ ਪੈਂਦੈ, ਉਹਦੇ ਨਾਲ ਫੇਰ ਸਿੱਧਾ।

ਸ੍ਰੀ ਅਨੰਦਪੁਰ ਸਾਹਿਬ ਦੇ ਸਾਮ੍ਹਣੇ ਸ਼ਹੀਦ ਬਾਗ ਦਾ ਗੁਰਦਵਾਰਾ ਬਣਾਇਆ ਹੋਇਐ। ਨਿਸ਼ਾਨ ਸਾਹਿਬ ਲੱਗਿਆ ਹੋਇਐ। ਇਕ ਵਾਰੀ ਮੈਂ ਉਥੇ ਬੈਠਾ ਸੀ। ਬਾਬਾ ਗੁਰਦਿੱਤ ਸਿੰਘ ਜੀ ਉਸ ਵੇਲੇ ਉਥੇ ਦੇ ਜਥੇਦਾਰ ਸੀ। ਉਹਨਾਂ ਤੋਂ ਪਹਿਲਾਂ ਬਾਬਾ ਸਾਧੂ ਸਿੰਘ ਨਿਹੰਗ ਜਥੇਦਾਰ ਸੀ। ਉਥੇ ਸਹਿਜ ਸੁਭਾਅ ਗੱਲ ਚੱਲ ਪਈ। ਬਾਬਾ ਜੀ ਦੱਸਣ ਲੱਗ ਪਏ ਕਿ ਜਿਹੜੇ ਬਾਬੇ ਸਾਧੂ ਸਿੰਘ ਸੀ ਉਹ ਬਹੁਤ ਸ਼ਹਿਨਸ਼ੀਲਤਾ ਵਾਲੇ ਸੀ। ਨਹੀਂ ਤਾਂ ਕਹਿੰਦੇ ਨਿਹੰਗ ਸਿੰਘ ਇਕ ਦਮ ਗਲ ਪੈ ਜਾਂਦੇ ਨੇ। ਉਹ ਬਸ ਸ਼ਾਂਤੀ ਦੇ ਭੰਡਾਰ ਸੀਗੇ। ਕਹਿੰਦੇ, ਜਿਸ ਵਕਤ ਨਿਸ਼ਾਨ ਸਾਹਿਬ ਗੱਡਿਆ। ਜਗ੍ਹਾਂ ਗੁਰੂਆਂ ਦੀ ਸੀ। ਪਰ ਇਥੇ ਜੈਲਦਾਰ ਸੀ ਉਹਨੇ ਆਪਣੇ ਖੇਤ ਬਣਾ ਲਏ ਸੀ। ਸੁੰਨਾ ਪਿਆ ਹੁੰਦਾ ਖੇਤ। ਕੁਛ ਨਹੀਂ ਸੀ ਹੁੰਦਾ। ਕੋਈ ਮਾੜੇ ਮੋਟੇ ਦਰਖਤ ਤੇ ਝਾੜੀਆਂ ਖੜ੍ਹੀਆਂ ਹੁੰਦੀਆਂ। ਸਿੰਘਾਂ ਨੇ ਕਿਹਾ ਕਿ ਇਥੇ ਛੇ ਹਜ਼ਾਰ ਸਿੰਘਾਂ ਦਾ ਸਸਕਾਰ ਹੋਇਐ, ਅੰਗੀਠਾ ਸੀ ਤੇ ਇਹ ਯਾਦ ਕਾਇਮ ਕਰਨੀ ਚਾਹੀਦੀ ਹੈ। ਸਿੰਘਾਂ ਨੇ ਨਿਸ਼ਾਨ ਸਾਹਿਬ ਖੜ੍ਹਾ ਕਰ ਦਿਤਾ ਉਥੇ। ਜੈਲਦਾਰ ਨੂੰ ਜਦੋਂ ਪਤਾ ਲੱਗਿਆ ਤਾਂ ਉਹਨੇ ਸੁਨੇਹਾ ਭੇਜਿਆ ਕਿ ਨਿਸ਼ਾਨ ਪੁੱਟ ਲਓ। ਇਹਦੇ ਵਿਚ ਹੀ ਤੁਹਾਡਾ ਭਲਾ ਹੈ, ਨਹੀਂ ਤਾਂ ਕੁੱਟ-ਕੁੱਟ ਕੇ ਤੁਹਾਨੂੰ ਇਥੋਂ ਨਠਾ ਦਿਤਾ ਜਾਏਗਾ। ਬਾਬਾ ਜੀ ਨੂੰ ਕਿਹਾ, ਬਾਬਾ ਜੀ ਕਹਿੰਦੇ ਕੋਈ ਗੱਲ ਨਹੀਂ, ਆਪਾਂ ਗੁਰੂ ਸਾਹਿਬ ਦਾ ਕੰਮ ਕਰ ਰਹੇ ਹਾਂ, ਉਹਨਾਂ ਦੀ ਯਾਦ ਹੈ। ਕੋਈ ਜੋਰ ਕਰਦੈ, ਕਰ ਲਵੇ।

ਬਾਬਾ ਗੁਰਦਿੱਤ ਸਿੰਘ ਜੀ ਕਹਿਣ ਲੱਗੇ ਕਿ ਉਹ ਆਇਆ, 10-20 ਬੰਦੇ ਨਾਲ ਲੈ ਕੇ, ਨਿਸ਼ਾਨ ਸਾਹਿਬ ਪੁੱਟ ਕੇ ਔਹ ਮਾਰਿਆ, ਲੱਕੜੀ ਦਾ ਗੱਡਿਆ ਸੀ। ਕਹਿੰਦੇ, ਚੁੱਕ ਕੇ ਲੈ ਗਿਆ ਲੱਕੜੀ। ਉਹ ਚਲਿਆ ਗਿਆ। ਕਹਿੰਦੇ ਨਿਹੰਗ ਸਿੰਘਾਂ ਨੇ ਇਕ ਹੋਰ ਲੱਕੜੀ ਵੱਢ ਲਈ, ਉਹ ਲਿਆ ਕੇ ਉਹਨਾਂ ਨੇ ਨਿਸ਼ਾਨ ਗੱਡ

ਦਿਤਾ। ਉਹਨੂੰ ਫੇਰ ਪਤਾ ਲੱਗਾ, ਉਹ ਫੇਰ ਆ ਕੇ ਪੁੱਟ ਗਿਆ।

ਕਹਿੰਦੇ, ਬਾਬਾ ਜੀ! ਇਹ ਤਾਂ ਤੁਸੀਂ ਸੰਤਾਂ ਵਾਲੀਆਂ ਗੱਲਾਂ ਲਗ ਗਏ ਕਰਨ। ਨਿਹੰਗਾਂ ਵਾਲੀਆਂ ਤਾਂ ਹੈ ਨਹੀਂ। ਹੁਣ ਅਸੀਂ ਉਹਨੂੰ ਸੋਧ ਦੇਵਾਂਗੇ। ਕਹਿੰਦੇ, ਨਾ ਪਿਆਰਿਓ! ਆਹ ਨਹੀਂ ਆਪਾਂ ਗੱਲ ਕਰਨੀ। ਤੁਸੀਂ ਲਾਈ ਚੱਲੋ, ਥੱਕ ਜਾਓਂਗੇ ਕੀ?

ਉਹ ਪੁੱਟੀ ਜਾਊਗਾ, ਫੇਰ ਮਹਾਰਾਜ ਜਾਣਨ ਤੇ ਇਹ ਜਾਣੇ। ਆਪਣੀ ਡਿਊਟੀ ਤਾਂ ਨਿਸ਼ਾਨ ਸਾਹਿਬ ਲਾਉਣਾ ਹੈ।

ਕਹਿੰਦੇ, ਤੀਜੀ ਵਾਰੀ ਫੇਰ ਲਾ ਦਿਤਾ।

ਕਹਿੰਦੇ, ਘਰੋਂ ਫੇਰ ਤੁਰ ਪਿਆ, ਗੰਡਾਸੀਆਂ, ਬਰਛੇ ਲੈ ਕੇ, ਬਹੁਤ ਸਾਰੇ ਬੰਦੇ ਨਾਲ ਲੈ ਲਏ ਕਿ ਅੱਜ ਜਿਉਂਦੇ ਨਹੀਂ ਛੱਡਣੇ, ਮਾਰ ਹੀ ਦੇਣੇ ਨੇ। ਕਹਿੰਦੇ, ਜਦੋਂ ਰਾਹ 'ਚ ਆਇਆ, ਨੇੜੇ ਆ ਗਿਆ। ਉਥੇ ਘੋੜੀ ਤ੍ਰਬਕ ਗਈ, ਘੋੜੀ ਤੋਂ ਗਿਰ ਗਿਆ, ਪੈਰ ਰਹਿ ਗਿਆ ਰਕਾਬ ਦੇ ਵਿਚ, ਜਿਉਂ ਘੋੜੀ ਨੱਠੀ, ਪੱਥਰਾਂ ਦੇ ਉਤੇ, ਰਾਮ ਗੰਗਾ ਵਲ ਨੂੰ, ਪੱਥਰਾਂ ਦੇ ਉਤੇ ਦੌੜੀ ਜਾਵੇ। ਜਿਉਂ-ਜਿਉਂ ਉਹ ਲਗਦੈ, ਓਨਾਂ ਹੋਰ ਛਾਲ ਮਾਰਦੀ ਹੈ। ਕਹਿੰਦੇ, ਉਥੇ ਘੜੀਸ-ਘੜੀਸ ਕੇ ਬੇਰੂਪ ਕਰ ਦਿਤਾ। ਮਾਸ ਉਧੜ ਗਿਆ, ਮਰ ਗਿਆ ਉਥੇ ਹੀ। ਅੱਤ ਦਾ ਤੇ ਸਬਰ ਦਾ ਫੇਰ ਆਪਸ ਵਿਚ ਮੁਕਾਬਲਾ ਹੋਇਆ ਕਰਦੈ। ***'ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ (ਅੰਗ- 316)***

ਇਕ ਮਹਾਂਪੁਰਸ਼ ਹੋਏ ਨੇ ਬੁੱਧੂ ਜੀ। ਆਪ ਦੇ ਮਨ ਵਿਚ ਆਇਆ ਕਿ ਇਥੇ ਸੰਗਤਾਂ ਨੂੰ ਆਉਣਾ ਪੈਂਦੈ। ਕਿਉਂ ਨਾ ਚੁਰਾਹੇ ਵਿਚ ਜਾ ਕੇ ਮੈਂ ਤੰਦੂਰ ਲਾ ਦੇਵਾਂ। ਤੰਦੂਰ ਲਾ ਦਿਤਾ, ਆਉਂਦੇ ਜਾਂਦਿਆਂ ਨੂੰ ਪ੍ਰਸ਼ਾਦਾ ਛਕਾਉਂਦੇ ਨੇ। ਇਕ ਦਿਨ ਮੁਗਲ ਸਰਦਾਰ ਆਇਆ। ਕਹਿੰਦਾ, ਓਏ ਬੁੱਧੂ! ਫਸਟ ਕਲਾਸ ਰੋਟੀਆਂ ਲਿਆ ਮੇਰੇ ਵਾਸਤੇ। ਖਾਣਾ ਬਣਾ ਕੇ ਲਿਆ।

ਕਹਿੰਦੇ, ਅੱਛਾ ਹਜ਼ੂਰ।

ਉਹਨੇ ਇਸ ਤਰ੍ਹਾਂ ਹੀ ਸਮਝਿਆ ਕਿ ਜਿਵੇਂ ਕੋਈ ਮਜ਼ੂਰ ਲੱਗਿਆ ਹੁੰਦੈ।

ਨਿਮਰਤਾ ਨਾਲ ਸਾਧੂ ਰਹਿੰਦੇ ਹੁੰਦੇ ਨੇ। ਬਾਬਾ ਜੀ ਨੇ ਜਦੋਂ ਪ੍ਰਸ਼ਾਦੇ ਥਾਲੀ 'ਚ ਪਾ ਕੇ ਦਾਲਾ ਪਾ ਕੇ ਦੇ ਦਿਤੇ। ਇਕ ਪ੍ਰਸ਼ਾਦੇ ਨੇ ਥੋੜ੍ਹਾ ਜਿਹਾ ਸੇਕ ਸੀ, ਮਾੜਾ ਜਿਹਾ।

ਕਹਿੰਦਾ, ਓਏ! ਤੈਨੂੰ ਪਤੈ ਮੈਂ ਕੌਣ ਹਾਂ? ਤੂੰ ਮੈਨੂੰ ਸੇਕ ਵਾਲਾ ਪ੍ਰਸ਼ਾਦਾ ਦਿੰਦੈ? ਉੱਠ ਕੇ ਦੋ ਤਿੰਨ ਥੱਪੜ ਮਾਰੇ। ਉਹ ਉਵੇਂ ਜਿਵੇਂ ਖੜ੍ਹੇ ਰਹੇ।

ਕਹਿੰਦੇ, ਖਾਨ ਸਾਹਿਬ! ਤੁਸੀਂ ਬੜਾ ਚੰਗਾ ਕੰਮ ਕਰਿਆ। ਮੇਰੀ ਮਾਂ ਨੇ ਮੇਰਾ ਨਾਉਂ ਬੁੱਧੂ ਤਾਂ ਹੀ ਰਖਿਆ ਸੀ। ਕੁੱਟ ਮਾਰ ਦੇ ਨਾਲ ਹੀ ਠੀਕ ਹੈ।

ਕਹਿੰਦਾ, ਮੈਂ ਹੋਰ ਲਿਆਂਦਾ ਪ੍ਰਸ਼ਾਦੇ, ਤੁਸੀਂ ਇਹ ਨਾ ਖਾਓ।

ਦੁਬਾਰਾ ਫੇਰ ਲਿਆਂਦੇ, ਬੇਦਾਗ ਪ੍ਰਸ਼ਾਦੇ ਦੇ ਦਿਤੇ।

ਸ਼ਕਤੀ ਕਿੰਨੀ ਸੀ ਭਾਈ ਬੁੱਧੂ ਜੀ ਵਿਚ। ਇਕ ਵਾਰੀ ਉਹਨਾਂ ਕੋਲ ਇਕ ਸੰਤ ਆ ਗਏ। ਉਹ ਚਾਂਦੀ ਬਣਾਉਣ ਜਾਣਦਾ ਸੀ। ਉਹਨੇ ਕਿਹਾ ਕਿ ਲੰਗਰ ਦਿਨ ਰਾਤ ਚਲਦੈ। ਹੋਵੇ ਨਾ ਤਾਂ ਮੈਂ ਇਹਨਾਂ ਨੂੰ ਪਾਰੇ ਤੋਂ ਚਾਂਦੀ ਬਣਾਉਣੀ ਦਸ ਦੇਵਾਂ। ਉਹਨਾਂ ਜੁਗਤ ਦਸ ਦਿਤੀ। ਮਹਾਂਪੁਰਸ਼ਾਂ ਨੂੰ ਇਕ ਪਾ ਚਾਂਦੀ ਬਣਾ ਕੇ ਦੇ ਦਿਤੀ।

ਕਹਿੰਦੇ, ਇਥੇ ਹੀ ਰਖ ਦੇ ਭਾਈ।

ਕਹਿੰਦਾ, ਮਹਾਰਾਜ! ਆਹ ਨੁਸਖਾ ਹੈ, ਇਹ ਯਾਦ ਕਰ ਲਓ।

ਕਹਿੰਦੇ, ਮੈਂ ਤਾਂ ਬੁੱਧੂ ਹਾਂ, ਮੇਰੇ ਨਹੀਂ ਯਾਦ ਰਹਿੰਦਾ।

ਕਹਿੰਦਾ, ਫੇਰ ਕੋਈ ਚੁੱਕ ਨਾ ਲਵੇ। ਮੈਂ ਅਲਮਾਰੀ 'ਚ ਰਖ ਜਾਨਾਂ। ਤਾਲਾ ਲਾ ਲਿਓ।

ਉਹ ਦੋ ਮੀਲ ਗਿਆ, ਉਹਨੇ ਕਿਹਾ ਕਿ ਸੰਤ ਐਹੋ ਜਿਹੇ ਹੀ ਨੇ ਢਿਲੇ-ਮੱਠੇ, ਇਹਨਾਂ ਨੇ ਤਾਲਾ ਤਾਂ ਲਾਉਣਾ ਨਹੀਂ, ਨੁਸਖਾ ਕਿਸੇ ਦੇ ਹੱਥ 'ਚ ਆ ਜਾਊ।

ਉਹ ਮੁੜ ਕੇ ਫੇਰ ਆ ਗਿਆ। ਕਹਿੰਦਾ, ਬਾਬਾ ਜੀ! ਤਾਲਾ ਲਾਇਐ?

ਕਹਿੰਦੇ, ਨਹੀਂ।

ਕਹਿੰਦਾ, ਜੇ ਨੁਸਖਾ ਚੁੱਕ ਲਿਆ ਕਿਸੇ ਨੇ।

ਉਹ ਚੁੱਪ ਰਹੇ। ਕਹਿੰਦਾ, ਚਾਂਦੀ ਬਣਾਓਂਗੇ, ਚਾਂਦੀ ਤੇ ਵਧੀਆ ਲੰਗਰ ਚਲਾਓਂਗੇ।

ਬਾਬਾ ਜੀ ਕਹਿਣ ਲੱਗੇ, ਇਹਨੂੰ ਨਾਮ ਦੀ ਮਹਿਮਾ ਦਾ ਪਤਾ ਨਹੀਂ ਹੈ।

ਕਹਿੰਦੇ, ਸੰਤ ਜੀ! ਇੱਟ ਲੈ ਲਓ ਇਥੋਂ। ਚੱਠਾ ਲੱਗਿਆ ਹੋਇਆ ਸੀ। ਗੁਰਦੁਆਰਾ ਸਾਹਿਬ ਝਾੜੂ ਦੇ ਰਹੇ ਸੀ। ਉਹ ਜਦੋਂ ਇੱਟ ਲਈਂ ਆਉਂਦੈ। ਇੱਟ ਸੋਨੇ ਦੀ ਹੈ।

ਕਹਿੰਦਾ, ਸੋਨੇ ਦੀ ਇੱਟ ਹੈ ਇਹਨਾਂ ਕੋਲ ਤਾਂ।

ਬਾਬਾ ਜੀ, ਕਹਿਣ ਲੱਗੇ, ਦੋ ਚਾਰ ਹੋਰ ਲਿਆ ਸਕਦੇ ਹੋਂ?

ਕਹਿੰਦਾ, ਲਿਆਉਂਦਾ। ਜਦੋਂ ਅੱਗੇ ਗਿਆ, ਸਾਰਾ ਹੀ ਚੱਠਾ ਸੋਨੇ ਦਾ ਹੋਇਆ ਪਿਐ। ਝਿਲਮਿਲ-ਝਿਲਮਿਲ ਹੋ ਰਹੀ ਹੈ। ਏਧਰ ਗੁਰਦੁਆਰਾ ਸਾਹਿਬ ਵਲ ਦੇਖਿਆ, ਸਾਰਾ ਗੁਰਦੁਆਰਾ ਝਿਲਮਿਲ-ਝਿਲਮਿਲ ਕਰ ਰਿਹੈ। ਆ ਕੇ ਚਰਨ ਫੜ ਲਏ।

ਕਹਿੰਦਾ, ਮਹਾਰਾਜ! ਮੈਂ ਤਾਂ ਸਮਝਿਆ ਸੀ। ਤੁਸੀਂ ਐਵੇਂ ਸਿੱਧੇ-ਸਾਧੇ ਸੰਤ ਹੋਂ। ਪਰ ਤੁਹਾਡੀ ਤਾਂ ਦ੍ਰਿਸ਼ਟੀ ਵਿਚ ਹੀ ਐਨੀ ਸੱਤਾ ਹੈ ਜਿਧਰ ਨੂੰ ਤੁਸੀਂ ਦੇਖ ਲੈਂਦੇ ਹੋਂ, ਸੋਨਾ ਕੀ ਚਾਹੇ ਹੀਰੇ ਜਵਾਹਰਾਤ ਦੀ ਧਰਤੀ ਸਾਰੀ ਬਣਾ ਦੇਵੋਂ। ਮੈਂ ਐਵੇਂ ਭੁੱਲ ਗਿਆ। ਮੈਂ ਐਵੇਂ ਚਾਂਦੀ ਦਾ ਨੁਸਖਾ ਦੇ ਕੇ ਤੁਹਾਨੂੰ ਕਹਿ ਦਿਤਾ।

ਉਹ ਐਨੀਆਂ ਸ਼ਕਤੀਆਂ ਦੇ ਮਾਲਕ ਸੇਵਾ ਕਰਦੇ ਸੀ। ਸੇਵਾ ਦੇ ਵਿਚ ਪ੍ਰਸ਼ਾਦੇ ਦੇ ਪਿੱਛੇ ਕੁੱਟ ਖਾ ਲਈ। ਫੇਰ ਵੀ ਗੁੱਸਾ ਨਹੀਂ ਕਰਿਆ। ਦੁਬਾਰਾ ਲਿਆ ਕੇ ਦੇ ਦਿਤੇ। ਉਸ ਤੋਂ ਬਾਅਦ ਮੁਗਲ ਖਾਨ ਘੋੜੇ 'ਤੇ ਸਵਾਰ ਹੋਇਆ। ਅਜੇ ਸਾਰਾ ਹੀ ਪੰਜਾਹ ਕੁ ਗਜ਼ ਗਿਐ, ਘੋੜਾ ਤ੍ਰਬਕ ਗਿਆ, ਥੱਲੇ ਗਿਰ ਗਿਆ। ਗਿਰਦੇ ਦਾ ਪੱਟ ਟੁੱਟ ਗਿਆ। ਹਾਏ ਓਏ-ਹਾਏ ਓਏ ਕਰਨ ਲਗ ਗਿਆ।

ਬਾਬਾ ਜੀ ਦੌੜ ਕੇ ਗਏ। ਕਹਿੰਦੇ, ਲਿਆਓ ਭਾਈ, ਛੇਤੀ ਲਿਆਓ ਮੰਜਾ। ਮੰਜਾਂ ਲਿਆਂਦਾ, ਚੁੱਕ ਕੇ ਉਤੇ ਪਾਇਆ। ਡੇਢ ਮਹੀਨਾ ਉਹਦੀ ਸੇਵਾ, ਉਥੇ ਹੀ ਲੱਤ ਬੰਨਵਾ ਦਿਤੀ, ਉਥੇ ਹੀ ਕਰਦੇ ਨੇ। ਬੜੀ ਸੇਵਾ ਕਰੀ।

ਮੁਗਲ ਖਾਂ, ਰੋਜ਼ ਮਾਫੀਆਂ ਮੰਗਦੈ ਕਿ ਮਹਾਰਾਜ ਮੈਂ ਤਾਂ ਤੁਹਾਡੇ ਥੱਪੜ ਮਾਰੇ ਸੀ।

ਕਹਿੰਦੇ, ਕੋਈ ਨੀਂ। ਤੇਰੇ ਥੱਪੜਾਂ ਨਾਲ ਹੀ ਸਾਨੂੰ ਆਹ ਸੇਵਾ ਕਰਨ ਦੀ ਆਦਤ ਪਈ ਹੈ। ਮਹਾਰਾਜ ਕਹਿੰਦੇ -

*ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥*
*ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥*

*ਅੰਗ- ੨੮੦*

ਸੋ ਇਸ ਤਰ੍ਹਾਂ ਦੇ ਨਾਲ ਜਿਹੜਾ ਪ੍ਰੇਮੀ, ਭਾਈ ਭਾਨੇ ਦੇ ਥੱਪੜ ਮਾਰ ਕੇ ਤੁਰ ਗਿਆ, ਉਹ ਉਸ ਵੇਲੇ ਚਲਿਆ ਗਿਆ ਤੇ ਭਾਈ ਭਾਨਾ ਜੀ ਉਥੋਂ ਦੀ ਅੱਧ ਮੀਲ ਹੋਰ ਪਾਸੇ ਹੋ ਕੇ ਬੈਠਣ ਲਗ ਗਏ ਕਿ ਇਥੇ ਇਹਨਾਂ ਨੂੰ ਚੰਗਾ ਨਹੀਂ ਲਗਦਾ। ਚਲੋ, ਆਪਾਂ ਹੀ ਥਾਂ ਛੱਡ ਜਾਨੇ ਹਾਂ। ਉਹਦਾ ਸਾਰਾ ਸਰੀਰ ਕੋਹੜ ਨਾਲ ਫਿਟ ਗਿਆ। ਪਾਣੀ ਵਗਦੈ, ਬਦਬੂ ਮਾਰਦੀ ਹੈ। ਰਾਤ ਨੂੰ ਨੀਂਦ ਨਹੀਂ ਆਉਂਦੀ। ਹਾਏ ਓਏ-ਹਾਏ ਓਏ ਕਰਦੈ। ਹੱਥ ਗਲ ਗਏ ਜਿਹਨਾਂ ਨਾਲ ਮਾਰਿਆ ਸੀ ਥੱਪੜ।

ਕਹਿੰਦਾ, ਮੈਂ ਇਕ ਸਾਧੂ ਨੂੰ ਮਾਰ ਬੈਠਿਆ, ਮੈਂ ਮੂਰਖ ਸੀ। ਮੈਂ ਰੱਬ ਨੂੰ ਨਹੀਂ ਸੀ ਮੰਨਦਾ ਤੇ ਉਹ ਬਾਤ ਜਿਹੜੀ ਕਹਿੰਦਾ ਸੀ, ਉਹ ਮੈਂ ਸਮਝਿਆ ਨਾ। ਮੈਨੂੰ ਲੈ ਚਲੋ ਉਥੇ, ਟੋਲ੍ਹ ਲਓ ਉਸ ਨੂੰ ਕੋਈ। ਨੇੜੇ ਤੇੜੇ ਹੀ ਹੋਣੈ। ਇਹੋ ਜਿਹਾ ਸਾਧੂ ਸੀ।

ਸੋ ਉਹ ਫਿਰੇ ਤੁਰੇ ਨਾਲ ਦੇ ਰਿਸ਼ਤੇਦਾਰ। ਟੋਲ੍ਹ ਲਿਆ। ਇਸ ਨੂੰ ਲੈ ਗਏ।

ਕੋਲ ਜਾ ਕੇ ਖਘਿਆ-ਖਘਿਆ ਕੇ ਬੇਨਤੀਆਂ ਕਰਦੈ ਕਿ ਪਿਆਰਿਓ! ਮੈਨੂੰ ਨਹੀਂ ਸੀ ਪਤਾ ਕਿ ਤੁਹਾਡਾ ਗੁਰੂ ਐਨਾ ਸਮਰੱਥ ਹੈ ਤੇ ਮੈਂ ਮੂਰਖ ਬਣ ਕੇ ਤੁਹਾਡੇ ਥੱਪੜ ਮਾਰ ਦਿਤੇ। ਆਹ ਦੇਖੋ, ਮੇਰੇ ਸਰੀਰ ਦਾ ਕੀ ਹਾਲ ਹੋ ਗਿਆ। ਹੁਣ ਮੈਂ ਤੁਹਾਡੀ ਸ਼ਰਨ ਆਇਆ ਹਾਂ। ਕ੍ਰਿਪਾ ਕਰੋ।

ਕਹਿਣ ਲੱਗੇ, ਪਿਆਰਿਆ! ਸਾਡਾ ਤਾਂ ਕੋਈ ਇਰਾਦਾ ਨਹੀਂ ਸੀ, ਅਸੀਂ ਤਾਂ ਤੇਰਾ ਕੀ ਸਾਰੇ ਸੰਸਾਰ ਦਾ ਰੋਜ਼ ਭਲਾ ਮੰਗਦੇ ਹਾਂ।

*ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।*

ਤੇਰਾ ਬੁਰਾ ਕਿਵੇਂ ਹੋ ਗਿਆ?

ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰੋ।

ਕਹਿਣ ਲੱਗੇ, ਕ੍ਰਿਪਾ ਤਾਂ ਸਾਡੇ ਕੋਲ ਹੈ ਨਹੀਂ। ਕ੍ਰਿਪਾ ਵਾਲਾ ਤਾਂ ਅੰਮ੍ਰਿਤਸਰ ਬੈਠੈ। ਪਰ ਮੈਂ ਤੈਨੂੰ ਇਕ ਦਵਾਈ ਦੇ ਦਿੰਨਾਂ। ਉਹ ਦਵਾਈ ਤੇਰਾ ਇਲਾਜ ਕਰ ਦਏਗੀ।

ਕਹਿੰਦਾ, ਮਹਾਰਾਜ! ਦੇ ਦਿਓ।

ਕਹਿਣ ਲੱਗੇ, ਦੇਖ, ਸਾਰੀ ਸ੍ਰਿਸ਼ਟੀ ਵਿਚ ਇਕ ਸ਼ਕਤੀ ਜਿਸ ਨੂੰ ਵਾਹਿਗੁਰੂ ਕਹਿੰਦੇ ਨੇ, ਉਹ ਪਰੀਪੂਰਨ ਹੈ, ਤੇਰੇ ਅੰਦਰ ਵੀ ਤੇ ਤੇਰੇ ਬਾਹਰ ਵੀ। ਆਹ ਸਾਰੇ ਪਰੀਪੂਰਨ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਇਹਦਾ ਧਿਆਨ ਧਰ। ਇਹ ਦੇਖ ਲੈ।

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*

*ਅੰਗ- ੬੧੨*

ਨਾਲ ਰਹਿੰਦੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*

*ਅੰਗ- ੬੭੭*

ਇਹ ਦਿਸਦੀ ਨਹੀਂ ਹੈ ਅੱਖਾਂ ਨਾਲ, ਹੈਗੀ ਇਹ। ਆਉਂਦੈ ਵਿਸ਼ਵਾਸ਼?

ਕਹਿੰਦਾ, ਜਦੋਂ ਤੁਸੀਂ ਕਹਿ ਦਿਤਾ, ਫੇਰ ਵਿਸ਼ਵਾਸ਼ ਹੈ। ਕਹਿੰਦੇ, ਕਹਿ ਇਹਨੂੰ 'ਸਤਿਨਾਮੁ ਵਾਹਿਗੁਰੂ', 'ਸਤਿਨਾਮੁ ਵਾਹਿਗੁਰੂ','ਸਤਿਨਾਮੁ ਵਾਹਿਗੁਰੂ','ਸਤਿਨਾਮੁ ਵਾਹਿਗੁਰੂ', 'ਸਤਿਨਾਮੁ ਵਾਹਿਗੁਰੂ'। ਪੰਜ ਵਾਰੀ ਕਹਾਇਆ। ਕਹਿੰਦੇ, ਲੈ ਹਟੀ ਨਾ। ਇਹ ਤੇਰੀ ਬੀਮਾਰੀ ਦਾ ਇਲਾਜ ਹੈ –

*ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇਕੋ ਨਾਮ ਵਾਹਿਗੁਰੂ ਦਾ।*

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ- ੨੫੯*

ਲੈ ਪਿਆਰਿਆ! ਆਹ ਦਵਾਈ ਤੇਰੇ ਅੰਦਰ ਰੱਖੀ ਹੈ। ਬੋਲੀ ਜਾਹ। ਅੰਦਰ ਨੂੰ ਸਾਹ ਜਾਂਦੈ, ਸਤਿਨਾਮ, ਬਾਹਰ ਨੂੰ ਆਉਂਦੈ ਵਾਹਿਗੁਰੂ। ਦਿਨ ਰਾਤ ਕਰ ਲੈ।

ਥੋੜ੍ਹੇ ਦਿਨਾਂ 'ਚ ਰਾਜ਼ੀ ਹੋ ਗਿਆ। ਅੰਮ੍ਰਿਤ ਵੇਲੇ ਉਠਦੈ, ਜਿਥੇ ਭਾਈ ਭਾਨਾ ਬੈਠਦੈ। ਨਾਲ ਇਸ਼ਨਾਨ ਕਰਦੈ। ਕੋਲ ਬੈਠਦੈ ਨੇੜੇ ਆ ਕੇ। ਉਹ ਵੀ ਭਜਨ ਕਰਦੈ, ਉਹ ਵੀ ਕਰਦੇ। ਸੁਰਤ ਉਹਦੀ ਵੀ ਚੜ੍ਹ ਗਈ। ਕ੍ਰਿਪਾ ਕੀਤੀ ਮਹਾਂਪੁਰਸ਼ਾਂ ਨੇ। ਉਸ ਤੋਂ ਬਾਅਦ ਬਹੁਤ ਸੰਗਤ ਤਿਆਰ ਹੋ ਗਈ। ਗੁਰੂ ਦੇ ਚਰਨੀਂ ਲਾ ਦਿਤੀ, ਇਕ ਗੁਰਸਿੱਖ ਨੇ। ਆਪ ਵੀ ਨਾਮ ਜਪਦੈ ਤੇ ਦੂਸਰਿਆਂ ਨੂੰ ਵੀ ਨਾਮ ਜਪਾਉਂਦੈ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ-੩੦੬*

ਸੈਂਕੜਿਆਂ ਦੀ ਤਾਦਾਦ ਵਿਚ ਸੰਗਤ ਹੋ ਗਈ। ਚਲੋ, ਭਾਈ ਤੁਹਾਨੂੰ ਵੱਡੇ ਵੈਦ ਦੇ ਦਰਸ਼ਨ ਕਰਾਈਏ। ਗੁਰਾਂ ਦੇ ਦਰਸ਼ਨ ਕਰਾਈਏ। ਸ਼ਰਧਾ ਦੇ ਨਾਲ ਸੰਗ ਚਲਦੈ। ਅੰਮ੍ਰਿਤਸਰ ਪਹੁੰਚ ਜਾਂਦੈ। ਉਸ ਵੇਲੇ ਜਦੋਂ ਪਤਾ ਲੱਗਿਆ, ਮਹਾਰਾਜ ਜੀ ਨੂੰ ਕਿ ਭਾਈ ਭਾਨਾ ਸੰਗਤ ਲੈ ਕੇ ਆ ਰਹੇ ਨੇ। ਬੜੇ ਹੀ ਪਿਆਰ ਦੇ ਨਾਲ ਭਾਈ ਭਾਨੇ ਨੂੰ ਉਹਨਾਂ ਨੇ, ਆਦਰ ਸਤਿਕਾਰ ਦੇ ਨਾਲ ਬੁਲਾਇਆ। ਸੰਗਤ ਦੇ ਮੁਖਾਤਿਬ ਹੋ ਕੇ ਕਹਿਣ ਲੱਗੇ ਪਿਆਰਿਓ! ਇਹ ਗੁਰਸਿੱਖ ਆਦਰਸ਼ਕ ਗੁਰਸਿੱਖ ਹੈ। ਬੁਰਾ ਨਹੀਂ ਮੰਨਿਆ, ਥੱਪੜ ਪਏ ਇਹਦੇ ਮੂੰਹ 'ਤੇ। ਪਰ ਉਹ ਇਹਦੇ ਨਹੀਂ ਪਏ ਉਹ ਮੇਰੇ ਹੀ ਲੱਗੇ ਸੀ। ਕਿਉਂਕਿ ਮੈਂ ਇਹਨਾਂ ਦੇ ਅੰਦਰ ਵਰਤਦਾਂ –

*ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ*
*ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ ਅੰਗ- ੩੧੭*

ਜੇ ਸਿੱਖਾਂ ਨੂੰ ਲੋਚਦੇ ਹੋਂ, ਗੁਰੂ ਦੀ ਖੁਸ਼ੀ ਹੋ ਜਾਂਦੀ ਹੈ। ਬਹੁਤ ਪ੍ਰੇਮੀ ਮੇਰੇ ਕੋਲ ਆਉਂਦੇ ਨੇ ਕਿ ਜੀ ਆਹ ਕੰਮ ਨਹੀਂ, ਔਹ ਨਹੀਂ ਹੁੰਦਾ।

ਮੈਂ ਕਿਹਾ, ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਾ ਦੇ। ਪਰ ਇਕ ਗੱਲ ਦਾ ਧਿਆਨ ਰੱਖੀਂ। ਗੁਰੂ ਦਸਵੇਂ ਪਾਤਸ਼ਾਹ ਤੋਂ ਘੱਟ ਨਾ ਸ਼ਰਧਾ ਰੱਖੀਂ ਉਹਨਾਂ 'ਤੇ। ਜੇ ਸ਼ਰਧਾ ਘੱਟ ਰੱਖੀ ਤਾਂ ਨਹੀਂ ਤੇਰਾ ਕੰਮ ਬਣਨਾ। ਗੁਰੂ ਦੇ ਸਿੱਖ ਤੇਰੇ ਘਰ ਆਉਂਦੇ ਨੇ, ਚਰਨ ਪਾਉਂਦੇ ਨੇ। ਚਰਨ ਧੋਈਂ ਉਹਨਾਂ ਦੇ। ਹੱਥ ਧੁਆਈਂ। ਪਿਆਰ ਤੇ ਪ੍ਰੀਤ ਦੇ ਨਾਲ ਆਦਰ ਸਤਿਕਾਰ ਕਰੀਂ। ਪ੍ਰਸ਼ਾਦਾ ਛਕਾਈਂ। ਫੇਰ ਜਿਹੜਾ ਕੁਛ ਮੰਗੇਗਾ, ਤੈਨੂੰ ਮਿਲ ਜਾਏਗਾ। ਕਿਉਂਕਿ ਗੁਰੂ ਦਾ ਬਚਨ ਹੈ ਕਿ ਜਿੱਥੇ ਪੰਜਾਂ ਦਾ ਸਤਿਕਾਰ ਹੋਏਗਾ ਉਥੇ ਮੈਂ ਵਿਚ ਹੋਵਾਂਗਾ। ਸੋ ਪਿਆਰਿਓ! ਸਤਿਗੁਰੂ ਜਿਹੜਾ ਹੈ, ਉਹ ਆਪਣੇ ਪਿਆਰੇ ਗੁਰਸਿੱਖਾਂ 'ਚ ਵਰਤਦੈ। ਜਿਹੜਾ ਸਿੱਖਾਂ ਨੂੰ ਹੋਰ ਸਮਝਦੈ, ਗੁਰੂ ਨੂੰ ਹੋਰ ਸਮਝਦੈ। ਉਹਨਾਂ ਦਾ ਪੂਰਾ ਆਦਰ ਸਤਿਕਾਰ ਮਾਣ ਨਹੀਂ ਕਰਦਾ। ਫੇਰ ਗੁਰੂ ਚੁੱਪ ਰਹਿੰਦੇ ਨੇ, ਇਹ ਤਾਂ ਸ਼ਰਧਾ ਤੋਂ ਹੀਣਾ ਹੀ ਪੁਰਸ਼ ਹੈ।

ਸੋ ਇਸ ਤਰ੍ਹਾਂ ਦੇ ਨਾਲ ਭਾਈ ਭਾਨਾ ਆਮ ਸਾਧਾਰਣ ਬੰਦਾ, ਬਾਣੀ ਦਾ ਬਾਣ ਖਾ ਕੇ, ਕਮਾਈ ਕਰੀ। ਕਿੱਥੇ ਚਲਿਆ ਗਿਆ, ਅਭੇਦ ਅਵਸਥਾ ਦਾ ਗੁਰਸਿੱਖ ਹੋ ਕੇ, ਅੱਜ ਅਮਰ ਹੈ।

ਸੋ ਸਾਧਸੰਗਤ ਜੀ! ਅਸੀਂ ਵੀ ਸੁਣਦੇ ਹਾਂ, ਸਾਡੇ 'ਤੇ ਵੀ ਅਸਰ ਹੋਣਾ ਚਾਹੀਦਾ ਹੈ। ਮਹਾਰਾਜ ਕ੍ਰਿਪਾ ਕਰਨ, ਭਜਨ ਦੀ ਲਾਗ ਲਗ ਜਾਵੇ ਸਾਨੂੰ। ਸੁਣਦੇ-ਸੁਣਦੇ ਕਿੰਨੇ ਸਾਲ ਲੰਘ ਗਏ। 1980 ਤੋਂ ਮੈਂ ਬੋਲਣ ਲੱਗਿਆ ਹੋਇਆ ਹਾਂ ਲਗਾਤਾਰ। ਤੁਸੀਂ ਸੁਣੀ ਜਾਂਦੇ ਹੋਂ, ਮੈਂ ਬੋਲੀ ਜਾਂਦਾ ਹਾਂ। ਵਾਹਿਗੁਰੂ ਜਾਣੇ ਕਿੰਨੇ ਕੁ ਪ੍ਰੇਮੀ ਨੇ ਜਿਹੜੇ ਭਜਨ ਬੰਦਗੀ 'ਚ ਲੱਗੇ ਹੋਏ ਨੇ, ਕਿੰਨੇ ਕੁ ਤਰੱਕੀ 'ਚ ਨੇ। ਕਿੰਨੇ ਕੁ ਨੇ ਜਿਹਨਾਂ ਨੇ ਗੁੱਸੇ ਨੂੰ ਕਾਬੂ ਕਰ ਲਿਆ। ਕਿੰਨੇ ਕੁ ਨੇ ਜਿਹੜੇ ਦੂਜਿਆਂ ਨੂੰ ਮਾਫ ਕਰ ਸਕਦੇ ਨੇ। ਸੋ ਗੁਰਸਿੱਖੀ ਚਾਨਣ ਮੁਨਾਰਾ ਹੈ ਅਪਣਾਅ ਲਓ। ਜੋ ਗੁਰੂ ਮਹਾਰਾਜ ਬਚਨ ਕਰਦੇ ਨੇ ਉਹਨਾਂ ਨੂੰ ਆਪਣੇ ਜੀਵਨ 'ਤੇ ਘਟਾਓ। ਇਥੇ ਵੀ ਸੁਖੀ, ਦਰਗਾਹ ਵਿਚ ਵੀ ਸੁਖੀ, ਘਾਟਾ ਕੋਈ ਨਹੀਂ ਰਹਿਣਾ। ਗੁਰੂ ਨਾਲ ਪਿਆਰ ਕਰੋ। ਮਾਇਆ ਨਾਲ ਨਾ ਪਿਆਰ ਕਰੋ। ਮਾਇਆ ਤਾਂ ਐਵੇਂ ਹੀ ਪਿੱਛੇ ਲਗ ਤੁਰਦੀ ਹੈ, ਜਿਹੜਾ ਗੁਰੂ ਦਾ ਪਿਆਰਾ ਸਿੱਖ ਹੋਵੇ। ਗੁਰੂ ਨੇ ਜੇ ਕੰਮ ਕਰਾਉਣਾ ਮਾਇਆ ਆਉਂਦੀ ਹੈ, ਨਹੀਂ ਕਰਾਉਣਾ ਗੁਰਸਿੱਖ ਭਜਨ ਕਰੀ ਜਾਂਦੇ ਨੇ। ਦੋਵੇਂ ਪਾਸੇ ਨੇ ਓਧਰ ਸੇਵਾ ਕਰਾ ਲੈਂਦੇ ਨੇ, ਦੂਜੇ ਪਾਸੇ ਭਜਨ ਕਰੀਂ ਜਾਂਦੇ ਨੇ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਜੋ ਬੇਨਤੀਆਂ ਕੀਤੀਆਂ ਨੇ ਧਿਆਨ ਰੱਖਿਓ।

*ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।*

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

***(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-29)***

ਨਾਮਦੇਵ! ਅੱਗ ਵਿੱਚ ਵੀ ਤੂੰ ਮੈਨੂੰ ਦੇਖਦਾ ਹੈਂ। ਕਹਿੰਦੇ, ਸੱਚੇ ਪਾਤਸ਼ਾਹ! ਕੋਈ ਥਾਂ ਹੈ ਜਿੱਥੇ ਤੂੰ ਨਹੀਂ ਹੈਂ। ਕੋਈ ਚੀਜ਼ ਨਹੀਂ ਹੈ ਤੇਰੇ ਬਗੈਰ। ਤੂੰ ਸਭ ਚੀਜ਼ਾਂ ਦੇ ਵਿੱਚ ਹੈਂ। ਕਿਸੇ ਨੂੰ ਨਹੀਂ ਏਸ ਗੱਲ ਦਾ ਪਤਾ ਲੱਗਿਆ ਤੇ ਸਭ ਕੁਛ ਜਲ ਗਿਆ। ਸਾਰੇ ਲੋਕ ਕਹਿੰਦੇ ਨੇ ਕਿ ਅਸੀਂ ਕੁਛ ਇਕੱਠਾ ਕਰਕੇ ਦੇਈਏ। ਉਦਮ ਕਰੀਏ, ਰਾਤ ਰਹਿਣਾ ਹੈ। ਰਾਤ ਵਾਸਤੇ ਛਾਉਂ ਚਾਹੀਦੀ ਹੈ ਸਿਰ ਦੇ ਉੱਤੇ ਤੇ ਉਨ੍ਹਾਂ ਦਾ ਨਾਨਾ ਸੀ, ਉਹਨੇ ਪੈਸੇ ਦਿੱਤੇ ਕਿ ਜਾਓ ਤੁਸੀਂ ਵੀਹ ਰੁਪਏ ਲੈ ਜਾਓ, ਐਨੇ ਨਾਲ ਸਾਰਾ ਹੀ ਸਮਾਨ ਆ ਜਾਏਗਾ। ਵੀਹ ਰੁਪਏ ਬਹੁਤ ਵੱਡੀ ਰਕਮ ਹੋਇਆ ਕਰਦੀ ਸੀ, ਉਨ੍ਹਾਂ ਦਿਨਾਂ 'ਚ। ਹਜ਼ਾਰਾਂ ਰੁਪਿਆਂ ਤੋਂ ਵੱਧ ਹੁੰਦੀ ਸੀ। ਆਪ ਜਾਂਦੇ ਨੇ ਤੇ ਰਸਤੇ ਵਿੱਚ ਕੀ ਦੇਖਦੇ ਨੇ ਕਿ ਸਾਧੂ ਬੈਠੇ ਨੇ, ਜਾ ਕੇ ਬੇਨਤੀ ਕਰੀ ਕਿ ਗੁਰੂ ਮਹਾਰਾਜ! ਪ੍ਰਸ਼ਾਦ ਪਾਣੀ ਦਾ ਬੰਦੋਬਸਤ ਹੈ ਕੋਈ। ਕਹਿੰਦੇ, ਭਗਤ ਜੀ! ਅਜੇ ਤਾਂ ਕੋਈ ਨਹੀਂ ਹੈ। ਕਹਿੰਦੇ, ਕਿਸੇ ਨੇ ਪ੍ਰਸ਼ਾਦ ਦਾ ਇੰਤਜ਼ਾਮ ਵੀ ਕੀਤਾ ਹੈ? ਕਹਿੰਦੇ ਨਹੀਂ ਹਾਲੇ ਤਕ ਨਹੀਂ ਕੀਤਾ। ਪ੍ਰਮੇਸ਼ਰ ਭੇਜੇਗਾ ਤਾਂ ਅਸੀਂ ਛਕਾਂਗੇ। ਆਪ ਜਾ ਕੇ ਰਾਸ਼ਨ ਲੈ ਆਉਂਦੇ ਨੇ। ਸੰਗਤਾਂ ਨੂੰ ਛਕਾ ਦਿੱਤਾ ਸਭ ਕੁਛ। ਨਾ ਬੱਲੀਆਂ ਲਾਉਣ ਨੂੰ ਪੈਸਾ ਹੈ, ਨਾ ਰੱਸੀਆਂ, ਨਾ ਸਰਕੜਾ, ਨਾ ਕੋਈ ਹੋਰ ਚੀਜ਼। ਨਾ ਕੋਈ ਮੰਜੇ ਵਗੈਰਾ ਲਿਆਉਣ ਨੂੰ, ਕੁਛ ਨਹੀਂ ਹੈ। ਏਧਰ ਇਹ ਗੱਲ ਹੋ ਰਹੀ ਹੈ, ਓਧਰ ਭਗਤਾਂ ਦਾ ਜੋ ਰਖਸ਼ਕ ਹੈ, ਭਗਤਾਂ ਦਾ ਪਿਆਰਾ ਵਾਹਿਗੁਰੂ, ਗੱਡਾ ਭਰੀਂ ਲਈ ਆਉਂਦਾ ਹੈ। ਕਹਿਣ ਲੱਗਿਆ, ਨਾਮਦੇਵ ਦਾ ਘਰ ਕਿੱਥੇ ਹੈ? ਕਹਿੰਦੇ ਇਹੀ ਹੈ? ਕਹਿੰਦੇ ਇਹੀ ਜਲਿਆ ਸੀ? ਕਹਿੰਦੇ ਹਾਂ। ਸਮਾਨ ਸੁੱਟ ਲਿਆ, ਹਰ ਕਿਸਮ ਦਾ ਸਮਾਨ ਹੈ ਉਸ ਵਿੱਚ, ਭਾਂਡੇ ਟਿੰਡੇ ਹਰੇਕ ਚੀਜ਼। ਸਾਰੇ ਹੈਰਾਨ ਨੇ ਕਿ ਲਓ ਬਈ ਵੀਹ ਰੁਪਏ ਦਿੱਤੇ ਸੀ, ਬੇਅੰਤ ਹੀ ਸਮਾਨ ਆ ਗਿਆ। ਪਤਾ ਨਹੀਂ ਇਹਨੂੰ ਕਿਹੜਾ ਲੱਭ ਗਿਆ ਐਨਾ ਦੇਣ ਵਾਲਾ। ਅਸੀਂ ਤਾਂ ਰੋਜ਼ ਖਰੀਦਦੇ ਹਾਂ ਥੋੜ੍ਹਾ ਜਿਹਾ ਸਮਾਨ ਆਉਂਦਾ ਹੈ। ਉਹ ਛੱਪਰ ਬੰਨ੍ਹਣ ਲੱਗ ਗਏ। ਪਿੰਡ ਦੇਖੀ ਜਾਂਦਾ ਹੈ। ਦੇਖਦੇ ਦੇਖਦੇ ਹੀ ਅੱਖਾਂ ਨੂੰ ਐਸਾ ਲੱਗਿਆ ਕਿ ਬੰਨ੍ਹ ਵੀ ਦਿੱਤਾ ਇਨ੍ਹਾਂ ਨੇ ਤਾਂ। ਕੋਈ ਕਹੇ ਕਿ ਨਜ਼ਰਬੰਦੀ ਕਰ ਦਿੱਤੀ ਸਾਡੀ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ। ਇੰਨੇ ਨੂੰ ਇਕ ਮਾਈ ਨਾਮਦੇਵ ਜੀ ਨੂੰ ਕਹਿਣ ਲੱਗੀ ਕਿ ਨਾਮਦੇਵ! ਜਾਹ, ਘਰ ਮੈ ਤੇਰਾ ਕਰ ਆਈ ਠੀਕ। ਓਸ ਵੇਲੇ ਨਾਮਦੇਵ ਜੀ ਆ ਜਾਂਦੇ ਨੇ ਤੇ ਪਿੰਡ ਵਾਲੇ ਅੰਦਰ ਵੜ-ਵੜ ਦੇਖਦੇ ਨੇ ਕਿ ਐਹੋ ਜਿਹਾ ਛੱਪਰ ਤਾਂ ਅਸੀਂ ਦੇਖਿਆ ਨਹੀਂ। ਇਹ ਛੱਪਰ ਹੈ ਕਿ ਮਹੱਲ ਹੈ। ਅੰਦਰ ਵੜਦੇ ਸਾਰ ਠੰਢ ਪੈ ਜਾਂਦੀ ਹੈ। ਚਿੱਤ ਇਕਾਗਰ ਹੋ ਜਾਂਦਾ ਹੈ। ਇੱਕ ਅਮੀਰ ਬੀਬੀ ਪੜੌਸ ਦੇ ਵਿੱਚ ਰਹਿੰਦੀ ਸੀ, ਉਹਦੇ ਕੋਲ ਜਗ੍ਹਾਂ ਖਾਲੀ ਸੀ। ਨਾਮਦੇਵ ਜੀ ਨੂੰ ਕਹਿਣ ਲੱਗੀ ਕਿ ਭਗਤ ਜੀ! ਆਹ ਤਾਂ ਕਮਾਲ ਹੀ ਕਰ ਦਿੱਤੀ, ਮੇਰਾ ਵੀ ਜੀਅ ਕਰਦਾ ਹੈ ਕਿ ਮੈਂ ਆਹ ਖਾਲੀ ਥਾਂ ਦੇ ਵਿੱਚ, ਐਸੇ ਤਰ੍ਹਾਂ ਦੀ ਛਪਰੀ ਬਣਵਾਵਾਂ ਤੇ ਉਹ ਜਿਹੜਾ ਬੇਢੀ ਸੀ? ਮੈਂ ਤਾਂ ਹੈਰਾਨ ਹਾਂ ਕਿ ਉਹ ਤੈਨੂੰ ਕਿੱਥੋਂ ਲੱਭ ਗਿਆ? ਉਹ ਤਾਂ ਕੰਮ ਕਰਦਾ ਹੈ ਕਿ ਜਿਵੇਂ ਐਉਂ ਲਗਦਾ ਹੈ ਕਿ ਜਿਵੇਂ ਮਸ਼ੀਨ ਹੁੰਦੀ ਹੈ ਤੇ ਮੈਨੂੰ ਤੂੰ ਓਹਦੀ ਦੱਸ ਪਾ ਦੇ।

*ਪਾੜ ਪੜੋਸਣਿ ਪੂਛਿ ਲੇ ਨਾਮਾ*
*ਕਾ ਪਹਿ ਛਾਨਿ ਛਵਾਈ ਹੋ ॥*
*ਤੋ ਪਹਿ ਦੁਗਣੀ ਮਜੂਰੀ ਦੈਹਉ*
*ਮੋ ਕਉ ਬੇਢੀ ਦੇਹੁ ਬਤਾਈ ਹੋ ॥* *ਅੰਗ-੬੫੭*

ਮੈਨੂੰ ਤੂੰ ਦਸ ਦੇ, ਤੇਰੇ ਤੋਂ ਮੈਂ ਦੁੱਗਣੀ ਮਜੂਰੀ ਦੇ ਦੇਵਾਂਗੀ। ਨਾਮਦੇਵ ਜੀ ਹੱਸ ਪਏ, ਕਹਿੰਦੇ ਹਸਦੇ ਕਿਉਂ ਹੋ। ਮੈਂ ਕਿਤੇ ਗਰੀਬ ਹਾਂ, ਮੈਂ ਅਮੀਰ ਹਾਂ। ਮੈਂ ਤੇਰੇ ਤੋਂ ਚੌਗੁਣੀ ਮਜੂਰੀ ਵੀ ਦੇ ਸਕਦੀ ਹਾਂ। ਇਹ ਗੱਲ ਕੋਈ ਮੈਂ ਐਵੇਂ ਨਹੀਂ ਕਰ ਰਹੀ, ਸੱਚੀ ਮੁੱਚੀਂ ਕਹਿ ਰਹੀ ਹਾਂ। ਨਾਮਦੇਵ ਜੀ ਕਹਿਣ ਲੱਗੇ, ਭੈਣ ਜੀ! ਤੂੰ ਬੇਢੀ ਦੇ ਬਾਰੇ ਪੁੱਛਦੀ ਹੈਂ, ਉਹ ਐਸ ਤਰ੍ਹਾਂ ਨਹੀਂ ਆਉਂਦਾ ਹੈਗਾ।

*ਰੀ ਬਾਈ ਬੇਢੀ ਦੇਨੁ ਨ ਜਾਈ ॥* *ਅੰਗ-੬੫੭*

ਕਹਿੰਦੀ ਜੇ ਤੂੰ ਨਹੀਂ ਕਹਿ ਸਕਦਾ, ਮੈਨੂੰ ਦਸ ਦੇ ਮੈਂ ਚਲੀ ਜਾਂਦੀ ਹਾਂ ਓਸ ਕੋਲ, ਮੈਂ ਜਾ ਕੇ ਬੇਨਤੀ ਕਰ ਲਵਾਂਗੀ। ਨਾਲੇ ਮੈਂ ਕਹਿ ਦੇਵਾਂਗੀ ਕਿ ਨਾਮਦੇਵ ਨਾਲੋਂ ਮੈਂ ਦੁੱਗਣੀ ਚੌਗੁਣੀ ਮਜੂਰੀ ਦੇ ਦੇਵਾਂਗੀ। ਮੇਰੀ ਛੱਪਰੀ ਇਹੋ ਜਿਹੀ ਬਣਾ ਦੇ ਤੇ ਮੈਨੂੰ ਦਸ ਦੇ ਬੇਢੀ ਹੈ ਕਿੱਥੇ? ਕਹਿੰਦਾ, ਬੀਬੀ! ਦਸਾਂ ਤਾਂ ਜਦੋਂ ਤੋਂ ਸੰਸਾਰ ਬਣਿਆ ਹੈ ਓਸ ਵੇਲੇ ਤੋਂ ਰਿਸ਼ੀ ਮੁਨੀ, ਗੁਰੂ ਪੀਰ ਪੈਗੰਬਰ, ਸਭ ਦਸਦੇ ਆਏ ਨੇ। ਬਈ ਇਸ ਸੰਸਾਰ ਨੂੰ ਬਣਾਉਣ ਵਾਲਾ ਬੇਢੀ ਰਹਿੰਦਾ ਕਿੱਥੇ ਹੈ? ਜਿਹੜਾ ਇੱਕ ਫੁਰਨੇ ਦੇ ਅੰਦਰ ਐਨਾ ਸੁੰਦਰ ਸੰਸਾਰ ਬਣਾ ਦਿੰਦਾ

ਹੈ, ਉਹਨੂੰ ਇੱਕ ਛਪਰੀ ਬਣਾਉਣੀ ਕੀ ਔਖੀ ਹੈ। ਉਹ ਤਾਂ ਇਹਨੇ ਇੱਕ ਕੌਤਕ ਕਰਿਆ, ਮਰਿਆਦਾ ਦੇ ਮੁਤਾਬਿਕ, ਨਹੀਂ ਤਾਂ ਛਪਰੀ ਨੂੰ ਅੱਗ ਲੱਗ ਗਈ, ਓਸੇ ਵੇਲੇ ਬਣੀ ਬਣਾਈ ਨਜ਼ਰ ਆਉਂਦੀ ਤੇ ਦਸਦੇ ਤੁਰੇ ਆਉਂਦੇ ਨੇ ਕਿ ਇਹ ਕਿੱਥੇ ਰਹਿੰਦਾ ਹੈ। ਪਰ ਅਫਸੋਸ ਇਹ ਹੈ ਕਿ ਕੋਈ ਮੰਨਦਾ ਨਹੀਂ -

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ ॥* *ਅੰਗ - ੧੩੭੮*

ਚਾਰੇ ਵੇਦ, ਛੇਈ ਸ਼ਾਸਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਗੁਰੂ ਗ੍ਰੰਥ ਸਾਹਿਬ ਮਹਾਰਾਜ, ਅੰਜੀਰ, ਜੰਬੂਰ, ਬਾਈਬਲ, ਕੁਰਾਨ ਸ਼ਰੀਫ, ਤੌਰੇਤ, ਇਹ ਸਾਰੀਆਂ ਧਾਰਮਿਕ ਪੁਸਤਕਾਂ ਤੇ ਮਹਾਤਮਾ ਅਵਾਜ਼ਾਂ ਦੇ ਦੇ ਕੇ ਦਸਦੇ ਨੇ, ਓਸ ਬੇਢੀ ਬਾਰੇ ਹੀ ਦਸਦੇ ਨੇ ਪਰ ਕੀ ਮਜਾਲ ਦੁਨੀਆਂਦਾਰਾਂ ਦੇ ਕੰਨਾਂ ਵਿੱਚ ਭੋਰਾ ਜਿੰਨੀ ਤਾਂ ਗੱਲ ਸਮਾਅ ਜਾਵੇ। ਨਹੀਂ ਸਮਝਦੇ। ਔਖੀ ਤੋਂ ਔਖੀ ਬਾਤ ਸਮਝ ਜਾਂਦੇ ਨੇ, ਸਾਇੰਸ ਦੇ ਮਸਲੇ ਸਮਝ ਜਾਂਦੇ ਨੇ, ਥਿਊਰੀਆਂ ਸਮਝ ਜਾਂਦੇ ਨੇ, ਗਣਿਤ ਦੇ ਬੜੇ ਔਖੇ ਤੋਂ ਔਖੇ ਫਾਰਮੂਲੇ ਸਮਝ ਜਾਂਦੇ ਨੇ ਤੇ ਹੋਰ ਵੱਡੀਆਂ-ਵੱਡੀਆਂ ਔਖੀਆਂ ਗੱਲਾਂ ਸਮਝ ਜਾਂਦੇ ਨੇ। ਪਰ ਇੱਕ ਸੁਖਾਲੀ ਜਿਹੀ ਗੱਲ ਇਨ੍ਹਾਂ ਦੀ ਸਮਝ ਤੋਂ ਪਰ੍ਹੇ ਹੈ, ਜੇ ਸਮਝਦੇ ਨੇ ਤਾਂ ਉੱਤੇ-ਉੱਤੇ ਰਹਿੰਦਾ ਹੈ। ਅੰਦਰੋਂ ਨਹੀਂ ਸਮਝਦੇ। ਮੰਨਦੇ ਨਹੀਂ।

ਨਾਮਦੇਵ ਕਹਿੰਦੇ, ਮੰਨ ਲਏਂਗੀ?

ਕਹਿੰਦੀ ਹਾਂ, ਇਹ ਕਿਹੜੀ ਗੱਲ ਕਰ ਦਿੱਤੀ, ਮੈਨੂੰ ਦਸ ਤਾਂ ਸਹੀ ਉਹ ਹੈ ਕਿੱਥੇ? ਮੈਂ ਮੰਨਦੀ ਹਾਂ, ਮੈਂ ਤੇਰਾ ਕਿਹਾ ਝੂਠਾ ਨਹੀਂ ਮੰਨਦੀ। ਉਸ ਵੇਲੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਬੇਢੀ ਸਾਰੀਆਂ ਘਟਾਂ ਦੇ ਵਿੱਚ ਵਸਦਾ,*
*ਹੋਇਕੇ ਅਧਾਰ ਪ੍ਰਾਣਾਂ ਦਾ।*

*ਰੀ ਬਾਈ ਬੇਢੀ ਦੇਨੁ ਨ ਜਾਈ ॥*
*ਦੇਖੁ ਬੇਢੀ ਰਹਿਓ ਸਮਾਈ ॥*
*ਹਮਾਰੈ ਬੇਢੀ ਪ੍ਰਾਨ ਅਧਾਰਾ ॥ ਅੰਗ- ੬੫੭*

ਆਹ ਜਿਹੜਾ ਸਾਹ ਆਉਂਦਾ ਹੈ ਨਾ ਬਾਹਰ ਨੂੰ, ਜੇ ਉਹ ਨਾ ਚਾਹੇ ਤਾਂ ਉਹ ਬਾਹਰ ਹੀ ਰਹਿ ਜਾਂਦਾ ਹੈ। ਫੇਰ ਕੀ ਹੁੰਦਾ ਹੈ? ਕਹਿੰਦੇ ਫੇਰ ਬੰਦਾ ਮਰ ਜਾਂਦਾ ਹੈ। ਕਹਿੰਦੇ, ਓਹੀ ਜਿਹੜਾ ਅੰਦਰ ਨੂੰ ਸਾਹ ਵੀ ਓਹੀ ਚਲਾਉਂਦਾ ਹੈ, ਐਨਾ ਨੇੜੇ ਵਸਦਾ ਹੈ ਸਾਹ ਦੇ ਨਾਲ। ਕਹਿੰਦੇ, ਮੰਨਦੀ ਹੈਂ ਇਹ ਗੱਲ? ਕਹਿੰਦੀ, ਇਹ ਤਾਂ ਔਖੀ ਹੈ ਗੱਲ ਮੰਨਣੀ।

ਔਖੀ ਹੈ ਸਾਧਸੰਗਤ ਜੀ! ਇਹ ਗੱਲ ਮੰਨਣੀ। ਜੇ ਸਾਰਾ ਸੰਸਾਰ ਮੰਨ ਲਵੇ ਤਾਂ ਸਾਰੇ ਦੁਖ ਕਲੇਸ਼ ਦੂਰ ਹੋ ਜਾਣ। ਲੇਕਿਨ ਮੰਨਦਾ ਨਹੀਂ ਹੈ। ਨਹੀਂ ਮੰਨਦਾ ਗੁਰੂ ਦੀ ਗੱਲ। ਮੱਥੇ ਟੇਕੀ ਜਾਏਗਾ। ਕਹੇਗਾ ਵੀ ਕਿ ਮੇਰੇ ਗੁਰੂ, ਗੁਰੂ ਗ੍ਰੰਥ ਸਾਹਿਬ ਨੇ, ਝਗੜਾ ਪਾ ਲਏਗਾ, ਸਿਰ ਪਾੜਨ ਨੂੰ ਜਾਏਗਾ ਦੂਸਰੇ ਦਾ। ਭਾਈ! ਕੀ ਤੂੰ ਗੁਰੂ ਦਾ ਬਚਨ ਵੀ ਮੰਨਦਾ ਹੁੰਦਾ ਹੈਂ? ਕਹਿੰਦਾ ਕਿਹੜਾ ਬਚਨ? ਗੁਰੂ ਕਹਿੰਦਾ ਹੈ -

*ਘਟ ਘਟ ਮੈ ਹਰਿ ਜੂ ਬਸੈ*
*ਸੰਤਨ ਕਹਿਓ ਪੁਕਾਰਿ ॥* *ਅੰਗ - ੧੪੨੭*

ਕੀ ਤੂੰ ਮੰਨਦਾ ਹੈਂ ਕਿ ਹਰੇਕ ਘਟ 'ਚ ਵਾਹਿਗੁਰੂ ਹੈ?

ਕਹਿੰਦਾ ਇਹ ਤਾਂ ਗੱਲ ਔਖੀ ਹੈ?

ਸੋ ਕਹਿੰਦੇ ਬੀਬੀ, ਭੈਣ! ਦੁਨੀਆਂ ਮੰਨਦੀ ਨਹੀਂ ਹੈ। ਬਾਕੀ ਜਿਹੜੀ ਉਹ ਮਜ਼ੂਰੀ ਮੰਗਦਾ ਹੈ, ਕਹਿੰਦੇ ਉਹ ਕੋਈ ਦੇ ਨਹੀਂ ਸਕਦਾ। ਜਿਹੜੀ ਅਵਾਜ਼ ਨਾਲ ਉਹ ਬੋਲਦਾ ਹੈ, ਉਸ ਆਵਾਜ਼ ਨਾਲ ਕੋਈ ਉਸਨੂੰ ਬੁਲਾਉਂਦਾ ਹੀ ਨਹੀਂ। ਕਹਿੰਦੀ ਕੋਈ ਆਵਾਜ਼ ਖਾਸ ਹੈ ਜਿਹਦੇ ਨਾਲ ਉਹ ਬੋਲਦਾ ਹੈ? ਕਹਿੰਦੇ ਹਾਂ। ਪਰ ਉਹ ਸੁੱਕੀ ਅਵਾਜ਼ ਨਾਲ ਨਹੀਂ ਬੋਲਦਾ, ਪਿਆਰ ਨਾਲ ਭਿੱਜੀ ਹੋਈ ਆਵਾਜ਼ ਨਾਲ ਬੋਲਦਾ ਹੈ। ਤਰਲੇ ਦੀ ਭਰੀ ਹੋਈ ਆਵਾਜ਼, ਫੇਰ ਉਹ ਦਰਵਾਜ਼ਾ ਖੋਲ੍ਹ ਦਿਆ ਕਰਦਾ ਹੈ।

ਤੇ ਮੰਗਦਾ ਕੀ ਹੈ?

ਕਹਿੰਦੇ, ਪੈਸੇ ਟਕੇ ਤਾਂ ਉਹ ਸਾਰੇ ਸੰਸਾਰ ਨੂੰ ਦਿੰਦਾ ਹੈ।

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*
*ਅੰਗ - ੬੮੧*

ਉਹ ਜੇ ਮੰਗਦਾ ਹੈ ਤਾਂ ਇੱਕੋ ਹੀ ਚੀਜ਼ ਮੰਗਦਾ ਹੈ -

*ਧਾਰਨਾ - ਮੰਗਦਾ ਹੈ ਬੇਢੀ ਪ੍ਰੀਤ ਦੀ ਮਜਦੂਰੀ।*

*ਬੇਢੀ ਪ੍ਰੀਤਿ ਮਜੂਰੀ ਮਾਂਗੈ*
*ਜਉ ਕੋਊ ਛਾਨਿ ਛਵਾਵੈ ਹੋ ॥* *ਅੰਗ- ੬੫੭*

ਕਹਿਣ ਲੱਗਿਆ, ਪਿਆਰ ਦੀ ਮਜਦੂਰੀ ਮੰਗਦਾ ਹੈ, ਕੀ ਹੈ ਤੇਰੇ ਕੋਲ। ਬਹੁਤ ਪਿਆਰ ਮੰਗਦਾ ਹੈ ਜਿਸ ਤਰ੍ਹਾਂ ਦੇ ਨਾਲ-

*ਚੰਦ ਚਕੋਰ ਪਰੀਤ ਹੈ, ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*
*ਭਾਈ ਗੁਰਦਾਸ ਜੀ, ਵਾਰ ੨੭/੪*

ਐਨਾ ਪਿਆਰ ਹੋਵੇ ਤਾਂ ਉਹ ਆ ਜਾਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਬਾਈ! ਜੇ ਐਨਾ ਪਿਆਰ ਹੋਵੇ ਤਾਂ ਉਹ ਛਪਰੀ ਆਪੇ ਹੀ ਬੰਨ੍ਹ ਜਾਂਦਾ ਹੈ, ਫੇਰ ਉਹ ਲੈਂਦਾ ਕੁਛ ਨਹੀਂ। ਇੱਕ ਛੱਪਰ ਹੀ ਨਹੀਂ, ਸਾਰੇ ਹੀ ਕੰਮ ਕਰਦਾ ਫਿਰਦਾ ਹੈ। ਭਾਲਦਾ ਰਹਿੰਦਾ ਹੈ ਕਿ ਇਹ ਕਹੇ ਮੈਨੂੰ ਕੋਈ ਕੰਮ, ਜੇ ਨਾ ਵੀ ਕਹੋ ਤਾਂ ਵੀ ਕਰ ਦਿੰਦਾ ਹੈ -

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥* *ਅੰਗ-੬੩੮*

ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਅੱਜ ਕਲਪਾਣੀ ਨਦੀ ਦੇ ਕਿਨਾਰੇ ਬੈਠੇ ਨੇ। ਅੰਮ੍ਰਿਤ ਵੇਲੇ ਤੋਂ ਸੁਰਤ ਉਪਰ ਚੜ੍ਹ ਗਈ, ਸਹਿਜ ਦੇ ਵਿੱਚ ਜਾ ਕੇ ਸਮੇਂ ਨੂੰ ਭੁੱਲ ਗਏ, ਫੁਰਨਾ ਨਾ ਕਰਿਆ, ਦੋ ਵੱਜ ਗਏ। ਦੁਪਹਿਰਾ ਢਲ ਗਿਆ, ਦੋ ਵਜੇ ਆਪ ਨੂੰ ਪਤਾ ਲੱਗਿਆ ਕਿ ਅੱਜ ਤਾਂ ਸਾਰਾ ਹੀ ਕੰਮ ਗਲਤ ਹੋ ਗਿਆ। ਡਿਊਟੀ ਜਿਹੜੀ ਸੀ ਉਹ ਵੀ ਗਲਤ ਹੋ ਗਈ। ਸ਼ਿਕਾਇਤ ਹੋ ਗਈ ਕਿ ਬਾਬਾ ਕਰਮ ਸਿੰਘ ਨਦੀ ਦੇ ਕਿਨਾਰੇ ਬੈਠਾ ਹੈ। ਜਿਹੜਾ ਕਮਾਂਡਰ ਸੀਗਾ ਉਹਨੇ ਕਿਹਾ ਹੈਂ, ਸਰਹੱਦੀ ਇਲਾਕਾ ਹੋਵੇ ਤੇ ਗਾਰਦ ਕਮਾਂਡਰ ਉਥੇ ਬੈਠਾ ਹੋਵੇ। ਕਹਿਣ ਲੱਗਿਆ, 'ਹਮ ਐਸੇ ਨਹੀਂ ਮਾਨਤਾ, ਹਮੇਂ ਸਹੀ ਬਾਤ ਬਤਾਓ।' ਕਹਿਣ ਲੱਗਿਆ ਕਿ ਮੇਰੇ ਨਾਲ ਚੱਲੋ ਮੈਂ ਦਿਖਾ ਦਿੰਦਾ ਹਾਂ। ਕਹਿੰਦਾ, ਔਹ ਬੈਠਾ ਹੈ, ਕਹਿੰਦਾ ਅੱਛਾ ਗਾਰਦ ਦਿਖਾਓ। ਗਾਰਦ 'ਚ ਗਏ ਤਾਂ ਉਨ੍ਹਾਂ ਨੇ ਸਲੂਟ ਕਰਿਆ ਆਪ, ਫਰਜੰਟੀ ਦਿੱਤੀ। ਸਭ ਅੱਛਾ ਬੋਲਿਆ, ਰਜਿਸਟਰ ਦਿਖਾਇਆ। ਕਹਿਣ ਲੱਗਿਆ, ਯੇ ਤੋ ਹੈਂ। ਉਹ ਕਹਿਣ ਲੱਗਿਆ, ਸਾਹਿਬ! ਉਹ ਤਾਂ ਉਥੇ ਬੈਠਾ ਹੈ। ਫੇਰ ਦੇਖਣ ਚਲਿਆ ਗਿਆ ਸਾਹਿਬ, ਦੇਖੇ ਤਾਂ ਉਥੇ ਬੈਠੇ ਨੇ, ਇਥੇ ਆਇਆ ਤਾਂ ਫੇਰ ਉਵੇਂ ਜਿਵੇਂ। ਹੈਰਾਨ ਹੋ ਗਿਆ। ਕਿਉਂਕਿ ਆਪ ਪ੍ਰਮੇਸ਼ਰ ਨੇ ਰੂਪ ਧਾਰ ਕੇ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ। ਇੱਕ ਮਹਾਂਪੁਰਸ਼ ਮੈਨੂੰ ਦਸਦੇ ਸੀ ਜਿਹੜੇ ਨਾਲ ਸੀ, ਕਹਿਣ ਲੱਗੇ, ਬਾਬਾ ਜੀ ਤਾਂ ਉਥੇ ਬੈਠੇ ਸੀ, ਏਧਰ ਅਲਾਰਮ ਵੱਜ ਗਿਆ, ਕਿਉਂਕਿ ਖਬਰ ਆਈ ਕਿ ਫਲਾਣੀ ਟਿਕਟ ਜਿਹੜੀ ਹੈ, ਉਹ ਸਰਹੱਦੀਆਂ ਨੇ ਲੈ ਲਈ, ਅਫਜ਼ਈਆਂ ਨੇ ਲੈ ਲਈ, ਪਠਾਣਾਂ ਨੇ ਕਬਜ਼ਾ ਕਰ ਲਿਆ ਤੇ ਉਸੇ ਵੇਲੇ ਸਾਰੀ ਫੌਜ ਕੋਤਾਂ ਵਿੱਚ ਚਲੀ ਗਈ, ਰਾਈਫਲਾਂ ਲੈਣ ਵਾਸਤੇ, ਕਹਿੰਦਾ ਅਸੀਂ ਹੈਰਾਨ ਹੋ ਗਏ, ਦੋ ਕੁ ਮਿੰਟਾਂ 'ਚ ਸਾਰਿਆਂ ਨੂੰ ਹੀ ਰਾਈਫਲਾਂ ਦੇ ਦਿੱਤੀਆਂ। ਕਹਿੰਦੇ, ਅਸੀਂ ਸੋਚੀ ਜਾਈਏ ਕਿ ਕਰਮ ਸਿੰਘ ਇੱਕ ਹੈ ਕਿ ਸੌ ਹੈ। ਜਿਹੜੇ ਬੰਦੇ ਨੂੰ ਰਾਈਫਲ ਦਿੰਦਾ ਹੈ ਉਹ ਕਰਮ ਸਿੰਘ, ਜਿਹੜੇ ਨੂੰ ਦਿੰਦਾ ਹੈ ਕਰਮ ਸਿੰਘ। ਗੁਰਪਾਲ ਸਿੰਘ ਸੀਗਾ ਉਹਦਾ ਨਾਉਂ, ਕਹਿਣ ਲੱਗਿਆ ਅਸੀਂ ਹੈਰਾਨ ਹੋ ਗਏ। ਕਹਿੰਦਾ, ਮੇਰੀ ਉਸ ਵੇਲੇ ਦੋ ਸਾਲ ਦੀ ਸਰਵਿਸ ਸੀ ਤੇ ਸਾਹਿਬ ਨੇ ਹੁਕਮ ਦੇ ਦਿੱਤਾ ਕਿ ਵੈਲ ਕਰਮ ਸਿੰਘ! ਐਡਵਾਂਸ ਗਾਰਦ ਮੇਂ ਆਪ ਚਲੋ। ਕਹਿੰਦੇ, ਅੱਗੇ ਹੋ ਗਏ ਫੌਜ ਦੇ ਤੇ ਉਥੇ ਜਾ ਕੇ, ਅੱਗੇ-ਅੱਗੇ ਵਧਦੇ ਜਾਂਦੇ ਨੇ, ਉਨ੍ਹਾਂ ਨੇ ਬਗੈਰ ਕੋਈ ਗੋਲੀ ਚਲਾਉਣ ਤੋਂ ਟਿਕਟ ਲੈ ਲਈ ਤੇ ਪਠਾਣ ਨੱਠ ਗਏ ਤੇ ਸਾਹਿਬ ਜਿਹੜਾ ਸੀ ਸਾਡਾ ਕਮਾਂਡਿੰਗ ਅਫਸਰ ਉਹ ਕਹਿੰਦਾ ਬਹੁਤ ਵੱਡੀ ਫਤਹਿ ਹੋਈ ਹੈ, ਅੱਜ ਤਕ ਨਹੀਂ ਹੋਇਆ ਕਿ ਟਿਕਟ ਬੰਦੇ ਮਰਵਾਉਣ ਤੋਂ ਬਿਨਾਂ ਮਿਲੀ ਹੋਵੇ। ਆ ਕੇ ਐਲਾਨ ਕਰ ਦਿੱਤਾ ਕਿ ਅੱਜ ਬਾਬਾ ਕਰਮ ਸਿੰਘ ਨੂੰ ਸਪੈਸ਼ਲ ਪਰਮੋਸ਼ਨ ਮਿਲੇਗੀ। ਬਾਬਾ ਜੀ ਦੋ ਵਜੇ ਆਏ ਉਥੋਂ, ਮੁਬਾਰਕਾਂ ਦੇ ਰਹੇ ਨੇ ਰਸਤੇ 'ਚ, ਪਤਾ ਨਹੀਂ ਲਗਦਾ ਕਿ ਕਾਹਦੀਆਂ ਮੁਬਾਰਕਾਂ ਨੇ। ਸਿੱਧੇ ਸੂਬੇਦਾਰ ਮੈਨੇਜਰ ਕੋਲ ਆਏ, ਉਹ ਉਨ੍ਹਾਂ ਦਾ ਮਿੱਤਰ ਸੀ, ਭੇਤੀ ਸੀ, ਨਾਲ ਨਾਮ ਜਪਣ ਵਾਲਾ ਸੀ। ਕਹਿਣ ਲੱਗੇ, ਕੀ ਗੱਲ ਅੱਜ ਮੁਬਾਰਕਾਂ ਦਿੰਦੇ ਨੇ? ਉਹ ਕਹਿੰਦੇ, ਕੀ ਤੁਹਾਨੂੰ ਨਹੀਂ ਪਤਾ? ਕਹਿੰਦੇ, ਮੈਂ ਤਾਂ ਅੱਜ ਹੁਣੇ ਹੀ ਆ ਰਿਹਾ ਹਾਂ। ਕਹਿੰਦੇ, ਫੇਰ ਉਹ ਕੌਣ ਸੀਗਾ ਜਿਹਨੇ ਕੋਤਾਂ ਚੋਂ ਰਾਈਫਲਾਂ ਦਿੱਤੀਆਂ? ਉਹ ਕੌਣ ਸੀ ਜਿਹਨੇ ਐਡਵਾਂਸ ਗਾਰਦ 'ਚ ਜਾ ਕੇ ਟਿਕਟ ਖਾਲੀ ਕਰਾਈ? ਕਹਿੰਦੇ, ਮੈਂ ਤਾਂ ਨਹੀਂ ਸੀਗਾ, ਜੇ ਮੈਂ ਹੁੰਦਾ ਤਾਂ ਮੈਨੂੰ ਪਤਾ ਹੀ ਹੁੰਦਾ, ਐਨਾ ਤਾਂ ਨਹੀਂ ਮੈਂ ਬੇਸੁਰਤ। ਅੰਮ੍ਰਿਤ ਵੇਲੇ ਦਾ ਮੈਂ ਤਾਂ ਉਥੇ ਬੈਠਾ ਹਾਂ, ਮੇਰੀ ਤਾਂ ਹੁਣ ਸਮਾਧੀ ਖੁਲ੍ਹੀ ਹੈ ਤੇ ਮੈਂ ਆ ਗਿਆ। ਉਹ ਕਹਿੰਦਾ, ਠੀਕ ਹੈ ਮੈਨੂੰ ਪਤਾ ਲਗ ਗਿਆ ਕਿ ਕੌਣ ਸੀ ਉਹ। ਕਹਿੰਦੇ, ਅੱਜ ਚਾਰ ਵਜੇ ਤੁਹਾਨੂੰ ਦਫਤਰ ਬੁਲਾਇਆ ਹੈ, ਸਾਰੀ ਫੌਜ ਨੂੰ ਵੀ ਤੇ ਸਪੈਸ਼ਲ ਪਰਮੋਸ਼ਨ ਤੁਹਾਨੂੰ ਦੇਣੀ ਹੈ ਸਾਹਿਬ ਨੇ, ਉਹਨੇ ਐਲਾਨ ਕਰਨਾ ਹੈ ਉਥੇ। ਕਹਿੰਦੇ, ਠੀਕ ਹੈ। ਚਾਰ ਵਜੇ ਕਹਿਣ ਲੱਗਿਆ ਗੁਰਪਾਲ ਸਿੰਘ! ਅਸੀਂ ਸਾਰੇ ਦਫਤਰ ਦੇ ਕੋਲ ਚਲੇ ਗਏ। ਤੇ ਬਾਬਾ ਜੀ ਨੂੰ ਜਦ ਐਲਾਨ ਕਰਨ ਲੱਗੇ ਆਪ ਕਹਿੰਦੇ ਸਾਹਿਬ! ਮੈਂ ਹੁਣ ਤੁਹਾਡੀ ਨੌਕਰੀ ਨਹੀਂ ਕਰਨੀ। ਮੈਂ ਨੌਕਰੀ ਕਰਨੀ ਹੈ ਓਸ ਸੱਚੇ ਸਾਹਿਬ ਦੀ, ਜਿਹੜਾ ਮੇਰੀ ਥਾਂ 'ਤੇ ਇਥੇ ਕੰਮ ਕਰ ਗਿਆ। ਕਹਿੰਦਾ, ਵੈਲ ਕਰਮ ਸਿੰਘ! ਯੇ ਬਾਤ ਹਮਾਰੀ ਸਮਝ ਸੇ ਬਾਹਰ ਹੈ, ਕਿਆ ਬਾਤ ਹੈ? ਕਹਿਣ ਲੱਗੇ, ਸਾਹਿਬ! ਮੈਂ ਤਾਂ ਨਦੀ ਦੇ ਕੰਢੇ ਬੈਠਾ ਰਿਹਾ ਹਾਂ, ਇਥੇ ਮੇਰਾ ਪ੍ਰਭੂ ਪਿਆਰਾ, ਜਿਸਦਾ ਮੈਂ ਨਾਮ ਜਪਦਾ ਹਾਂ, ਉਹ ਮੇਰਾ ਰੂਪ ਧਾਰ ਕੇ ਸਭ ਕੁਛ ਕਰ ਗਿਆ, ਮੈਂ ਸੱਚ ਬੋਲਦਾ ਹਾਂ। ਕਹਿਣ ਲੱਗਿਆ, ਹਮ ਨਹੀਂ ਜਾਨੇ ਦੇਂਗੇ ਐਸੇ ਜਵਾਨ ਕੋ। ਜਿਸਕੀ ਪੀਠ ਪਰ ਖੁਦਾ ਹੋ, ਉਸ ਕੋ ਕੈਸੇ ਹਮ ਛੋੜ ਦੇਂ? ਕਹਿਣ ਲੱਗੇ ਕਿ ਉਹ ਤਾਂ ਛੁਡਾ ਦਿੱਤਾ ਸਾਹਿਬ! ਮੇਰਾ ਨਾਮ ਤੁਹਾਡੇ ਕਿਸੇ ਰਜਿਸਟਰ 'ਚ ਨਹੀਂ, ਸਭ ਕੱਟ ਦਿਤਾ। ਕਹਿੰਦਾ, ਲੋਗ ਰੌਲ ਮੰਗਾਓ। ਉਥੇ ਦੇਖਿਆ ਨੰਬਰ ਖਾਲੀ। ਪੇ

ਰੌਲ ਮੰਗਾਓ। ਸਾਰੀ ਪੇ, ਸ਼ੀਟਾਂ ਜਿੰਨੀਆਂ ਕੱਢੀਆਂ, ਸ਼ੀਟ ਰੌਲ ਮੰਗਾਈ ਖਾਲੀ। ਕਹਿੰਦਾ, ਵੈਲ ਕਰਮ ਸਿੰਘ! ਤੁਮਾਰਾ ਖੁਦਾ ਸਚ ਹੀ ਤੁਮਾਰਾ ਕਾਮ ਕਰ ਗਿਆ, ਹਮਾਰੇ ਸੇ ਨਾਮ ਭੀ ਕਾਟ ਗਿਆ, ਪਰ ਏਕ ਬਾਤ ਹੈ, ਆਪ ਲੋਗ ਦੂਰ ਨਾ ਜਾਨਾ, ਆਪ ਕੇ ਲੀਏ ਹਮ ਮਕਾਨ ਬਨਾ ਦੇਂਗੇ। ਬਚਨ ਲੈ ਲਿਆ ਤੇ ਬਾਬਾ ਜੀ ਓਥੇ ਹੋਤੀ ਮਰਦਾਨ ਹੀ ਟਿਕ ਗਏ।

ਸੋ ਪ੍ਰਮੇਸ਼ਰ –

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ ॥* *ਅੰਗ– ੨੪੯*

ਉਹ ਤਾਂ ਕੰਮ ਕਰਦਾ ਫਿਰਦਾ ਹੈ। ਪਰ ਉਹ ਮੰਗਦਾ ਕੀ ਹੈ, ਪਿਆਰ ਮੰਗਦਾ ਹੈ। ਪਿਆਰ ਦੇ ਵਿਚ ਵਸ ਹੋ ਜਾਂਦਾ ਹੈ, ਪਿਆਰ ਅਧੂਰਾ ਨਹੀਂ ਮੰਗਦਾ।

*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥* *ਅੰਗ – ੬੫੭*

ਜੇ ਪਿਆਰ ਵਿਚੇ ਬੱਚਿਆਂ ਦਾ, ਵਿਚੇ ਹੋਵੇ ਘਰਦਿਆਂ ਦੇ ਪਿਆਰ, ਕਹਿੰਦੇ ਐਹੋ ਜਿਹਾ ਟੁਟਵਾਂ ਪਿਆਰ ਰੱਬ ਨਹੀਂ ਮੰਗਦਾ ਤੇ ਰੱਬ ਤਾਂ ਅਖੰਡ ਪਿਆਰ ਦੇ ਵਿੱਚ ਵਸ ਆਉਂਦਾ ਹੈ। 100% ਪਿਆਰ ਹੋਵੇ ਉਹਦੇ ਨਾਲ ਹੀ। ਉਹ ਫੇਰ ਵਸ ਆ ਜਾਂਦਾ ਹੈ, ਫੇਰ ਚਾਹੇ ਕੁਛ ਕਰਵਾਈ ਜਾਹ। ਕਬੀਰ ਦਾ ਯੱਗ ਕਰਦਾ ਰਿਹਾ, ਰਵਿਦਾਸ ਜੀ ਦੀਆਂ ਮੂਰਤੀਆਂ ਤਾਰਦਾ ਰਿਹਾ, ਧੰਨੇ ਦਾ ਜਾ ਕੇ ਕੰਮ ਕਰਿਆ ਖੇਤੀਬਾੜੀ ਦਾ ਤੇ ਸੈਣ ਨਾਈ ਦੀਆਂ ਜਾ ਕੇ ਬੁਤੀਆਂ ਕਰਦਾ ਰਿਹਾ, ਉਹਦੀ ਥਾਂ 'ਤੇ ਮੁੱਠੀ ਚਾਪੀ ਕਰਦਾ ਰਿਹਾ। ਇਸ ਕਰਕੇ ਪ੍ਰਮੇਸ਼ਰ ਜਿਹੜਾ ਹੈ ਉਹ ਪਿਆਰ ਦੇ ਵਸ ਵਿੱਚ ਹੈ।

ਇਸ ਤਰ੍ਹਾਂ ਮਾਤਾ ਪੂਰੇ ਦਿਲ ਦੇ ਨਾਲ ਪਿਆਰ ਕਰਦੀ ਹੈ। ਉਹਨੂੰ ਸ਼ੱਕ ਨਹੀਂ ਹੈ, 1% ਵੀ, 1% ਦਾ ਜੇ ਸੌ ਅੱਗੇ ਹੋਰ ਬਣਾ ਲਈਏ, ਓਨਾਂ ਵੀ ਨਹੀਂ। ਉਹ ਕਹਿੰਦੀ, ਆਉਣਗੇ, ਮੇਰੇ ਗੁਰੂ ਸਾਹਿਬ। ਸ਼ਹਿਰ ਵਾਲੀ ਸੰਗਤ ਇਕੱਠੀ ਹੁੰਦੀ ਹੈ, ਮਾਤਾ! ਗੁਰੂ ਨਾਨਕ ਪਾਤਸ਼ਾਹ ਦੀ ਬਾਤ ਹੋਰ ਸੀ, ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਹੋਰ ਤਰ੍ਹਾਂ ਵਰਤਾਅ ਰਹੇ ਸੀ ਖੇਲ੍ਹ। ਉਥੇ ਮੱਕੇ ਯਾਦ ਕਰਿਆ, ਮੱਕੇ ਚਲੇ ਗਏ। ਲੰਕਾ 'ਚ ਯਾਦ ਕਰਿਆ, ਲੰਕਾ 'ਚ ਚਲੇ ਗਏ। ਹੁਣ ਗੁਰੂ ਮਹਾਰਾਜ ਓਸ ਤਰ੍ਹਾਂ ਨਹੀਂ ਕਰਦੇ, ਸਰੀਰਕ ਤੌਰ 'ਤੇ ਆਉਣਾ ਪੈਣਾ ਹੈ, ਫੌਜਾਂ ਨੇ ਉਨ੍ਹਾਂ ਦੇ ਨਾਲ। ਬੇਗਾਨੇ ਦੇਸ਼ 'ਚੋਂ ਲੰਘ ਕੇ ਆਉਣਾ ਹੈ, ਕਿੰਨੀਆਂ ਰੁਕਾਵਟਾਂ ਨੇ, ਦਰਿਆਵਾਂ 'ਤੇ ਪੁਲ ਨਹੀਂ ਬਣੇ ਹੋਏ। ਕਹਿੰਦੀ, ਉਹ ਤਾਂ ਆਪੇ ਹੀ ਆ ਜਾਣਗੇ। ਪੁੱਤਰ ਵੀ ਕਹਿ ਕੇ ਥੱਕ ਗਿਆ, ਸਾਰੇ ਕਹਿ ਕੇ ਥੱਕ ਗਏ, ਸੇਵਾ ਰਾਮ ਨੇ ਵੀ ਬਹੁਤ ਸਮਝਾਇਆ। ਰੋਜ਼ ਸਮਝਾਉਂਦਾ ਹੈ, ਕਹਿੰਦਾ ਕਿੰਨੇ ਦਿਨ ਹੋ ਗਏ ਤੈਨੂੰ, ਰੋਜ਼ ਪ੍ਰਸ਼ਾਦਾ ਬਣਾ ਕੇ ਰੱਖ ਲੈਂਦੀ ਹੈਂ, ਤੇ ਉਹ ਤਾਂ ਆਏ ਹੀ ਨਹੀਂ। ਮਾਂ ਜੀ! ਐਉਂ ਨਾ ਕਰੋ ਤੁਸੀਂ, ਅਸੀਂ ਕੋਈ ਪਾਲਕੀ ਬਣਾ ਲੈਂਦੇ ਹਾਂ ਤੁਹਾਡੇ ਵਾਸਤੇ ਤੇ ਅੰਮ੍ਰਿਤਸਰ ਲੈ ਚਲਦੇ ਹਾਂ, ਹੁਣ ਉਡਦੀ-ਉਡਦੀ ਗੱਲ ਆਈ ਹੈ ਆਪ ਗਵਾਲੀਅਰ ਦੇ ਕਿਲ੍ਹੇ 'ਚੋਂ ਦਰਬਾਰ ਸਾਹਿਬ ਪਹੁੰਚ ਚੁੱਕੇ ਨੇ। ਕਹਿਣ ਲੱਗੀ, ਇੱਥੇ ਆਉਣਗੇ ਉਹ। ਮੇਰਾ ਅੰਦਰਲਾ ਗਵਾਹੀ ਦਿੰਦਾ ਹੈ ਕਿ ਉਹ ਇੱਥੇ ਆਉਣਗੇ। ਕਹਿੰਦਾ, ਸੱਤ ਸੌ ਮੀਲ ਹੈ ਉਹ, ਐਨੀ ਦੂਰ ਕਿਵੇਂ ਆ ਜਾਣਗੇ। ਲੇਕਿਨ ਕਿਸੇ ਦੀ ਨਹੀਂ ਮੰਨੀ ਤੇ ਪਿਆਰ ਦੇ ਵਿੱਚ ਬਿਹਬਲ ਹੋਈ ਹੋਈ ਐਸੀਆਂ ਅਰਦਾਸਾਂ ਕਰਦੀ ਰਹਿੰਦੀ ਹੈ –

*ਧਾਰਨਾ – ਫੰਗ ਵਿਕਦੇ ਹੋਣ ਬਜ਼ਾਰੀ,*
*ਗੁਰਾਂ ਨੂੰ ਮੈਂ ਉਡ ਕੇ ਮਿਲਾਂ ਪਿਆਰਿਓ!*

*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥*
*ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥*
*ਅੰਗ – ੧੪੨੬*

*ਮਨ ਮੇਰੇ ਹਰਿ ਕੇ ਚਰਨ ਰਵੀਜੈ ॥*
*ਦਰਸ ਪਿਆਸ ਮੇਰੋ ਮਨੁ ਮੋਹਿਓ*
*ਹਰਿ ਪੰਖ ਲਗਾਇ ਮਿਲੀਜੈ ॥* *ਅੰਗ – ੧੨੬੯*

ਐਸੀਆਂ ਅਰਦਾਸਾਂ ਅੰਤਰ-ਆਤਮੇ ਗੁਰੂ ਵਲ ਭੇਜਦੀ ਹੈ। ਕੋਈ ਵੀ ਅਰਦਾਸ, ਕੋਈ ਸਿੱਕ, ਐਸਾ ਨਹੀਂ ਹੈ, ਇਹ ਖਿਆਲ ਮਰਿਆ ਨਹੀਂ ਕਰਦਾ, ਹਮੇਸ਼ਾ ਜੀਉਂਦੀ ਚੀਜ਼ ਹੈ, ਇਹ ਪਹੁੰਚ ਜਾਂਦਾ ਹੈ, ਲੱਖਾਂ ਮੀਲ, ਕਰੋੜਾਂ ਮੀਲ, ਅਰਬਾਂ ਮੀਲ, ਪ੍ਰਮੇਸ਼ਰ ਨੂੰ ਖਿੱਚ ਲੈਂਦਾ ਹੈ ਇਹ, ਗੁਰੂ ਜੋਤੀਆਂ ਨੂੰ ਖਿੱਚ ਲੈਂਦਾ ਹੈ, ਇਹਦੇ ਵਿੱਚ ਬੜੀ ਸ਼ਕਤੀ ਹੈ, ਖਿਆਲ ਦੇ ਅੰਦਰ। ਕਿਉਂਕਿ ਖਿਆਲ ਤਾਂ ਏਧਰੋਂ ਉਠੇ ਦੂਜੇ ਪਾਸੇ ਉਸੇ ਵੇਲੇ ਓਦੋਂ ਹੀ ਜਾ ਪਹੁੰਚਦਾ ਹੈ। ਜਿਨ੍ਹਾਂ ਦੇ ਹਿਰਦੇ ਨਿਰਮਲ ਨੇ ਉਹ ਪਹਿਲਾਂ ਹੀ ਜਾਣ ਜਾਂਦੇ ਨੇ ਕਿ ਇਹਦੇ ਮਨ ਵਿੱਚ ਆ ਗੱਲ ਹੈ। ਕਈ ਮਹਾਤਮਾ ਤੋਂ ਡਰਦੇ ਰਹਿੰਦੇ ਨੇ ਘਰ ਵਿਚ ਬੈਠੇ ਵੀ ਕਿ ਜੇ ਖਿਆਲ ਗਲਤ ਹੋ ਗਿਆ, ਉਹਨੂੰ ਤਾਂ ਪਤਾ ਲਗ ਜਾਣਾ ਹੈ ਉਦੋਂ ਹੀ ਕਿ ਆਹ ਗੱਲ ਕਰ ਰਹੇ ਸੀ ਤੁਸੀਂ। ਐਸੀਆਂ ਪ੍ਰਤਿਆ-ਪ੍ਰਤਿਆ ਕੇ ਦੇਖੀਆਂ ਹੋਈਆਂ ਨੇ ਗੱਲਾਂ। ਓਧਰ ਗੱਲ ਜਾ ਪਹੁੰਚਿਆ ਕਰਦੀ ਹੈ ਓਸੇ ਵੇਲੇ।

ਇੱਕ ਵਾਰੀ ਇੱਕ ਰਾਜਾ ਸੀ, ਉਹ ਆਪਣੇ ਸ਼ਹਿਰ ਦੇ ਦਰਵਾਜ਼ੇ ਜਿਹੜੇ ਦੱਖਣ ਦਰਵਾਜ਼ੇ ਤੋਂ ਬਗੈਰ ਜਿਹੜੇ ਸੀ, ਬਾਕੀਆਂ 'ਚ ਸਾਰਾ ਵਕਤ ਲੰਘਦਾ ਰਹਿੰਦਾ, ਏਧਰ ਨਹੀਂ ਸੀ ਕਦੇ ਆਉਂਦਾ। ਵਜ਼ੀਰ ਨੂੰ ਕਹਿਣ ਲੱਗਿਆ ਕਿ ਦੱਖਣ ਦਰਵਾਜ਼ੇ ਵੱਲ ਮੈਂ ਜਾਣਾ ਹੈ, ਉਥੇ ਬਾਹਰ ਆਇਆ ਦਰਵਾਜ਼ੇ ਦੇ ਕੀ ਦੇਖਦਾ ਹੈ – ਬਹੁਤ ਸੋਹਣਾ ਪਾਰਕ ਹੈ, ਫੁਹਾਰੇ ਚੱਲ ਰਹੇ ਨੇ, ਬਾਗ ਬਹੁਤ ਸੋਹਣਾ

ਲੱਗਿਆ ਹੋਇਆ ਹੈ, ਕੋਠੀ ਕਮਾਲ ਦੀ ਬਣੀ ਹੋਈ ਹੈ ਤੇ ਬਗੀਚੇ ਜਿਹੜੇ ਨੇ ਉਹ ਬਹੁਤ ਸੁੰਦਰ ਘਾਹ ਦੇ ਨਾਲ ਸਜਾਏ ਹੋਏ, ਫੁੱਲਾਂ ਦੇ ਨਾਲ ਸਜਾਏ ਹੋਏ ਨੇ। ਰਾਜਾ ਇਹ ਦੇਖ ਕੇ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ ਆਹ ਕੋਠੀ ਢੁਹਾ ਦਿਓ, ਮੈਨੂੰ ਚੰਗੀ ਨਹੀਂ ਲਗਦੀ। ਵਜ਼ੀਰ ਬੜਾ ਸਿਆਣਾ ਸੀ, ਕਹਿਣ ਲੱਗਿਆ, ਅੱਜ ਕਿੰਨਿਆਂ ਸਾਲਾਂ ਬਾਅਦ ਆਇਆ ਹੈ, ਫੇਰ ਪਤਾ ਨਹੀਂ ਕਦ ਆਵੇ ਕਿ ਕਦ ਨਾ ਆਵੇ ਇਹ। ਕੋਠੀ ਕਿੰਨੀ ਸੁੰਦਰ ਲਗਦੀ ਹੈ, ਸ਼ਹਿਰ ਸਜਦਾ ਹੈ ਇਹਦੇ ਨਾਲ। ਉਹਨੇ ਢੁਆਈ ਨਾ। ਦੋ ਮਹੀਨੇ ਬਾਅਦ ਫੇਰ ਆਇਆ, ਪਹਿਲੀ ਵਾਲੀ ਗੱਲ ਕਹੀ ਹੋਈ ਭੁੱਲ ਗਿਆ, ਕਹਿਣ ਲੱਗਿਆ, ਇਹ ਕੋਠੀ ਢਾਹ ਦੇਣੀ ਚਾਹੀਦੀ ਹੈ। ਉਹ ਕਹਿੰਦੇ, ਹਜ਼ੂਰ! ਢੁਹਾ ਦਿਆਂਗੇ। ਉਸ ਵੇਲੇ ਵਜ਼ੀਰ ਨੇ ਜਾ ਕੇ ਕੋਠੀ ਦੇ ਮਾਲਕ ਨੂੰ ਬੁਲਾਇਆ, ਬੁਲਾ ਕੇ ਦੱਸਿਆ ਕਿ ਤੇਰੀ ਕੋਠੀ ਢੁਹਾਉਣ ਦਾ ਹੁਕਮ ਹੋ ਚੁੱਕਿਆ ਹੈ, ਸੱਚੋਸੱਚ ਦੱਸ, ਤੇਰੇ ਖਿਆਲਾਂ ਦੇ ਵਿੱਚ ਰਾਜੇ ਦਾ ਬੁਰਾ ਤਾਂ ਨਹੀਂ ਚਿਤਵਿਆ ਜਾਂਦਾ, ਉਹ ਕਹਿੰਦਾ, ਵਜ਼ੀਰ ਸਾਹਿਬ! ਮੈਂ ਸੱਚ ਦਸਦਾ ਹਾਂ, ਮੇਰੇ ਖਿਆਲ ਦੇ ਅੰਦਰ ਰਾਜੇ ਦਾ ਬਹੁਤ ਬੁਰਾ ਚਿਤਵਿਆ ਜਾ ਰਿਹਾ ਹੈ।

ਕਹਿਣ ਲੱਗੇ, ਕੀ ਗੱਲ? ਕੋਈ ਦੁਸ਼ਮਣੀ ਹੈ?

ਕਹਿੰਦਾ, ਕੋਈ ਦੁਸ਼ਮਣੀ ਨਹੀਂ।

ਕਹਿੰਦੇ, ਕੀ ਰਾਜਾ ਮਾੜਾ ਹੈ?

ਕਹਿੰਦਾ, ਕੋਈ ਮਾੜਾ ਨਹੀਂ।

ਫੇਰ ਤੂੰ ਇਹ ਗੱਲ ਕਿਉਂ ਕਰਦਾ ਹੈਂ?

ਕਹਿਣ ਲੱਗਿਆ, ਮਹਾਰਾਜ! ਮੈਂ ਸਹੀ ਗੱਲ ਦਸ ਦਿੰਦਾ ਹਾਂ, ਮੈਂ ਮਲਿਆਗਰ ਪਰਬਤ 'ਤੇ ਗਿਆ ਤੇ ਉਥੋਂ ਚੰਦਨ ਦੇ ਲੱਕੜ ਖਰੀਦ ਲਏ। ਚੰਦਨ ਇਥੇ ਪਹੁੰਚ ਗਿਆ। ਚੰਦਨ ਜਿਹੜਾ ਹੈ ਜੇ ਰਾਜਾ ਕੋਈ ਮਰੇ, ਰਾਜੇ ਦੇ ਪਰਿਵਾਰ ਦਾ ਮਰੇ, ਤਾਂ ਉਹ ਚੰਦਨ ਦੀ ਚਿਖਾ ਹੁੰਦੀ ਹੈ, ਜਾਂ ਕੋਈ ਵੱਡਾ ਮਹਾਤਮਾ ਚੜ੍ਹਾਈ ਕਰੇ, ਉਹਦੇ ਵਾਸਤੇ ਹੁੰਦੀ ਹੈ ਤੇ ਮੈਨੂੰ ਸਾਲ ਹੋ ਗਿਆ, ਚੰਦਨ ਮੇਰਾ ਬੇਕਾਰ ਪਿਆ ਹੈ, ਮੇਰੇ ਮਨ ਵਿੱਚ ਆ ਜਾਂਦਾ ਹੈ ਕਿ ਬੜੇ ਪੈਸੇ ਬਣ ਜਾਣ, ਜੇ ਇਹ ਚੰਦਨ ਵਿਕੇ। ਵਿਕੇ ਤਾਂ ਜੇ ਰਾਜੇ ਦਾ ਕੋਈ ਮਰੇ ਜਾਂ ਰਾਜਾ ਮਰੇ।

ਵਜ਼ੀਰ ਜਾਣ ਗਿਆ, ਕਹਿਣ ਲੱਗਿਆ, ਕਿੰਨਾ ਚੰਦਨ ਹੈ ਤੇਰੇ ਕੋਲ?

ਕਹਿੰਦਾ, ਐਨਾ ਹੈ।

ਉਹ ਕਹਿੰਦਾ, ਮੈਨੂੰ ਦੇ ਦੇ, ਮੁੱਲ ਲੈ ਲਿਆ, ਸਰਕਾਰੀ ਖਰਚੇ 'ਤੇ।

ਲਿਆ ਕੇ ਉਹਨੇ ਸਟੋਰ 'ਚ ਜਮ੍ਹਾਂ ਕਰ ਦਿਤਾ।

ਰਾਜਾ ਫੇਰ ਗਿਆ ਦੋ ਕੁ ਮਹੀਨੇ ਬਾਅਦ। ਪਹਿਲਾਂ ਹੀ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ! ਉਹ ਕੋਠੀ ਕਿਤੇ ਢੁਹਾ ਤਾਂ ਨਹੀਂ ਦਿੱਤੀ? ਕਹਿੰਦੇ, ਮਹਾਰਾਜ! ਹੁਕਮ ਤਾਂ ਦਿੱਤੇ ਹੋਏ ਨੇ, ਸਭ ਕੁਛ ਕਰਿਆ ਹੋਇਆ ਹੈ। ਸਿਰਫ ਇੱਕ ਮੌਕਾ ਦਿੱਤਾ ਹੋਇਆ ਹੈ ਉਸਨੂੰ। ਕਹਿੰਦੇ ਨਾ ਨਾ, ਉਹਦੇ ਨਾਲ ਤਾਂ ਸਾਰਾ ਸ਼ਹਿਰ ਸਜਦਾ ਹੈ, ਪਤਾ ਨਹੀਂ ਮੇਰੇ ਮਨ 'ਚ ਕਿਉਂ ਬਦੀ ਆਉਂਦੀ ਸੀ। ਉਥੇ ਗਿਆ ਤਾਂ ਪ੍ਰਸੰਸਾ ਕਰਦਾ ਹੈ ਕੋਠੀ ਦੀ ਕਿ ਇਹ ਤਾਂ ਹੈ ਹੀ ਬਹੁਤ ਕਮਾਲ ਦਰਜੇ ਦੀ ਬਣੀ ਹੋਈ ਹੈ। ਕਿੰਨੀ ਵਿਉਂਤ ਦੇ ਨਾਲ ਇਹ ਕੋਠੀ ਬਣੀ ਹੋਈ ਹੈ। ਗੱਲ ਵਿਚੋਂ ਕੀ ਸੀ ਇੱਕ ਖਿਆਲ ਚਲਦਾ ਸੀ, ਬੁਰਾ ਖਿਆਲ। ਉਹ ਬੁਰਾ ਖਿਆਲ ਤੁਰ ਕੇ ਰਾਜੇ ਦੇ ਦਿਲ ਵਿੱਚ ਆ ਕੇ ਬਦੀ ਪੈਦਾ ਕਰਦਾ ਸੀ, ਕਿਉਂਕਿ ਉਹ ਖਿਆਲ ਬਦੀ ਦਾ ਸੀ। ਇਸੇ ਤਰ੍ਹਾਂ ਦੇ ਜੇ ਸਾਡੇ ਹਿਰਦੇ 'ਚ ਗੁਰੂ ਵਾਸਤੇ ਪਿਆਰ ਦਾ ਖਿਆਲ ਚਲਦਾ ਹੈ ਤਾਂ ਗੁਰੂ ਦੇ ਹਿਰਦੇ 'ਚ ਪਿਆਰ ਦੀ ਟੁਣਕਾਰ ਮਾਰਦਾ ਹੈ। ਗੁਰੂ ਖਿੱਚ ਖਾਂਦਾ ਹੈ, ਮਹਾਤਮਾ ਦੇ ਬਾਰੇ ਬੁਰਾ ਖਿਆਲ ਕਰ ਲਓ, ਮਹਾਤਮਾ ਨੂੰ ਉਦੋਂ ਹੀ ਪਤਾ ਲਗ ਜਾਂਦਾ ਹੈ ਕਿ ਫਲਾਣਾ ਬੰਦਾ ਬੁਰਾ ਚਿਤਵ ਰਿਹਾ ਹੈ। ਉਹ ਠੀਕ ਨਹੀਂ ਹੈ, ਉਹਦੇ ਵਲੋਂ ਸੁਗੰਧੀ ਦੀ ਰੌ ਨਹੀਂ ਆ ਰਹੀ।

ਸੋ ਇਸ ਤਰ੍ਹਾਂ ਦੇ ਨਾਲ ਇਹਦੇ ਮਨ ਦੇ ਜਿਹੜੇ ਤਰੰਗ ਨੇ, ਗੁਰੂ ਮਹਾਰਾਜ ਕੋਲ ਪਹੁੰਚਦੇ ਨੇ, ਬਹੁਤ ਹੀ ਜ਼ਿਆਦਾ ਦਰਦਨਾਕ, ਬਹੁਤ ਹੀ ਪਿਆਰ ਦੇ ਭਰੇ ਹੋਏ ਸੰਦੇਸ਼ੇ ਭੇਜਦੀ ਹੈ–

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥*

*ਅੰਗ – ੧੦੯੪*

*ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥*
*ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥*

*ਅੰਗ – ੧੦੯੫*

*ਮੋਹਨ ਨੀਦ ਨ ਆਵੈ ਹਾਵੈ ਹਾਰ*
*ਕਜਰ ਬਸਤ੍ਰ ਅਭਰਨ ਕੀਨੇ ॥*
*ਉਡੀਨੀ ਉਡੀਨੀ ਉਡੀਨੀ ॥*
*ਕਬ ਘਰਿ ਆਵੈ ਰੀ ॥* *ਅੰਗ – ੮੩੦*

ਉਡੀਕ ਰਹੀ ਹਾਂ, ਉਡੀਕ ਰਹੀ ਹਾਂ, ਉਡੀਕ ਰਹੀ ਹਾਂ, ਕਦੋਂ ਤੁਸੀਂ ਦਰਸ਼ਨ ਦੀਦਾਰੇ ਦੇਵੋਂਗੇ। ਲੇਕਿਨ ਨਿੱਤ ਆਸ ਰਖਦੀ ਹੈ, ਹਰ ਵਕਤ ਆਸ ਰਖਦੀ ਹੈ ਕਿ ਹੁਣ ਆਏ-ਹੁਣ ਆਏ। ਉਹ ਤਾਂ ਸਮਰੱਥ ਨੇ, ਉਨ੍ਹਾਂ ਨੂੰ ਆਉਣਾ ਜਾਣਾ ਕੀ ਔਖਾ ਹੈ। ਪ੍ਰਸ਼ਾਦਾ ਤਿਆਰ ਕਰ ਲੈਂਦੀ ਹੈ ਤੇ ਰੱਖ ਲੈਂਦੀ ਹੈ ਕਿ ਹੁਣ ਆ ਕੇ ਛਕ ਲੈਣਗੇ। ਦੂਸਰਾ ਜਿਹੜਾ ਬਹੁਤ ਹੀ ਸੋਹਣਾ ਰੇਸ਼ਮ ਵਰਗਾ, ਰੂੰ ਕੱਤ-ਕੱਤ ਕੇ ਬਰੀਕ ਵਸਤਰ ਬਣਾਇਆ

ਹੈ, ਉਹ ਕੋਲ ਰੱਖ ਲੈਂਦੀ ਹੈ ਕਿ ਜਦੋਂ ਆਉਣਗੇ, ਮੈਂ ਭੇਟਾ ਕਰਾਂਗੀ ਤੇ ਇਹ ਜਾਮਾ ਉਹ ਪਹਿਨਣਗੇ ਤੇ ਫੇਰ ਮੈਂ ਦੇਖਾਂਗੀ।

ਇਹ ਜੋ ਬਾਤ ਹੁੰਦੀ ਹੈ, ਇਹਨੂੰ ਸਾਰੇ ਬੰਦੇ ਨਹੀਂ ਸਮਝ ਸਕਦੇ, ਸਿਰਫ ਓਹੀ ਸਮਝ ਸਕਦਾ ਹੈ ਜਿਸ ਨਾਲ ਕੋਈ ਵਾਪਰੀ ਹੋਵੇ -

*ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,*
*ਕਿਸੇ ਦੀ ਲੱਗੀ ਕੌਣ ਜਾਣਦਾ।*

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥* *ਅੰਗ- ੩੨੭*

*ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥*
*ਕਉਣੁ ਜਾਣੈ ਪੀਰ ਪਰਾਈ ॥* *ਅੰਗ - ੭੯੫*

ਸੋ ਜਿਸਨੂੰ ਪਿਆਰ ਲਗ ਜਾਂਦਾ ਹੈ -

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥*
*ਅੰਗ - ੧੩੬੮*

ਐਸੀ ਅਵਸਥਾ ਹੋਈ ਕਿ ਉਧਰੋਂ ਕਾਲ ਆ ਜਾਂਦਾ ਹੈ, ਕਹਿੰਦੀ, ਮੈਂ ਨਹੀਂ ਜਾਣਾ, ਮੈਂ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਜਾਣਾ ਹੈ,

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥* *ਅੰਗ - ੨੬੨*

ਇਥੇ ਮੈਂ ਕਈ ਵਾਰੀ ਦੱਸਿਆ ਹੈ ਕਿ ਸਾਡੇ ਫਾਰਮ ਦੇ ਕੋਲ ਇਕ ਪਿੰਡ ਹੈ, ਉਥੇ ਬੀਬੀ ਵਿਆਹੀ ਹੋਈ ਸੀ, ਉਹਦੀ ਛੋਟੀ ਭੈਣ ਸੀ ਗੁਰਮੀਤ, ਉਹ ਚੌਵੀ ਸਾਲ ਦੀ ਹੋ ਗਈ ਸੀ, ਆਪਣੇ ਪਿਤਾ ਨੂੰ ਕਹਿੰਦੀ ਸੀ ਕਿ ਮੈਨੂੰ ਵਿਆਹੀਂ ਨਾ, ਮੈਂ ਚੌਵੀ ਸਾਲ ਦੀ ਨੇ ਸੰਸਾਰ 'ਚੋਂ ਚਲੇ ਜਾਣਾ ਹੈ। ਉਹਦੀ ਗੱਲ ਕੋਈ ਨਹੀਂ ਸੀ ਮੰਨਦਾ, ਸਗੋਂ ਬਉਲੀ ਕਹਿੰਦੇ ਸੀ। ਕਈ ਵਾਰੀ ਉਹਨੇ ਉਥੇ ਬੈਠੀ ਨੇ ਕਹਿਣਾ ਕਿ ਮੈਂ ਭਾਅ ਜੀ ਦੇ ਦੀਵਾਨ ਦੇਖ ਰਹੀ ਹਾਂ ਲੱਗੇ ਹੋਏ। ਉਨ੍ਹਾਂ ਨੇ ਇਹੀ ਸਮਝਣਾ ਕਿ ਝੱਲੀਆਂ ਗੱਲਾਂ ਮਾਰਦੀ ਹੈ। ਇੱਕ ਵਾਰੀ ਦੀਵਾਨ 'ਚ ਆ ਗਈ, ਕਹਿੰਦੀ ਮੈਂ ਕੀਰਤਨ ਕਰ ਸਕਦੀ ਹਾਂ। ਕਹਿੰਦੇ ਤੂੰ ਵਾਜਾ ਤਾਂ ਸਿੱਖਿਆ ਹੀ ਨਹੀਂ? ਕਹਿੰਦੀ, ਮੈਨੂੰ ਸਭ ਕੁਛ ਆਉਂਦਾ ਹੈ।

ਉਹ ਆਪਣੇ ਪਿਤਾ ਨੂੰ ਕਹਿਣ ਲੱਗੀ ਕਿ ਅੱਜ ਜਾਈਂ ਨਾ ਮੈਂ ਬਾਰ੍ਹਾਂ ਵਜੇ ਜਾਣਾ ਹੈ। ਕਹਿੰਦਾ, ਤੈਨੂੰ ਤਾਂ ਕਹਿੰਦੀ ਨੂੰ ਮੁਦਤਾਂ ਬੀਤ ਗਈਆਂ ਮੀਤੋ। ਮੈਂ ਆਪਣਾ ਕੰਮ ਵੀ ਕੀ ਰੋਕ ਲਵਾਂ? ਮੈਂ ਜਾ ਕੇ ਖਾਦ ਲਿਆਉਣੀ ਹੈ ਰਾਜਪੁਰੇ ਤੋਂ। ਕਣਕ ਪਾ ਲਈ ਉਹਨੇ, ਧਾਨਾਂ ਦੇ ਲਈ ਖਾਦ ਲੈਣ ਵਾਸਤੇ ਚਲਿਆ ਗਿਆ ਕਿ ਕਣਕ ਵੇਚ ਕੇ ਖਾਦ ਲਿਆਵਾਂਗਾ। ਇਧਰ ਇਹਨੇ ਮਾਂ ਨੂੰ ਰਾਤ ਨੂੰ ਸਾਰਾ ਕੁਛ ਸਮਝਾ ਦਿੱਤਾ। ਕੰਧਾਂ ਦੇ ਨਾਲ ਮੂੰਹ ਕਰਕੇ ਰਹਿਰਾਸ ਪੜ੍ਹੇ। ਮਾਂ ਨੇ ਕਿਹਾ, ਤੂੰ ਕਿਉਂ ਕਰਦੀ ਹੈਂ? ਕਹਿੰਦੀ, ਮੈਂ ਕੰਧਾਂ ਪਵਿੱਤਰ ਕਰ ਰਹੀ ਹਾਂ ਮਾਤਾ। ਤੂੰ ਤਾਂ ਪਾਠ ਕਰਨਾ ਨਹੀਂ ਮਗਰੋਂ। ਚਾਬੀਆਂ ਦੇ ਦਿੱਤੀਆਂ, ਨਾਲ ਕੜਾਹੀ ਕੱਢ ਲਈ, ਰਸਦ ਤੋਲ ਲਈ, ਕਹਿੰਦੀ ਫੇਰ ਆਹ ਦੇਗ ਬਣਾ ਲੈਣੀ ਹੈ ਮੇਰੇ ਬਾਅਦ 'ਚ। ਚੀਜ਼ਾਂ ਸੰਭਾਲ ਦਿੱਤੀਆਂ ਮਾਂ ਨੂੰ। ਮਾਂ ਨੇ ਕਿਹਾ ਕਿ ਮੀਤੋ! ਤੂੰ ਸੱਚੀ ਜਾਣਾ ਹੈਂ ਕੱਲ੍ਹ ਨੂੰ? ਕਹਿੰਦੀ ਹਾਂ, ਮੈਂ ਕੱਲ੍ਹ ਨੂੰ ਬਾਰ੍ਹਾਂ ਵਜੇ ਚਲੀ ਜਾਣਾ ਹੈ। ਪਿਤਾ ਨੂੰ ਰੋਕਿਆ ਪਿਤਾ ਰੁਕਿਆ ਨਾ। ਜਦੋਂ ਬਾਰ੍ਹਾਂ ਵੱਜੇ, ਉਸ ਵੇਲੇ ਪਲੰਘ ਵਿਛਾਇਆ ਹੋਇਆ ਹੈ ਇਸਨੇ। ਪਿੰਡ ਇਕੱਠਾ ਹੋ ਗਿਆ ਸਾਰਾ, ਕਹਿਣ ਲੱਗੀ, ਮੈਨੂੰ ਇੱਕ ਉਲਟੀ ਆਉਣੀ ਹੈ ਜਦ ਮੈਂ ਜਾਣਾ ਹੈ। ਹੋਰ ਮੈਨੂੰ ਕੁਛ ਨਹੀਂ ਹੋਣਾ, ਮੈਂ ਆਰਾਮ ਨਾਲ ਚਲੀ ਜਾਣਾ ਹੈ। ਉਸ ਤੋਂ ਪਹਿਲਾਂ ਅਖੰਡਪਾਠ ਕਰਕੇ ਆਈ ਸਾਧੂਗੜ੍ਹ, ਉਥੇ ਸੰਤਾਂ ਨੂੰ ਕਹਿੰਦੀ ਕਿ ਤੁਸੀਂ ਕੀਰਤਨ ਸੋਹਿਲਾ ਪੜ੍ਹਿਓ ਤੇ ਮੈਂ ਹੁਣ ਜਾ ਕੇ ਅੰਮ੍ਰਿਤ ਦੁਬਾਰਾ ਛਕ ਕੇ ਆਉਂਦੀ ਹਾਂ, ਕੋਈ ਗਲਤੀ ਨਾ ਹੋ ਗਈ ਹੋਵੇ, ਮੈਂ ਜਾਣਾ ਹੈ ਦਰਗਾਹ ਨੂੰ। ਕਹਿੰਦੀ, ਬਾਬਾ ਜੀ! ਤੁਸੀਂ ਜਦੋਂ ਕੀਰਤਨ ਸੋਹਿਲਾ ਪੜ੍ਹਨਾ ਹੈ ਨਾ, ਤਿੰਨ ਵਾਰੀ ਤੁਸੀਂ ਪੜ੍ਹੋਂਗੇ, ਦੋ ਵਾਰੀ ਤੁਹਾਡੇ ਤੋਂ ਗਲਤ ਹੋ ਜਾਣਾ ਹੈ। ਕਹਿੰਦੀ, ਸ਼ੁਧ ਪੜ੍ਹਿਓ ਬਿਲਕੁਲ ਹੀ। ਕਿਉਂਕਿ ਜੀਵ ਦੀ ਸਹਾਇਤਾ ਕਰਦਾ ਹੈ ਅੰਤ ਦੇ ਸਮੇਂ ਕੀਰਤਨ ਸੋਹਿਲਾ। ਉਸ ਵੇਲੇ ਸਾਰਾ ਪਿੰਡ ਇਕੱਠਾ ਹੋ ਗਿਆ, ਬੈਠੇ ਨੇ ਕਿ ਮੀਤੋ ਨੇ ਬਾਰ੍ਹਾਂ ਵਜੇ ਜਾਣਾ ਹੈ। ਜੈਕਾਰੇ ਬੁਲਾਉਣ ਲਗ ਗਈ ਬਾਰ੍ਹਾਂ ਵਜੇ। ਬੋਲੇ ਸੋ ਨਿਹਾਲ-ਬੋਲੇ ਸੋ ਨਿਹਾਲ। ਉਹ ਆ ਗਏ, ਕਹਿੰਦੀ ਬਾਬਾ ਜੀ! ਪਲੰਘ 'ਤੇ ਬਹਿ ਜਾਓ। ਕਹਿੰਦੇ ਜਾਣਾ ਹੈ। ਕਹਿੰਦੀ, ਮੈਂ ਨਹੀਂ ਅਜੇ ਜਾਣਾ, ਮੇਰੇ ਪਿਤਾ ਜੀ ਨੇ ਅਜੇ ਆਉਣਾ ਹੈ, ਉਹਨੂੰ ਮਿਲ ਕੇ ਜਾਊਂਗੀ, ਤੁਹਾਨੂੰ ਖੇਚਲ ਤਾਂ ਜ਼ਰੂਰ ਹੋਈ ਹੈ, ਤੁਸੀਂ ਦੁਬਾਰਾ ਆ ਜਾਇਓ। ਐਧਰਲੀ ਗੱਲ ਤਾਂ ਸੁਣਦੀ ਹੈ, ਓਧਰਲੀ ਨਹੀਂ ਸੁਣਦੀ। ਅਖੀਰ ਉਨ੍ਹਾਂ ਨੇ ਕਿਹਾ ਕਿ ਚੰਗਾ ਬੇਟਾ! ਅਸੀਂ ਫੇਰ ਦੱਸ ਵਜੇ ਆਵਾਂਗੇ ਰਾਤ ਦੇ। ਏਧਰੋਂ ਇਹਦਾ ਪਿਤਾ ਆ ਗਿਆ, ਪਿਤਾ ਆਇਆ ਤਾਂ ਕਹਿਣ ਲੱਗਿਆ, ਕੀ ਹਾਲ ਹੈ? ਕਹਿੰਦੀ ਮੈਂ ਤੁਹਾਡਾ ਇੰਤਜ਼ਾਰ ਕਰਦੀ ਹਾਂ, 12 ਵਜੇ ਬਾਬਾ ਜੀ ਆਏ ਸੀ ਲੈਣ, ਤੁਸੀਂ ਚਲੇ ਗਏ, ਹੁਣ ਦੱਸ ਵਜੇ ਆਉਣਗੇ। ਸਾਰਾ ਪਿੰਡ ਫੇਰ ਇਕੱਠਾ ਹੋ ਗਿਆ। ਕਹਿਣ ਲੱਗੀ, ਹੁਣ ਮੈਨੂੰ ਉਲਟੀ ਆਉਣੀ ਹੈ, ਉਲਟੀ ਆ ਗਈ, ਆਪੇ ਹੀ ਚੁੱਕ ਕੇ ਸੁੱਟ ਆਈ ਬਾਹਰ। ਸਫ 'ਤੇ ਬਹਿ ਗਈ, ਕਹਿੰਦੀ ਲਓ ਬਾਬਾ ਜੀ ਆ ਗਏ, ਇਕੱਲੇ ਆਏ ਨੇ। ਕਹਿੰਦੇ ਬਾਕੀ ਸਿੰਘ? ਕਹਿੰਦੀ ਉਹ ਬਾਹਰ ਖੜ੍ਹੇ ਨੇ, ਕਹਿੰਦੇ ਨੇ ਕਿ ਚੱਲੋ ਆਪਾਂ ਚੱਲੀਏ। ਕਹਿੰਦੀ, ਚੰਗਾ ਮੈਂ ਹੁਣ ਜਾਨੀ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਲੰਮੀ ਪੈ ਗਈ ਤੇ ਸਵਾਸ ਨਿਕਲ ਗਏ।

ਇਕ ਲੜਕੀ, ਆਮ ਸਾਧਾਰਨ। ਪ੍ਰਭੂ ਦਾ ਨਾਮ ਜਪਦੀ ਸੀ। ਮਹਾਰਾਜ ਕਹਿੰਦੇ –

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥* *ਅੰਗ-੨੬੨*

ਕਾਲ ਨੂੰ ਰੋਕ ਦਿੰਦਾ ਹੈ ਪ੍ਰਮੇਸ਼ਰ ਦਾ ਨਾਮ ਲੈਣ ਵਾਲਾ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਦੋ ਸਾਲ, ਦੋ ਮਹੀਨੇ, ਦੋ ਦਿਨ; ਕਾਲ ਨੂੰ ਰੋਕ ਦਿਤਾ ਕਿ ਦੋ ਸਾਲ, ਦੋ ਮਹੀਨੇ, ਦੋ ਦਿਨ ਬਾਅਦ ਆਈਂ, ਪਰ ਅਸੀਂ ਮਰਿਆਦਾ ਭੰਗ ਨਹੀਂ ਕਰਦੇ। ਸਾਡੀ ਥਾਂ 'ਤੇ ਸੰਤ ਲਾਲ ਸਿੰਘ ਜੀ ਜਾਣਗੇ ਹੁਣ। ਇਨ੍ਹਾਂ ਦੀ ਥਾਂ 'ਤੇ ਮੈਂ ਜਾਵਾਂਗਾ। ਕਿਉਂਕਿ ਸੰਗਤ ਬਹੁਤ ਜ਼ਿਆਦਾ ਮਗਰ ਪਈ ਹੋਈ ਹੈ, ਬਿਰਹਾ ਕਰਦੀ ਹੈ, ਪਿਆਰ ਕਰਦੀ ਹੈ, ਐਸ ਹਾਲਤ 'ਚ ਅਸੀਂ ਸੰਗਤ ਨੂੰ ਛੱਡ ਕੇ ਨਹੀਂ ਜਾ ਸਕਦੇ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਐਸਾ ਫੁਰਮਾਨ ਕਰਿਆ ਹੈ –

*ਧਾਰਨਾ- ਆਵੈ ਜਾਏ ਨਿਸੰਗ*
*ਗੁਰਮੁਖ ਪਿਆਰਾ-ਗੁਰਮੁਖ ਪਿਆਰਾ।*

*ਗੁਰਮੁਖਿ ਆਵੈ ਜਾਇ ਨਿਸੰਗੁ ॥* *ਅੰਗ- ੯੩੨*

ਕਹਿਣ ਲੱਗੀ, ਮੈਂ ਅਜੇ ਨਹੀਂ ਜਾਣਾ, ਮੇਰੇ ਸਤਿਗੁਰੂ ਜੀ ਨੇ ਆਉਣਾ ਹੈ, ਦਰਸ਼ਨ ਕਰਕੇ ਆਵਾਂਗੀ। ਦੇਵਤਿਆਂ ਨੂੰ ਪਤਾ ਲੱਗਿਆ ਕਿ ਕੋਈ ਐਸਾ ਵੀ ਆ ਗਿਆ ਜਿਹਨੇ ਕਾਲ ਨੂੰ ਮੋੜ ਦਿਤਾ। ਉਸ ਵੇਲੇ ਇੰਦਰ ਦੇਵਤਾ ਆਉਂਦਾ ਹੈ ਕਿ ਮੇਰੇ ਲੋਕ ਵਿੱਚ, ਐਸ ਲੋਕ ਨਾਲੋਂ ਦੱਸ ਅਰਬ ਗੁਣਾਂ ਜ਼ਿਆਦਾ ਸੁਖ ਹੈ, ਚੱਲ ਤੈਨੂੰ ਮੈਂ ਆਪਣੇ ਦੇਸ਼ ਵਿੱਚ ਵਾਸਾ ਦਿੰਦਾ ਹਾਂ, ਕਿਉਂਕਿ ਤੇਰਾ ਸਿਦਕ ਬਹੁਤ ਪੱਕਾ ਹੈ। ਕਹਿੰਦੀ ਨਾ, ਮੈਨੂੰ ਸੁਰਗ ਦੀ ਲੋੜ ਨਹੀਂ ਹੈ। ਬ੍ਰਹਮ ਦੇਵ ਦੇ ਦੇਵਤੇ ਆਉਂਦੇ ਨੇ, ਕਰਮਦੇਵ, ਅਜਾਨ ਦੇਵ ਲੋਕ ਦੇ ਦੇਵਤੇ ਆਉਂਦੇ ਨੇ, ਅਖੀਰ ਵਿਸ਼ਨੂੰ ਭਗਵਾਨ ਬੈਕੁੰਠ ਧਾਮ ਵਾਲੇ ਆਏ, ਕਹਿਣ ਲੱਗੇ, ਮਾਤਾ! ਤੇਰੀ ਭਗਤੀ ਤੋਂ ਅਸੀਂ ਬਹੁਤ ਪ੍ਰਸੰਨ ਹਾਂ ਤੇ ਤੈਨੂੰ ਬੈਕੁੰਠ ਧਾਮ ਵਿੱਚ ਲੈ ਕੇ ਜਾਣ ਲਈ ਆਇਆ ਹਾਂ।

ਜਦੋਂ ਕੋਈ ਬੱਚਾ ਫਸਟ ਆ ਜਾਵੇ। ਜਦੋਂ ਮੈਂ ਅਮਰੀਕਾ ਗਿਆ ਹੋਇਆ ਸੀ ਉਥੇ ਇੱਕ ਅੱਠਵੀਂ ਜਮਾਤ ਦਾ ਮੁੰਡਾ ਸੀ ਸਪੈਲਿੰਗ 'ਚ ਫਸਟ ਆ ਗਿਆ, ਇੰਡੀਅਨ ਸੀ, ਸਾਰੀਆਂ ਯੂਨੀਵਰਸਿਟੀਆਂ ਦੀਆਂ ਚਿੱਠੀਆਂ ਆ ਗਈਆਂ, ਬੰਦੇ ਆ ਗਏ ਕਿ ਤੈਨੂੰ ਅਸੀਂ ਫਰੀ ਪੜ੍ਹਾਵਾਂਗੇ, ਤੂੰ ਸਾਡੀ ਯੂਨੀਵਰਸਿਟੀ 'ਚ ਆ ਜਾ। ਸੋ ਏਸੇ ਤਰ੍ਹਾਂ ਦੇਵਤੇ ਜਿਹੜੇ ਨੇ, ਇਹ ਵੀ ਆ ਕੇ ਕਹਿੰਦੇ ਨੇ ਕਿ ਮੇਰੇ ਲੋਕ 'ਚ ਆ ਜਾ, ਮੇਰੇ 'ਚ ਆ ਜਾ। ਮਾਤਾ ਕਹਿਣ ਲੱਗੀ, ਨਾ ਮੈਨੂੰ ਬੈਕੁੰਠ ਦੀ ਲੋੜ ਨਹੀਂ। ਜਿੰਨਾਂ ਚਿਰ ਬੈਕੁੰਠ ਦੀ ਆਸ ਕੋਈ ਕੰਮ ਨਹੀਂ ਬਣਿਆ ਕਰਦਾ।

*ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ*
*ਨਿਤਿ ਆਸਾ ਆਸ ਕਰੀਜੈ ॥*
*ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ*
*ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥* *ਅੰਗ - ੧੩੨੪*

ਉਹ ਤਾਂ ਮੁਕਤੀ ਵੀ ਨਹੀਂ ਮੰਗਦੇ –

*ਧਾਰਨਾ - ਮੁਕਤੀ ਵੀ ਮੰਗਦੇ ਨਾ,*
*ਦਰਸ਼ਨ ਦੇ ਪ੍ਰੇਮੀ ਜਿਹੜੇ।*

ਮੁਕਤੀ ਨੂੰ ਵੀ ਛੱਡ ਦਿੰਦੇ ਨੇ, ਕਿਉਂਕਿ ਜਿਹੜੇ ਦਰਸ਼ਨਾਂ ਦੇ ਪ੍ਰੇਮੀ ਨੇ ਉਹ ਦਰਸ਼ਨਾਂ ਤੋਂ ਬਗੈਰ ਜੀਉਂਦੇ ਨਹੀਂ ਰਹਿ ਸਕਦੇ। ਐਸੀ ਜਦ ਹਾਲਤ ਹੋਈ, ਗੁਰੂ ਮਹਾਰਾਜ ਤੇਜ਼-ਤੇਜ਼ ਚਲਦੇ ਹੋਏ, ਬੜੇ ਲੰਮੇ-ਲੰਮੇ ਕੈਂਪ ਲਾਉਂਦੇ ਹੋਏ, ਅੱਜ ਸ੍ਰੀ ਨਗਰ ਪਹੁੰਚ ਜਾਂਦੇ ਨੇ, ਦਰਿਆ ਭਰੇ ਹੋਏ ਨੇ, ਬੜੀ ਮੁਸ਼ਕਲ ਦੇ ਨਾਲ ਦਰਿਆਵਾਂ 'ਚੋਂ ਲੰਘਦੇ ਨੇ, ਪਰ ਇੱਕ ਪਾਸੇ ਪਿਆਰ ਐਨਾ ਤਕੜਾ ਹੈ ਕਿ ਖਿੱਚੀਂ ਤੁਰਿਆ ਜਾ ਰਿਹਾ ਹੈ। ਬੰਨੇ ਹੋਏ ਪਿਆਰ ਦੇ ਆਪ ਆ ਰਹੇ ਨੇ –

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆਉਂਦੇ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ।*

*ਅਪੁਨੇ ਸੇਵਕ ਕੀ ਆਪੇ ਰਾਖੈ*
*ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥* *ਅੰਗ - ੪੦੩*

ਸੌ ਸਾਥੀ ਨਾਲ ਨੇ ਮਹਾਰਾਜ ਜੀ ਦੇ। ਸਾਰੇ ਉਥੇ ਆਗਤ-ਭਾਗਤ 'ਚ ਲੱਗੇ ਹੋਏ। ਗੁਰੂ ਮਹਾਰਾਜ ਜੀ ਇੱਕ ਪਾਸੇ ਨੂੰ ਘੋੜੇ 'ਤੇ ਸਵਾਰ ਹੋ ਕੇ ਨਿਕਲ ਗਏ। ਪਹੁੰਚੇ ਕਿੱਥੇ? ਕਾਠੀ ਦਰਵਾਜ਼ੇ, ਮਾਤਾ ਦੇ ਘਰ ਪਹੁੰਚ ਗਏ। ਅੱਗੇ ਮਾਤਾ ਨੇ ਥੜ੍ਹੇ ਵਲ ਮੂੰਹ ਕਰਿਆ ਹੋਇਆ ਤੇ ਪ੍ਰਸ਼ਾਦਾ ਤਾਜ਼ਾ ਲਾਹ ਕੇ ਰੱਖਿਆ ਹੋਇਆ ਹੈ। ਬੇਨਤੀਆਂ ਕਰਦੀ ਹੈ ਕਿ ਹੇ ਪਾਤਸ਼ਾਹ! ਆਪ ਕ੍ਰਿਪਾ ਕਰੋ-

*ਧਾਰਨਾ - ਲਾ ਦਿਓ ਭੋਗ ਹਰਿਰਾਇਆ*
*ਹੁਣ ਲਾ ਦਿਓ ਭੋਗ ਹਰਿਰਾਇਆ।*

ਐਸੀ ਅਰਦਾਸ ਹਿਰਦੇ 'ਚ ਚੱਲ ਰਹੀ ਹੈ ਕਿ ਹੇ ਪ੍ਰਭੂ! ਆਪ ਕ੍ਰਿਪਾ ਕਰੋ ਤੇ ਦਰਸ਼ਨ ਦੇਵੋ ਤੇ ਹੁਣ ਤੁਸੀਂ ਪ੍ਰਸ਼ਾਦ ਤਿਆਰ ਹੈ, ਛਕੋ ਆ ਕੇ। ਮਹਾਰਾਜ ਜੀ ਘੋੜੇ ਤੋਂ ਮਲਕੜੇ ਉਤਰੇ ਤੇ ਜਾ ਕੇ ਉਸ ਥੜ੍ਹੇ 'ਤੇ ਬੈਠ ਜਾਂਦੇ ਨੇ, ਥਾਲ ਦੇ ਉਤੋਂ ਰੁਮਾਲਾ ਚੁੱਕਿਆ ਤੇ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਦਿੱਤਾ। ਉਸ ਵੇਲੇ ਥੋੜ੍ਹੀ ਦੇਰ ਤੋਂ ਬਾਅਦ ਮਾਤਾ ਨੇ ਨੇਤਰ ਖੋਲ੍ਹੇ। ਜਿਹੜਾ ਸਰੂਪ ਉਸਨੇ ਅੰਦਰ ਵਸਾਇਆ ਹੋਇਆ ਸੀ, ਕੀ ਦੇਖਦੀ ਹੈ ਓਹੀ ਸਰੂਪ, ਮੀਰੀ ਪੀਰੀ ਦਾ ਮਾਲਕ, ਪੂਰੇ ਸ਼ਸਤਰ ਲੱਗੇ ਹੋਏ, ਜਿਰਾ

ਕਲਗੀ ਲੱਗੀ ਹੋਈ ਤੇ ਅੱਜ ਪ੍ਰਸ਼ਾਦਾ ਛਕ ਰਹੇ ਨੇ। ਦਰਸ਼ਨ ਦੀ ਝਲਕ ਸਹਿ ਨਾ ਸਕੀ। ਸਭ ਕੁਛ ਭੁੱਲ ਗਿਆ। ਐਸ ਤਰ੍ਹਾਂ ਨਾਲ ਦਸਦੇ ਨੇ –

*ਧਾਰਨਾ – ਜਦੋਂ ਦਰਸ ਗੁਰਾਂ ਦਾ ਕੀਤਾ*
*ਸੁੱਧ ਬੁੱਧ ਦੋਵੇਂ ਭੁੱਲੀਆਂ।*

*ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ*
*ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ ਹੈ।*
*ਸੁਰਤਿ ਮੈਂ ਨ ਸੁਰਤਿ ਅਉ*
*ਧਯਾਨ ਮੈਂ ਨ ਧਯਾਨ ਰਹਯੋ।*
*ਗਯਾਨ ਮੈਂ ਨ ਗਯਾਨ ਰਹਯੋ*
*ਗਤਿ ਮੈਂ ਨ ਗਤਿ ਹੈ।*
*ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ।*
*ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ।*
*ਅਦਭੁਤ ਪਰਮਦਭੁਤ ਬਿਸਮੈ ਬਿਸਮ*
*ਅਸਚਰਜੈ ਅਸਚਰਜ ਅਤਿ ਅਤਿ ਹੈ।*

*(ਕਬਿੱਤ ਸੂਯੇ ਭਾਈ ਗੁਰਦਾਸ ਜੀ)*

ਮਸਤ ਹੋ ਗਈ ਪਤਾ ਨਹੀਂ ਲਗਦਾ, ਨਮਸ਼ਕਾਰ ਕਰਨੀ ਭੁੱਲ ਗਈ। ਲੀਨ ਹੋ ਗਈ ਉਨ੍ਹਾਂ ਦਰਸ਼ਨਾਂ ਦੇ ਵਿੱਚ। ਮਹਾਰਾਜ ਜੀ ਪ੍ਰਸ਼ਾਦ ਛਕ ਕੇ ਕਹਿਣ ਲੱਗੇ, ਮਾਤਾ! ਉਹ ਵਸਤਰ ਤਾਂ ਲਿਆ ਜਿਹੜਾ ਤੂੰ ਬਣਾਇਆ ਹੈ। ਯਾਦ ਆਇਆ ਕਿ ਹੈਂ! ਮੈਂ ਤਾਂ ਮਰਿਆਦਾ ਹੀ ਭੁੱਲ ਗਈ, ਨਮਸ਼ਕਾਰ ਕਰਨੀ ਸੀ, ਕੀ ਹੋਇਆ ਟੁੰਭੀ ਗਈ ਓਸ ਵੇਲੇ, ਆ ਕੇ ਨਮਸ਼ਕਾਰ ਕਰਦੀ ਹੈ, ਨੇਤਰਾਂ 'ਚੋਂ ਜਲ ਜਾ ਰਿਹਾ ਹੈ, ਪਾਤਸ਼ਾਹ! ਮਾਫ ਕਰੀਂ, ਮੈਂ ਤੇਰਾ ਆਦਰ ਨਹੀਂ ਕੋਈ ਵੀ ਕਰਿਆ। ਮੈਂ ਤੇਰਾ ਕੋਈ ਸਤਿਕਾਰ ਨਹੀਂ ਕਰਿਆ। ਮੈਂ ਤੇਰੇ ਹੱਥ ਵੀ ਨਹੀਂ ਧੁਆਏ। ਓਸ ਵੇਲੇ ਮਹਾਰਾਜ ਜੀ ਲਈ ਜੋ ਚੋਲਾ ਤਿਆਰ ਕਰਿਆ ਸੀ, ਵਸਤਰ; ਉਹ ਦੇ ਦਿਤਾ। ਮਹਾਰਾਜ ਜੀ ਕਹਿੰਦੇ, ਐਓਂ ਕਰੋ ਹੁਣੇ ਦਰਜੀ ਬੁਲਾਓ ਤੇ ਹੁਣੇ ਸੁਆ ਕੇ ਤੇਰੇ ਸਾਮ੍ਹਣੇ ਪਾਉਣਾ ਹੈ। ਸੋ ਉਸ ਵੇਲੇ ਦਰਜੀ ਮੰਗਾ ਲਿਆ ਤੇ ਮਹਾਰਾਜ ਜੀ ਨੇ ਉਹ ਚੋਲਾ ਪਾਇਆ ਤੇ ਉਧਰੋਂ ਮਾਤਾ ਦਾ ਅੰਤ ਕਾਲ ਆ ਚੁੱਕਿਆ ਸੀ, ਮਹਾਰਾਜ ਜੀ ਨੇ ਸੀਸ 'ਤੇ ਹੱਥ ਰੱਖਿਆ, ਗੋਦੀ 'ਚ ਲੈ ਲਈ, ਮਹਾਰਾਜ ਜੀ ਦੀ ਗੋਦੀ 'ਚ ਹੀ ਪ੍ਰਾਣ ਪੰਖੇਰੂ ਉਡ ਗਏ। ਉਸ ਵੇਲੇ ਜਦੋਂ ਜਾ ਰਹੀ ਹੈ ਸਚਖੰਡ ਨੂੰ ਸਾਰੇ ਦੇਵੀ ਦੇਵਤੇ, ਆਪਣੇ-ਆਪਣੇ ਮੰਡਲ ਦੇ ਵਿੱਚ ਫੁੱਲ ਵਰਸਾ ਰਹੇ ਨੇ, ਧੰਨ-ਧੰਨ ਦਾ ਜੈਕਾਰਾ ਹੋ ਰਿਹਾ ਹੈ, ਹਰ ਥਾਂ ਦੇ ਉਤੋਂ –

*ਧਾਰਨਾ – ਸੁਰਗ ਲੋਕਾਂ ਵਿੱਚ ਜੈ-ਜੈਕਾਰ ਹੋਵੇ,*
*ਮਾਤਾ ਚੱਲੀ ਸੱਚਖੰਡ ਨੂੰ।*

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਉਜਲ ਹਰਿ ਦਰਗਹ ਸੋਇ ॥ ਅੰਗ – ੨੯੩*

ਸਾਰੇ ਲੋਕਾਂ ਦੇ ਵਿੱਚ ਜਿਸ-ਜਿਸ ਲੋਕ 'ਚੋਂ ਲੰਘਦੀ ਹੈ, ਉਥੇ ਦੇ ਦੇਵਤੇ ਸਵਾਗਤ ਕਰਦੇ ਨੇ, ਜੈ-ਜੈਕਾਰ ਕਰਦੇ ਨੇ ਕਿ ਕਿੱਡਾ ਪਿਆਰ ਸੀ ਇਸਦਾ। ਸਵਰਗ ਲੋਕ ਇਸਨੇ ਛੱਡ ਦਿੱਤੇ। ਸੋ ਇਹ ਪਿਆਰ ਦੀ ਕਥਾ ਹੈ –

*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਪਿਆਰ ਤੋਂ ਬਗੈਰ ਵਾਹਿਗੁਰੂ ਨਹੀਂ ਮਿਲਦਾ, ਚਾਹੇ ਲੱਖ ਯਤਨ ਕਰ ਲਓ। ਨਾ ਉਹ ਭਿੱਜਦਾ ਹੈ ਪਿਆਰ ਤੋਂ ਬਿਨਾਂ। ਸੋ ਇਸ ਕਰਕੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਸ ਦੀ ਲਗਨ ਹੋਵੇ, ਸੱਚਾ ਪਿਆਰ ਹੋਵੇ –

*ਰੀ ਬਾਈ ਬੇਢੀ ਦੇਨੁ ਨ ਜਾਈ ॥*
*ਦੇਖੁ ਬੇਢੀ ਰਹਿਓ ਸਮਾਈ ॥*
*ਹਮਾਰੈ ਬੇਢੀ ਪ੍ਰਾਨ ਅਧਾਰਾ ॥ ੧ ॥ ਰਹਾਉ ॥*
*ਬੇਢੀ ਪ੍ਰੀਤਿ ਮਜੂਰੀ ਮਾਂਗੈ*
*ਜਉ ਕੋਊ ਛਾਨਿ ਛਵਾਵੈ ਹੋ ॥*
*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥ ਅੰਗ – ੬੫੭*

ਸਾਡਾ ਪਿਆਰ ਵੰਡਿਆ ਹੋਇਆ ਹੈ। ਅਸੀਂ ਵਾਹਿਗੁਰੂ ਨੂੰ ਪਿਆਰ ਨਹੀਂ ਕਰਦੇ, ਵਾਹਿਗੁਰੂ ਦੀਆਂ ਦਿੱਤੀਆਂ ਹੋਈਆਂ ਦਾਤਾਂ 'ਚ ਫਸ ਗਏ।

*ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ – ੬੭੬*

ਉਹ ਮਾਲਕ ਜਿਹੜਾ ਹਰ ਵਕਤ ਇੰਤਜ਼ਾਰ ਕਰਦਾ ਹੈ, ਹਰ ਵਕਤ ਆਵਾਜ਼ ਦਿੰਦਾ ਹੈ –

*ਦਿਲਾ ਕਾ ਮਾਲਕੁ ਕਰੇ ਹਾਕੁ ॥ ਅੰਗ – ੮੯੭*

ਅੱਖਾਂ ਬੰਦ ਕਰ ਲਓ, ਵਾਹਿਗੁਰੂ ਦੀ ਆਵਾਜ਼ ਅੰਦਰ ਸੁਣਾਈ ਦੇਣ ਲਗ ਜਾਂਦੀ ਹੈ ਕਿ ਐ ਜੀਵ! ਤੂੰ ਭਟਕ ਗਿਆ, ਬੜੀ ਦੇਰ ਹੋ ਗਈ ਤੈਨੂੰ ਦੁਖੀ ਹੁੰਦੇ ਨੂੰ, ਆਪ ਮੈਂ ਤੇਰੇ ਲਈ ਦਰਵਾਜ਼ਾ ਖੋਲ੍ਹਾਂ, ਤੂੰ ਮੁੜ ਤਾਂ ਸਹੀ ਪਿੱਛੇ। ਪਰ ਹੁੰਦਾ ਕੀ ਹੈ? ਇਹ ਜੀਵ ਭੁੱਲਿਆ ਹੋਇਆ –

*ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਬਸਤੁ ਅਨੂਪ ਨ ਪਾਈ ॥ ਅੰਗ – ੩੩੯*

ਆਤਮ ਤੱਤ ਨੂੰ ਨਹੀਂ ਜਾਣਿਆ ਤੇ ਜੀਵ ਜਿਹੜਾ ਹੈ, ਛਿਨ-ਭੰਗਰ ਸੰਸਾਰ ਦੀ ਮਾਇਆ ਹੈ, ਧੀਆਂ ਨੇ, ਪੁੱਤਰ ਨੇ, ਜਾਇਦਾਦ ਹੈ, ਜ਼ਮੀਨ ਹੈ, ਪੈਸਾ ਹੈ, ਇਹਦੇ ਵਿੱਚ ਪਰਚ ਗਿਆ, ਇਹਦੇ 'ਚ ਪਰਚ ਕੇ ਬਾਜ਼ੀ ਹਾਰ ਕੇ ਸੰਸਾਰ ਤੋਂ ਚਲਿਆ ਜਾਂਦਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

# ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥

*ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਚਰਨਾਂ ਦੇ ਵਿਚ ਬਿਰਾਜਮਾਨ ਗੁਰੂ ਪਿਆਰੀ ਸਾਧਸੰਗਤ ਜੀ, ਖਿਆਲ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਕਬੀਰ ਜੀ ਕਹਿ ਰਹੇ ਹਨ –

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*

*ਅੰਗ- ੧੩੭੦*

1455 ਸੰਮਤ, 1398 ਈ. ਅੱਜ ਦੇ ਦਿਨ ਭਗਤ ਕਬੀਰ ਜੀ ਦਾ ਜੋ ਸਰੀਰ ਸੀ, ਉਸ ਦਾ ਜਨਮ ਹੋਇਆ। ਜਨਮ ਤੇ ਮਰਨ ਮਹਾਂਪੁਰਸ਼ਾਂ ਦਾ ਨਹੀਂ ਹੁੰਦਾ। ਇਸ ਕਰਕੇ ਇਸ ਦਿਨ ਨੂੰ ਪ੍ਰਕਾਸ਼ ਦਿਹਾੜਾ ਕਿਹਾ ਜਾਂਦਾ ਹੈ, ਸਤਿਕਾਰ ਨਾਲ ਆਗਮਨ ਪੁਰਬ ਕਿਹਾ ਜਾਂਦਾ ਹੈ। ਕਿਉਂਕਿ ਜੰਮਦਾ ਮਰਦਾ ਉਹ ਹੈ ਜਿਹੜਾ ਹਉਮੈ ਦੇ ਅਧੀਨ ਹੈ। ਮਹਾਂਪੁਰਸ਼ ਤੱਦ ਰੂਪ ਹੋ ਗਏ, ਆਤਮ ਅਨੰਦ ਮਾਣਦੇ ਨੇ, ਪਰਮ ਆਪੇ 'ਚ ਲੀਨ ਰਹਿੰਦੇ ਹਨ। ਇਸ ਕਰਕੇ ਉਨ੍ਹਾਂ ਦੇ ਉਤੇ ਇਹ ਵਿਧੀ ਦਾ ਵਿਧਾਨ ਲਾਗੂ ਨਹੀਂ ਹੁੰਦਾ।

ਆਪ ਨੇ ਕਰਮਕਾਂਡਾਂ ਦੀ ਬਚਪਨ ਤੋਂ ਹੀ ਤੋਬਾ ਕਰ ਦਿਤੀ। ਪਰ ਗੁਰੂ ਦੀ ਤਾਂ ਲੋੜ ਹੈ, 'ਗੁਰ ਬਿਨ ਗਤਿ ਨਹੀਂ, ਸ਼ਾਹ ਬਿਨ ਪਤ ਨਹੀਂ।' ਬਨਾਰਸ ਦੇ ਵਿਚ ਬੜੇ ਵਿਰੱਕਤ ਮਹਾਂਪੁਰਸ਼ ਸਨ ਰਾਮਾਨੰਦ ਜੀ। ਕੀ ਕਰਦੇ ਸਨ? ਅੰਮ੍ਰਿਤ ਵੇਲੇ ਉਠ ਕੇ ਗੰਗਾ 'ਚ ਇਸ਼ਨਾਨ ਕਰਨ ਜਾਂਦੇ ਸਨ, ਕਿਉਂਕਿ ਨੇਮ ਸੀ।

ਅੰਮ੍ਰਿਤ ਵੇਲੇ ਤੇ ਬੜੀ ਖੋਜ ਹੋਈ ਹੈ। ਅੱਜ ਸਾਇੰਸ ਸਿੱਧ ਕਰ ਦਿੰਦੀ ਹੈ ਕਿ ਜਿਹੜਾ ਪਾਣੀ ਹੈ, ਹਾਈਡਰੋਜਨ ਤੇ ਆਕਸੀਜਨ ਦੋ ਇਕੱਠੀਆਂ ਹੋ ਜਾਣ, $H_20$ ਪਾਣੀ ਬਣ ਜਾਂਦਾ ਹੈ। ਜਦੋਂ ਅੰਮ੍ਰਿਤ ਵੇਲਾ ਹੁੰਦਾ ਹੈ ਉਸ ਵੇਲੇ ਚੰਦਰਮਾ ਦੀਆਂ ਰਿਸ਼ਮਾਂ ਵੀ ਮੰਦ ਪੈ ਜਾਂਦੀਆਂ ਹਨ, ਸੂਰਜ ਦੀਆਂ ਕਿਰਨਾਂ ਅਜੇ ਨਹੀਂ ਆਉਂਦੀਆਂ, ਇਕ ਐਸਾ ਸੰਧ ਹੈ ਦੋ ਸਮਿਆਂ ਦਾ, ਉਹ ਅੰਮ੍ਰਿਤ ਵੇਲਾ ਤੇ ਸ਼ਾਮ ਦਾ ਸਮਾਂ ਹੈ। ਇਹ ਦੋ ਵੇਲੇ ਹਨ, ਇਸ ਬਾਰੇ ਸਾਰੇ ਵੇਦ ਦੇਖ ਲਓ, ਸ਼ਾਸਤਰ ਦੇਖ ਲਓ, ਪੜ੍ਹ ਲਓ, ਸੁਣ ਲਓ।

ਬਾਬਾ ਫਰੀਦ ਜੀ ਨੇ ਕਹਿ ਦਿਤਾ ਕਿ ਤੂੰ ਤਾਂ ਜਿਉਂਦਾ ਹੀ ਮਰ ਗਿਆ ਜੇ ਅੰਮ੍ਰਿਤ ਵੇਲਾ ਨਹੀਂ ਸੰਭਾਲਿਆ –

*ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥*
*ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥*

*ਅੰਗ- ੧੩੮੩*

ਇਸ ਕਰਕੇ ਅੰਮ੍ਰਿਤ ਵੇਲਾ ਜ਼ਰੂਰੀ ਹੈ। ਅੰਮ੍ਰਿਤ ਵੇਲੇ ਕਲਜੁਗ ਦਾ ਜ਼ੋਰ ਕਿੰਨਾ ਹੋ ਜਾਂਦਾ ਹੈ ਕਿ ਉਸ ਸਮੇਂ ਸਾਰੇ ਹੀ ਸੌਂ ਜਾਂਦੇ ਨੇ।

ਗੁਰੂ ਨਾਨਕ ਪਾਤਸ਼ਾਹ ਇਕ ਵਾਰ ਬੈਠੇ ਨੇ, ਕਲਜੁਗ ਤੁਰਿਆ ਜਾ ਰਿਹਾ ਹੈ, ਮੋਢਿਆਂ ਉਪਰ ਵੱਡਾ ਜੁੱਲੜ ਚੁੱਕਿਆ ਹੋਇਆ ਹੈ। ਭਾਈ ਮਰਦਾਨਾ ਜੀ ਨੇ ਪੁੱਛਿਆ ਕਿ ਪਾਤਸ਼ਾਹ! ਇਹ ਕੌਣ ਜਾ ਰਿਹਾ ਹੈ? ਕਹਿੰਦੇ, ਬੁਲਾ ਕੇ ਲਿਆਓ।

ਆਇਆ ਤੇ ਮਾਫੀ ਮੰਗੀ ਉਸ ਨੇ ਗੁਰੂ ਨਾਨਕ ਪਾਤਸ਼ਾਹ ਤੋਂ ਕਿ ਮੈਂ ਤੁਹਾਨੂੰ ਨਮਸ਼ਕਾਰ ਨਹੀਂ ਕੀਤੀ। ਮੇਰਾ ਫਰਜ਼ ਬਣਦਾ ਸੀ। ਕਿਉਂਕਿ ਕਲਜੁਗ 'ਚ ਗੁਰੂ ਨਾਨਕ ਪਾਤਸ਼ਾਹ ਦਾ ਰਾਜ ਸੀ। ਪਾਤਸ਼ਾਹ ਕਹਿੰਦੇ –

*ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥*

*ਅੰਗ –੯੦੨*

ਤੈਨੂੰ ਡਰ ਨਹੀਂ? ਕਹਿਣ ਲੱਗਿਆ, ਪਾਤਸ਼ਾਹ! ਜਿਹੜੀ ਤੁਹਾਡੀ ਸੰਗਤ ਹੈ, ਅੰਮ੍ਰਿਤ ਵੇਲੇ ਉਠਦੇ ਨੇ ਉਨ੍ਹਾਂ 'ਤੇ ਮੇਰਾ ਜ਼ੋਰ ਨਹੀਂ ਚਲਦਾ।

ਮਰਦਾਨਾ ਜੀ ਦਾ ਜਿਹੜਾ ਸਵਾਲ ਸੀ ਉਹ ਸਾਡੇ ਵਾਸਤੇ ਹੀ ਸੀ।

ਪੁੱਛਿਆ ਕਿ ਇਹ ਤੂੰ ਜੁੱਲੜ ਕਿਉਂ ਚੁੱਕਿਆ ਹੈ?

ਉਸ ਨੇ ਕਿਹਾ ਕਿ ਮੈਂ ਅੰਮ੍ਰਿਤ ਵੇਲੇ ਉਨ੍ਹਾਂ ਕਲਜੁਗੀ ਜੀਵਾਂ 'ਤੇ ਪਾ ਦਿੰਦਾ ਹਾਂ, ਜਿਹੜੇ ਰਾਤ ਨੂੰ ਸ਼ਰਾਬਾਂ ਪੀਂਦੇ ਹਨ, ਅੱਧੀ-ਅੱਧੀ ਰਾਤ ਤਕ ਜਾਗਦੇ ਨੇ, ਵਿਸ਼ੇ ਵਿਕਾਰਾਂ 'ਚ ਪਏ ਰਹਿੰਦੇ ਹਨ। ਦਿਨੇ ਧੰਦਿਆਂ 'ਚ ਗ੍ਰਸਤ ਰਹਿੰਦੇ ਨੇ। ਉਨ੍ਹਾਂ ਦੇ ਉਤੇ ਮੈਂ ਇਹ ਜੁੱਲੜ ਦੇ ਦਿੰਦਾ ਹਾਂ। ਕਹਿੰਦੇ, ਜਿਹੜੀਆਂ ਇਹਦੇ ਵਿਚ ਮੋਰੀਆਂ ਹਨ, ਇਹ ਕਹਿੰਦੇ ਇਹ ਮੋਰੀਆਂ ਇਸ ਕਰਕੇ ਨੇ ਕਿ ਜਿਹੜੇ ਗੁਰਸਿੱਖ ਹਨ, ਉਹ ਇਸ ਦੇ ਵਿਚੋਂ ਨਿਕਲ ਜਾਂਦੇ ਨੇ। ਭਾਵ ਕਿ ਉਨ੍ਹਾਂ ਦੇ ਉਤੇ ਇਹ ਆਲਸ ਦਾ, ਇਹ ਕਲਜੁਗ, ਇਹ ਮਾਇਆ, ਜੁੱਲ, ਉਹ ਅਸਰ ਨਹੀਂ ਕਰਦੀ।

ਇਸ ਤਰ੍ਹਾਂ ਦੇ ਨਾਲ ਭਗਤ ਕਬੀਰ ਗੰਗਾ ਦੇ ਪੌੜ ਜਿਥੇ ਉਹ ਇਸ਼ਨਾਨ ਕਰਨ ਉਤਰਦੇ, ਉਥੇ ਲੰਮੇ ਪੈ ਗਏ। ਉਥੇ ਕੀ ਹੋਇਆ? ਜਦੋਂ ਰਾਮਾਨੰਦ ਜੀ ਦੇ ਚਰਨਾਂ ਦੀ ਠੋਕਰ ਲੱਗੀ। ਰਾਮਾਨੰਦ ਜੀ ਦੇ ਮੁੱਖ ਤੋਂ ਉਹ ਕਮਾਇਆ ਹੋਇਆ ਰਾਮ ਦਾ ਨਾਮ ਨਿਕਲਿਆ ਕਿ ਉਠ ਰਾਮ ਕੇ ਰਾਮ ਜਪ। ਉਸ ਸਮੇਂ ਐਸਾ ਬਾਣ ਕਬੀਰ ਸਾਹਿਬ ਜੀ ਕਹਿੰਦੇ ਮੇਰੇ ਲੱਗਿਆ।

*ਲਾਗੀ ਹੋਇ ਸੁ ਜਾਨੈ ਪੀਰ ॥*

*ਰਾਮ ਭਗਤਿ ਅਨੀਆਲੇ ਤੀਰ ॥* *ਅੰਗ- ੩੨੭*

*ਹਰਿ ਪ੍ਰੇਮ ਬਾਣੀ ਮਨੁ ਮਾਰਿਆ*
*ਅਣੀਆਲੇ ਅਣੀਆ ਰਾਮ ਰਾਜੇ ॥*
*ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥*
*ਅੰਗ- ੪੪੯*

ਹੁਣ ਸਤਿਗੁਰ ਜੀ ਦੀ ਬਾਣੀ ਦਾ ਬਾਣ ਐਸਾ ਅਣੀਆਲਾ ਤੀਰ, ਅਣੀਆਲਾ ਉਸ ਨੂੰ ਕਹਿੰਦੇ ਨੇ ਜਿਹੜਾ ਤੀਰ ਅੰਦਰੋਂ ਆਂਦਰਾਂ ਨੂੰ ਵੀ ਕੱਢ ਕੇ ਲੈ ਜਾਂਦਾ ਹੈ। ਇਹ ਤਾਂ ਸ਼ਬਦ ਦਾ ਬਾਣ ਹੈ -

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥*
*ਅੰਗ - ੧੩੭੪*

ਠੀਕ ਹੈ ਆਮ ਇਹ ਤੀਰ ਲੱਗ ਜਾਣ ਜਾਂ ਕ੍ਰਿਪਾਨ ਦੇ ਫੱਟ ਹੋਣ, ਹੋਰ ਜ਼ਖਮ ਹੋਵੇ ਉਸ ਦਾ ਐਨਾ ਦਰਦ ਨਹੀਂ। ਉਹ ਤਾਂ ਸਮੇਂ ਨਾਲ ਜ਼ਖਮ ਭਰ ਜਾਂਦੇ ਹਨ। ਪਰ ਜਿਹੜਾ ਸ਼ਬਦ ਦਾ ਬਾਣ ਹੈ -

*ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ ॥*
*ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ ॥ ੧੯੩ ॥*
*ਅੰਗ- ੧੩੭੪*

ਬੜੀ ਜੁਗਤੀ ਨਾਲ ਆਪ ਨੂੰ ਮੰਤਰ ਮਿਲ ਗਿਆ। ਕਮਾਈ ਕੀਤੀ। ਬਨਾਰਸ ਕਾਸ਼ੀ ਸ਼ਹਿਰ ਉਹ ਸਾਰਾ ਹੀ ਵਿਦਵਾਨਾਂ ਦਾ ਸ਼ਹਿਰ ਸੀ। ਉਥੇ ਬਹੁਤ ਮਹਾਨ ਵਿਦਵਾਨ ਹੋਏ ਹਨ। ਉਨ੍ਹਾਂ ਦੇ ਨਾਲ ਆਪ ਦੀ ਚਰਚਾ ਵੀ ਹੁੰਦੀ, ਵਿਚਾਰ ਵੀ ਹੁੰਦੀ। ਇਕ ਦਿਨ ਐਸਾ ਵੀ ਆਇਆ ਕਿ ਆਪ ਜੀ ਮੰਦਰ ਤੋਂ ਬਾਹਰ ਬੈਠੇ ਨੇ। ਗੁਰੂ ਰਾਮਾਨੰਦ ਜੀ ਜੋ ਉਪਾਸਨਾ ਕਰਦੇ, ਉਹਦੇ ਵਿਚ ਆਪਣੀ ਪ੍ਰਿਤਮਾ ਨੂੰ ਉਹ ਪੂਰਾ ਸਜਾਉਂਦੇ, ਮੁਕਟ ਪਹਿਨਾਉਂਦੇ, ਮਾਲਾ ਪਾਉਂਦੇ, ਫੇਰ ਭੋਗ ਲਵਾਉਂਦੇ, ਕਰਮ, ਉਪਾਸਨਾ, ਗਿਆਨ ਵਿਗਿਆਨ ਹੈ। ਅੱਜ ਗੁਰੂ ਜੀ ਪ੍ਰਿਤਮਾ ਨੂੰ ਮਾਲਾ ਪਹਿਨਾਉਣੀ ਭੁੱਲ ਜਾਂਦੇ ਹਨ ਤੇ ਮੁਕਟ ਪਹਿਲਾਂ ਸੀਸ 'ਤੇ ਰੱਖ ਦਿੰਦੇ ਨੇ। ਹੁਣ ਦੋ-ਚਿਤੀ 'ਚ ਸਾਮ੍ਹਣੇ ਖੜ੍ਹੇ ਨੇ ਕਿ ਜੇ ਮੈਂ ਮੁਕਟ ਉਤਾਰਿਆ ਤਾਂ ਬੇਅਦਬੀ ਹੈ ਤੇ ਜੇ ਮੈਂ ਮਾਲਾ ਨਹੀਂ ਪਹਿਨਾਈ ਤਾਂ ਉਪਾਸਨਾ ਅਧੂਰੀ ਹੈ। ਭਗਤ ਕਬੀਰ ਜੀ ਰਾਮਾਨੰਦ ਜੀ ਦਾ ਧਿਆਨ ਧਰਦੇ ਸੀ -

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥* *ਅੰਗ- ੮੬੪*

ਉਹ ਜਦੋਂ ਬਾਹਰ ਬੈਠੇ ਨੇ, ਉਥੋਂ ਉੱਚੀ ਆਵਾਜ਼ 'ਚ ਗੁਰੂ ਜੀ ਨੂੰ ਬੇਨਤੀ ਕਰਦੇ ਨੇ ਕਿ ਗੁਰੂ ਜੀ! ਕਿਹੜਾ ਧਰਮ ਸੰਕਟ ਖੜ੍ਹਾ ਹੋ ਗਿਆ, ਤੁਸੀਂ ਇਉਂ ਕਰੋ, ਜਿਹੜੀ ਮਾਲਾ ਹੈ ਇਹਦੀ ਗੰਢ ਦਿਤੀ ਹੋਈ ਹੈ। ਇਸ ਗੰਢ ਨੂੰ ਖੋਲ੍ਹ ਕੇ ਮਾਲਾ ਗਲੇ 'ਚ ਪਾ ਦਿਓ, ਮੁਕਟ ਉਤਾਰਨ ਦੀ ਲੋੜ ਹੀ ਨਹੀਂ। ਗੁਰੂ ਬੜੇ ਹੈਰਾਨ ਕਿ ਇਹਦਾ ਧਿਆਨ ਪਰਪੱਕ ਹੋ ਗਿਆ।

ਜਦੋਂ ਸੁਲਤਾਨ ਲੋਧੀ ਦਾ ਹਮਲਾ ਹੋਇਆ, ਬਨਾਰਸ 'ਤੇ। ਤਾਂ ਉਸ ਨੇ ਬੜੇ ਤਸ਼ੱਦਦ ਕੀਤੇ, ਕਬੀਰ ਸਾਹਿਬ ਜੀ ਨੂੰ ਵੀ ਹਾਥੀ ਦੇ ਅੱਗੇ ਸੁੱਟ ਦਿਤਾ, ਬੰਨ੍ਹ ਕੇ। ਕਦੇ ਉਨ੍ਹਾਂ ਨੂੰ ਸੰਗਲਾਂ ਨਾਲ ਬੰਨ੍ਹ ਕੇ ਡਬੋਣ ਦਾ ਯਤਨ ਕੀਤਾ। ਪਰ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਹਨ ਉਨ੍ਹਾਂ ਨੂੰ ਜਿਹੜੀਆਂ ਸਜ਼ਾਵਾਂ ਦਿੰਦੀਆਂ ਨੇ ਸਮੇਂ ਦੀਆਂ ਸਰਕਾਰਾਂ, ਰਾਜੇ ਮਹਾਰਾਜੇ, ਉਨ੍ਹਾਂ ਦੇ ਉਤੇ ਉਸ ਦਾ ਕੋਈ ਅਸਰ ਨਹੀਂ ਹੁੰਦਾ। ਕਿਉਂਕਿ ਉਹ ਨਾਮ 'ਚ ਅਸਥਿਤ ਹੁੰਦੇ ਹਨ -

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁਤ ਭਾਂਤਿ ਬਚਾਵੈ॥*
*ਸਤ੍ਰੁ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰੁ ਦੈ ਕਰਿ, ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥* *(ਅਕਾਲ ਉਸਤਤਿ)*

ਉਨ੍ਹਾਂ ਨੂੰ ਜਦੋਂ ਹਾਥੀ ਦੇ ਅੱਗੇ ਸੁੱਟਿਆ ਤਾਂ ਹਾਥੀ ਨਮਸ਼ਕਾਰਾਂ ਕਰਦਾ ਹੈ। ਪਾਣੀ 'ਚ ਡੋਬਣ ਲੱਗੇ ਤਾਂ ਇਸ ਤਰ੍ਹਾਂ ਤਰ ਰਹੇ ਹਨ ਕਿ ਜਿਵੇਂ ਮ੍ਰਿਗਸ਼ਾਲਾ 'ਤੇ ਬੈਠੇ ਹੋਣ। ਜਦੋਂ ਇਹ ਨਾਮ 'ਚ ਅਸਥਿਤ ਨੇ, ਉਹ ਸਜ਼ਾਵਾਂ ਦੇਣ ਵਾਲੇ ਵੀ ਕੀ ਕਰ ਸਕਦੇ ਹਨ। ਆਖਿਰ ਉਹ ਵੀ ਕਾਇਲ ਹੋ ਗਏ। ਭੁੱਲ ਬਖਸ਼ਾਈ।

*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥* *ਅੰਗ- ੨੬੫*

ਮਸ਼ਹੂਰ ਹੋ ਗਏ ਕਿ ਐਨੇ ਸ਼ਕਤੀ ਦੇ ਮਾਲਕ ਹਨ। ਪਰ ਸੰਤ ਸੇਵੀ ਹਨ, ਜੇ ਵਿਆਹ ਵੀ ਕਰ ਦਿਤਾ, ਘਰ 'ਚ ਮਾਤਾ ਲੋਈ ਆਈ ਉਹ ਵੀ ਭਗਤਣੀ। ਭਗਤੀ ਮਾਰਗ 'ਤੇ ਚਲਦੇ ਨੇ। ਸਾਧੂ, ਸੰਤ ਆਉਂਦੇ ਹਨ ਉਨ੍ਹਾਂ ਨੂੰ ਤਾਂ ਬਹੁਤ ਸੋਹਣੇ ਪ੍ਰਸ਼ਾਦੇ ਆਪ ਛਕਾਉਂਦੇ ਹਨ ਤੇ ਘਰਦਿਆਂ ਨੂੰ ਕਹਿਣ ਕਿ ਛੋਲੇ ਖਾ ਕੇ ਗੁਜ਼ਾਰਾ ਕਰ ਲਓ। ਜੇ ਮੰਜੇ ਹਨ ਤਾਂ ਉਹ ਸਾਧੂ ਨੂੰ ਆਰਾਮ ਵਾਸਤੇ ਵਿਛਾ ਦੇਣੇ। ਆਪਣਾ ਆਸਣ ਥੱਲੇ ਲਾਉਂਦੇ ਨੇ। ਇਸ ਤਰ੍ਹਾਂ ਦੇ ਨਾਲ ਸਤਿਕਾਰ ਹੈ ਆਏ ਸਾਧੂਆਂ ਦਾ, ਅਤਿਥੀਆਂ ਦਾ, ਸੇਵਾ ਕਰਦੇ ਨੇ।

ਇਕ ਪੁੱਤਰ ਦਾ ਜਨਮ ਹੋਇਆ, ਉਸ ਦਾ ਨਾਮ ਕਮਾਲਾ ਰੱਖਿਆ। ਪੁੱਤਰੀ ਦਾ ਜਨਮ ਹੋਇਆ, ਨਾਮ ਕਮਾਲੀ ਰੱਖਿਆ। ਸੋ ਐਸੀ ਕਥਾ ਸੀ ਆਪ ਜੀ ਦੀ -

*ਅਗਮ ਅਗਾਧਿ ਪਾਰਬ੍ਰਹਮੁ ਸੋਇ ॥*
*ਜੋ ਜੋ ਕਹੈ ਸੁ ਮੁਕਤਾ ਹੋਇ ॥*
*ਸੁਨਿ ਮੀਤਾ ਨਾਨਕੁ ਬਿਨਵੰਤਾ ॥*
*ਸਾਧ ਜਨਾ ਕੀ ਅਚਰਜ ਕਥਾ ॥* *ਅੰਗ- ੨੭੧*

ਐਸੀਆਂ ਕਥਾਵਾਂ ਸੁਣਨ 'ਚ ਆਉਂਦੀਆਂ ਹਨ ਤੇ ਉਹ ਇਥੋਂ ਤਕ ਵੀ ਕਹਿ ਦਿੰਦੇ ਨੇ ਕਿ ਜਦੋਂ ਕਮਾਲਾ-

*ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ ॥*
*ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ ॥*
*ਅੰਗ- ੧੩੭੦*

ਆਪ ਦਾ ਜੀਵਨ ਬਹੁਤ ਹੀ ਤਪਸੱਵੀ ਜੀਵਨ ਸੀ। ਕਬੀਰ ਚਉਤਰਾ ਜੰਗਲ 'ਚ ਹੈ ਜਗ੍ਹਾ। ਬੜੀ ਸੋਹਣੀ ਜਗ੍ਹਾ ਹੈ, ਜਿਥੋਂ ਨਰਮਦਾ ਨਦੀ ਨਿਕਲਦੀ ਹੈ। 1398 ਦਾ ਸਮਾਂ ਲਾ ਲਓ, ਉਸ ਸਮੇਂ ਤਾਂ ਹੁਣ ਨਾਲੋਂ ਹੋਰ ਵੀ ਜੰਗਲ ਜ਼ਿਆਦਾ ਹੋਣੇ ਨੇ। ਪਰ ਐਸੇ ਸਮੇਂ ਉਥੇ ਭਗਤ ਜੀ ਤਪੱਸਿਆ ਕੀਤੀ, ਨਰਬਦਾ 'ਤੇ। ਬਹੁਤ ਰਮਣੀਕ ਅਸਥਾਨ ਹੈ। ਗੁਰੂ ਨਾਨਕ ਪਾਤਸ਼ਾਹ ਦਾ ਮਿਲਾਪ ਵੀ ਇਨ੍ਹਾਂ ਨੂੰ ਉਥੇ ਹੋਇਆ। ਕਬੀਰ ਸਾਹਿਬ ਦੀ ਉਮਰ 120 ਸਾਲ ਦੀ ਸਰੀਰ ਦੀ ਹੋਈ। ਜਗ੍ਹਾ-ਜਗ੍ਹਾ 'ਤੇ ਕਬੀਰ ਸਾਹਿਬ ਨੇ ਆਪਣੀ ਬਾਣੀ ਉਚਾਰਨ ਕੀਤੀ ਹੈ। ਉਹ ਬੜੀ ਸਪੱਸ਼ਟ ਹੈ ਕਿਉਂਕਿ ਸਾਡੇ ਵਾਸਤੇ ਤਾਂ ਗੁਰਬਾਣੀ ਹੈ, ਗੁਰੂ ਦਾ ਰੂਪ ਬਣੇ ਹਨ। ਗੁਰੂ ਸਦਾ ਹੀ ਬਾਣੀ ਹੈ, ਗੁਰੂ ਸਰੀਰ ਤਾਂ ਹੈ ਨਹੀਂ। ਇਸ ਕਰਕੇ ਕਬੀਰ ਸਾਹਿਬ ਜਦੋਂ ਗੁਰੂ ਜੀ ਨੂੰ ਮਿਲੇ, ਕਹਿਣ ਲੱਗੇ ਜਿਹੜੀ ਗੁਰੂ ਦੇ ਚਰਨਾਂ ਦੀ ਮੌਜ ਹੈ ਇਹਨੂੰ ਕੋਈ ਵਰਨਣ ਨਹੀਂ ਕਰ ਸਕਦਾ। ਇਹਦੇ ਨਾਲ ਜੁੜ ਕੇ ਰਹਿਣਾ ਹੀ ਜੀਵਨ ਲਕਸ਼ ਦੀ ਪ੍ਰਾਪਤੀ ਹੁੰਦੀ ਹੈ। ਉਹ ਵਸਤੂ ਕਿਹੜੀ ਹੈ? ਉਹ ਹੈ -

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*

*ਅੰਗ- ੧੩੭੦*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ- ੭੦੮*

ਇਹ ਹੈ ਪ੍ਰੀਤ ਭਗਤ ਕਬੀਰ ਜੀ ਦੀ ਸਾਧੂਆਂ ਨਾਲ। ਇਕ ਦਿਨ ਈਰਖਾਵਾਦੀ ਪੰਡਤ, ਕਾਜ਼ੀ, ਮੁਲਾਣਿਆਂ ਨੇ ਕੀ ਕੀਤਾ, ਅਫਵਾਹ ਫੈਲਾ ਦਿਤੀ, ਇਹ ਉਹ ਅਫਵਾਹ ਹੁੰਦੀ ਹੈ ਜਿਸਦਾ ਕੋਈ ਸਿਰ ਪੈਰ ਨਾ ਹੋਵੇ। ਇਹ ਕਹਿ ਦਿਤਾ ਕਿ ਭਗਤ ਕਬੀਰ ਨੇ ਭੰਡਾਰਾ ਕਰਨਾ ਹੈ, ਸਾਰੇ ਪੰਡਤਾਂ ਦੀਆਂ, ਸਾਧੂਆਂ ਦੀਆਂ ਮੰਡਲੀਆਂ ਨੂੰ ਸੁਨੇਹੇ ਦੇ ਦਿਤੇ ਕਿ ਪਹੁੰਚੋ। ਹੁਣ ਭਗਤ ਜੀ ਤਾਂ ਭਗਤੀ 'ਚ ਲੀਨ ਸਨ। ਕਿਉਂਕਿ ਉਹ ਤਾਂ ਇਥੋਂ ਤਕ ਵੀ ਕਹਿੰਦੇ ਨੇ -

*ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥*
*ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥ ੧ ॥ ਰਹਾਉ ॥*
*ਜਬ ਲਗੁ ਤਾਗਾ ਬਾਹਉ ਬੇਹੀ ॥*
*ਤਬ ਲਗੁ ਬਿਸਰੈ ਰਾਮੁ ਸਨੇਹੀ ॥* *ਅੰਗ - ੫੨੪*

ਇਥੋਂ ਤਕ ਕੇ ਬੁਣਨਾ ਤਣਨਾ ਵੀ ਛੱਡ ਦਿਤਾ। ਕਬੀਰ ਜੀ ਦੀ ਮਾਤਾ ਵੀ ਕਹਿੰਦੀ ਹੈ ਕਿ ਮੇਰਾ ਕਬੀਰ ਵਿਗੜ ਗਿਆ -

*ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥*
*ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥* *ਅੰਗ- ੫੨੪*

ਇਥੋਂ ਤਕ ਕਿ ਇਨ੍ਹਾਂ ਦੇ ਗੁਰੂ ਰਾਮਾਨੰਦ ਜੀ ਨੂੰ ਵੀ ਕਹਿੰਦੀ ਕਿ ਉਹ ਨਪੁੱਤੇ ਨੇ। ਜਦ ਦੀ ਮਾਲਾ ਫੜੀ ਹੈ, ਮੈਨੂੰ ਤਾਂ ਕੋਈ ਸੁੱਖ ਦਾ ਦਿਨ ਦੇਖਣ ਨੂੰ ਮਿਲਿਆ ਹੀ ਨਹੀਂ। ਕੱਪੜਾ ਬੁਣਦੇ ਸੀ, ਜੇ ਕੋਈ ਸਾਧੂ ਮਿਲ ਗਿਆ, ਸਾਰਾ ਉਸੇ ਨੂੰ ਹੀ ਦੇ ਦਿੰਦੇ ਸੀ ਤੇ ਹੁਣ ਭਗਤੀ 'ਚ ਹੀ ਲੀਨ ਹਨ। ਬਾਹਰੋਂ ਕਿੰਨੀਆਂ ਸੰਗਤਾਂ ਆ ਰਹੀਆਂ ਹਨ ਤੇ ਭਗਤ ਜੀ ਤਾਂ ਭਗਤੀ 'ਚ ਲੀਨ ਹਨ। ਕਬੀਰ ਦਾ ਰੂਪ ਬਣਾ ਕੇ ਆਪ ਪ੍ਰਮੇਸ਼ਰ ਜੀ ਆ ਜਾਂਦੇ ਨੇ। ਕਿਉਂਕਿ ਭਗਤ ਪ੍ਰਮੇਸ਼ਰ ਨੂੰ ਐਨੇ ਪਿਆਰੇ ਨੇ ਜਿਵੇਂ ਮਾਂ ਤੇ ਪੁੱਤਰ ਦੀ ਮਿਸਾਲ ਹੈ। ਹੁਣ ਭਗਤ ਦਾ ਸਰੂਪ ਬਣਾ ਕੇ ਪ੍ਰਮੇਸ਼ਰ ਸਾਰੇ ਕਾਰਜ ਕਰਦਾ ਹੈ। ਧੰਨ-ਧੰਨ ਕਬੀਰ ਦੀ ਹੋ ਰਹੀ ਹੈ। ਕਬੀਰ ਸਾਹਿਬ ਕਹਿੰਦੇ ਨੇ -

*ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥*
*ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥*

*ਅੰਗ- ੧੩੬੭*

ਇਹ ਪਿਆਰ ਦੀਆਂ ਖੇਡਾਂ ਨੇ।

ਹੁਣ ਮਾਤਾ ਦਾ ਪਿਆਰ -

*ਸੁਤੁ ਅਪਰਾਧ ਕਰਤ ਹੈ ਜੇਤੇ ॥*
*ਜਨਨੀ ਚੀਤਿ ਨ ਰਾਖਸਿ ਤੇਤੇ ॥ ੧ ॥*
*ਰਾਮਈਆ ਹਉ ਬਾਰਿਕੁ ਤੇਰਾ ॥*
*ਕਾਹੇ ਨ ਖੰਡਸਿ ਅਵਗਨੁ ਮੇਰਾ ॥* *ਅੰਗ - ੪੭੮*

ਭਗਤ ਕਰਦੇ ਨੇ ਭਗਤੀ - ਭਗਤੀ ਦੋ ਤੋਂ ਸ਼ੁਰੂ ਹੁੰਦੀ ਹੈ, ਇਕ ਤੇ ਜਾ ਕੇ ਸਮਾਪਤ ਹੋ ਜਾਂਦੀ ਹੈ।

ਭਗਤ ਜੀ ਪਿਆਰ ਕਰਦੇ ਨੇ। ਕਿਉਂਕਿ ਪਿਆਰ 'ਚ ਹੀ ਪ੍ਰਮੇਸ਼ਰ ਵਸ ਆਉਂਦਾ ਹੈ। ਭਗਤ ਕਿਵੇਂ ਪ੍ਰੇਮ 'ਚ ਪ੍ਰਮੇਸ਼ਰ ਨੂੰ ਬੰਨ੍ਹ ਲੈਂਦੇ ਨੇ। ਬਾਕੀ ਸੰਸਾਰ ਤਾਂ ਸਾਰਾ ਹੀ ਪੁੱਤਰਾਂ-ਧੀਆਂ ਦੇ ਮੋਹ 'ਚ ਬੰਨ੍ਹਿਆ ਹੋਇਆ ਹੈ। ਪਰ ਭਗਤ ਤਾਂ ਪ੍ਰਮੇਸ਼ਰ ਨੂੰ ਇਸ ਤਰ੍ਹਾਂ ਨਾਲ ਬੰਨ੍ਹ ਕੇ ਰਖਦੇ ਨੇ -

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ੧੦ ॥*

*ਅੰਗ - ੯੬੨*

ਹੁਣ ਐਨਾ ਵਸ ਕੀਤਾ ਭਗਤਾਂ ਨੇ ਕਿ ਕਿਤੇ ਨਾਮਦੇਵ ਦੀ ਛੱਪਰੀ ਬੰਨ੍ਹ ਰਿਹਾ ਹੈ। ਧੰਨੇ ਦੀਆਂ ਗਊਆਂ ਚਾਰੀਆਂ। ਕਿੱਡੀਆਂ ਬਖਸ਼ਿਸ਼ਾਂ ਰਹਿਮਤਾਂ ਉਹ ਕਰਦਾ ਹੈ ਪਿਆਰ 'ਚ ਆ ਕੇ। ਨਾਮਦੇਵ ਦੀ ਐਨੀ ਸੋਹਣੀ ਛੱਪਰੀ ਬਣਾ ਦਿਤੀ। ਗੁਆਂਢਣ ਵੀ ਪੁੱਛਦੀ ਹੈ ਕਿ ਤੂੰ ਇਹ ਕਿੱਥੋਂ ਬਣਵਾਈ ਹੈ। ਆਪ ਨੇ ਕਿਹਾ -

*ਰੀ ਬਾਈ ਬੇਢੀ ਦੇਨੁ ਨ ਜਾਈ ॥* *ਅੰਗ- ੬੫੭*

ਉਹ ਜਿਹੜਾ ਬੇਢੀ ਹੈ ਉਹ ਤਾਂ ਪਿਆਰ ਦੇ ਵਸ ਹੀ ਆਉਂਦਾ ਹੈ।

*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥*

*ਅੰਗ- ੬੫੭*

ਇਸੇ ਤਰ੍ਹਾਂ ਭਗਤ ਕਬੀਰ ਜੀ ਦਾ ਯੱਗ ਆਪ ਕਰ ਦਿਤਾ, ਧੰਨ-ਧੰਨ ਭਗਤ ਜੀ ਦੀ ਹੁੰਦੀ ਹੈ। ਧੰਨ-ਧੰਨ ਭਗਤ ਦੀ ਤਾਂ ਹੁੰਦੀ ਹੀ ਹੁੰਦੀ ਹੈ, ਘਰੋਂ ਭਗਤਣੀ ਬੀਬੀ ਵੀ ਘੱਟ ਨਹੀਂ ਸੀ। ਕਿਉਂਕਿ -

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ ੩ ॥*

*ਅੰਗ - ੭੮੮*

ਜੇ ਇਕ ਸੁਭਾਅ ਹੋਵੇ -

*ਆਸਾ ਇਸਟ ਉਪਾਸਨਾ। ਖਾਣ ਪੀਣ ਪਹਿਰਾਨ।*

ਫੇਰ ਤਾਂ ਆਹੀ ਸਵਰਗ ਬਣ ਗਿਆ। ਸਵਰਗ ਕਿਹੜੇ ਹਨ? ਜਿਵੇਂ -

*ਆਗਿਆਕਾਰੀ ਸੁਤ, ਮਿਠ ਬੋਲਣੀ ਨਾਰ।*
*ਸੰਪਤ ਸੁਖ, ਸੰਪਤ ਧਨ, ਇਹ ਚਾਰ ਸਵਰਗ ਸੰਸਾਰ।*

ਇਹ ਚੀਜ਼ਾਂ ਘਰ 'ਚ ਹੋਣ। ਕਬੀਰ ਜੀ ਦੇ ਘਰੋਂ ਬੀਬੀ ਐਨੀ ਭਗਤਣੀ ਹੈ। ਭਗਤ ਕਬੀਰ ਜੀ ਤਾਂ ਭਗਤੀ 'ਚ ਲੀਨ ਹੋ ਕੇ ਬੈਠ ਜਾਂਦੇ ਨੇ।

ਦੇਖਿਆ ਹੈ ਉਨ੍ਹਾਂ ਦਾ ਚਬੂਤਰਾ ਜੰਗਲ 'ਚ ਹੈ। ਉਨ੍ਹਾਂ ਦਿਨਾਂ 'ਚ ਤਾਂ ਉਥੇ ਕੋਈ ਬੰਦਾ ਵੀ ਨਹੀਂ ਸੀ ਪਹੁੰਚਦਾ। ਅੱਜ ਵੀ ਜੰਗਲ ਹੀ ਹੈ। ਉਹ ਬਹੁਤ ਹੀ ਸੁਹਾਵਣਾ ਸਥਾਨ ਹੈ ਅਮਰਕੰਟਕ, ਮੱਧ ਪ੍ਰਦੇਸ਼।

ਭਗਤ ਜੀ ਤਾਂ ਲੀਨ ਨੇ, ਘਰ 'ਚ ਭਗਤਣੀ ਹੈ, ਮਾਤਾ ਲੋਈ। ਕੀ ਹੋਇਆ? ਇਕ ਕੋਹੜੀ ਆ ਗਿਆ, ਜਿਹੜਾ ਬੜਾ ਦੁਖੀ ਸੀ। ਰੋਂਦਾ, ਕੁਰਲਾਉਂਦਾ ਆਉਂਦਾ ਹੈ। ਕਿਉਂਕਿ ਰੋਗ ਆ ਗਿਆ ਉਦੋਂ ਜਦੋਂ ਭੋਗ ਕੀਤੇ, ਭੋਗ ਦੀ ਜ਼ਿੰਦਗੀ ਤਾਂ ਰੋਗ ਹੀ ਖੜ੍ਹੇ ਕਰ ਦਿੰਦੀ ਹੈ। ਇਨਸਾਨ ਸੋਚਦਾ ਹੈ ਕਿ ਮੈਨੂੰ ਭੋਗਾਂ 'ਚੋਂ ਅਨੰਦ ਮਿਲੇਗਾ। ਪਰ ਇਹ ਤਾਂ ਕੁੱਤਾ ਹੱਡੀ ਵਾਲਾ ਕੰਮ ਹੈ। ਕੁੱਤਾ ਹੱਡ 'ਤੇ ਚੱਕ ਮਾਰਦਾ ਹੈ, ਖੂਨ ਦੰਦਾਂ 'ਚੋਂ ਆਉਂਦਾ ਹੈ, ਉਹ ਸੋਚਦਾ ਹੈ ਹੱਡ ਦਾ ਰਸ ਹੈ। ਹੁਣ ਉਹ ਕੋਹੜੀ ਕਿਉਂ ਹੋਇਆ? ਕੋਹੜੀ ਰਾਜਾ ਸੀ, ਵਿਸ਼ੇ ਵਿਕਾਰਾਂ ਵਾਲਾ ਜੀਵਨ ਗੁਜ਼ਾਰਿਆ ਸੀ। ਹੁਣ ਭੋਗਾਂ ਨੇ ਸਰੀਰ ਕ੍ਰਿਸ ਕਰ ਦਿਤਾ। ਦੱਸ ਪਈ ਕਿ ਭਗਤ ਕਬੀਰ ਜੀ ਕੋਲ ਜਾਹ। ਭਗਤ ਜੀ ਕੋਲ, ਉਹ ਨਾਮ ਦੀ ਦਵਾਈ ਦੇਣਗੇ। ਨਾਮ ਦੀ ਦਵਾਈ ਤਾਂ ਅੰਦਰ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ - ੨੫੯*

ਉਹ ਸਾਧੂ ਬਖਸ਼ਿਸ਼ ਕਰ ਦਿੰਦੇ ਨੇ -

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥ ਅੰਗ- ੬੧੪*

ਸਾਧੂ ਦਾ ਸਰੂਪ ਹੀ ਸਾਮ੍ਹਣੇ ਆ ਗਿਆ, ਨਾਮ ਚੱਲ ਪਿਆ। ਤਰੰਗਾਂ ਨੇ। ਇਸੇ ਤਰ੍ਹਾਂ ਗੁੱਸੇ ਦੀ ਲਹਿਰ ਹੈ, ਕ੍ਰੋਧ ਦੀ ਲਹਿਰ ਹੈ, ਕਾਮ ਦੀ, ਮੋਹ ਦੀ ਲਹਿਰ ਹੈ। ਇਕੋ ਹੀ ਲਹਿਰ ਸਭ ਕੁਝ ਨਸ਼ਟ ਕਰ ਦਿੰਦੀ ਹੈ। ਇਸ ਕਰਕੇ ਸਾਧੂ ਦਾ ਧਿਆਨ ਜ਼ਰੂਰੀ ਹੈ।

ਹੁਣ ਉਹ ਕੋਹੜੀ ਭਗਤਾਂ ਦੇ ਘਰ ਆਇਆ, ਦੁਖੀ, ਦੀਨ ਹੈ।

*ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥*
*ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥*

*ਅੰਗ - ੨੬੪*

ਹੁਣ ਉਹ ਕੋਹੜੀ ਰਾਜਾ, ਭਗਤ ਕਬੀਰ ਦੇ ਦਰ 'ਤੇ ਆਇਆ। ਭਗਤ ਜੀ ਤਾਂ ਘਰ ਨਹੀਂ ਸਨ ਤੇ ਮਾਤਾ ਜੀ ਨੇ ਹੀ ਕ੍ਰਿਪਾ ਕਰ ਦਿਤੀ, ਕਹਿੰਦੇ ਓ ਰਾਜਨ! ਇਹ ਸਾਰੇ ਦੁੱਖਾਂ ਦਾ, ਰੋਗਾਂ ਦਾ ਇਲਾਜ ਹੀ ਪ੍ਰਮੇਸ਼ਰ ਦਾ ਨਾਮ ਹੈ। ਮਾਤਾ ਜੀ ਨੇ ਤਿੰਨ ਵਾਰੀ ਰਾਮ ਕਹਾ ਕੇ ਉਸ ਦਾ ਰੋਗ ਹਟਾ ਦਿਤਾ ਤੇ ਰਾਜਾ ਖੁਸ਼ੀ-ਖੁਸ਼ੀ ਘਰ ਨੂੰ ਜਾਂਦਾ ਹੈ ਧੰਨ ਮਾਤਾ ਲੋਈ-ਧੰਨ ਮਾਤਾ ਲੋਈ ਕਰਦਾ-ਕਰਦਾ। ਧੰਨ-ਧੰਨ ਹੋਈ, ਭਗਤ ਕਬੀਰ ਜੀ ਨੇ ਵੀ ਸੁਣੀ ਕਿ ਐਸਾ ਕੀ ਲੋਈ ਨੇ ਕਰ ਦਿਤਾ ਜਿਹਦੇ ਨਾਲ ਉਹਦੀ ਧੰਨ-ਧੰਨ ਹੋ ਰਹੀ ਹੈ। ਪਤਾ ਲੱਗਿਆ ਕਿ ਰੋਗੀ ਦਾ ਰੋਗ ਹਟਾ ਦਿਤਾ। ਹੁਣ ਭਗਤ ਜੀ ਦੀ ਨਰਾਜ਼ਗੀ ਹੋ ਗਈ। ਘਰ ਆਉਂਦੇ ਨੇ ਆਪ, ਹੱਥ 'ਚ ਚਿਪੀ ਹੈ, ਖੂੰਡੀ ਹੈ, ਅੱਗੇ ਤਾਂ ਲੋਈ ਜੀ ਨੂੰ ਫੜਾ ਦਿੰਦੇ, ਅੱਜ ਨਹੀਂ ਫੜਾਉਂਦੇ। ਦੂਜੇ ਪਾਸੇ ਮੁੱਖ ਕਰ ਲੈਂਦੇ ਨੇ ਤੇ ਮਾਤਾ ਜੀ ਬੇਨਤੀਆਂ ਕਰਦੀ ਹੈ -

*ਕਰਵਤੁ ਭਲਾ ਨ ਕਰਵਟ ਤੇਰੀ ॥*
*ਲਾਗੁ ਗਲੇ ਸੁਨੁ ਬਿਨਤੀ ਮੇਰੀ ॥ ੧ ॥*
*ਹਉ ਵਾਰੀ ਮੁਖੁ ਫੇਰਿ ਪਿਆਰੇ ॥*
*ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥ ਅੰਗ- ੪੮੪*

ਐਸੀਆਂ ਅਰਜੋਈਆਂ, ਬੇਨਤੀਆਂ ਮਾਤਾ ਜੀ ਕਰਦੇ ਨੇ ਕਿ ਮੇਰੇ ਨਾਲੋਂ ਕਿਉਂ ਮੁੱਖ ਮੋੜ ਲਿਆ। ਕਹਿੰਦੇ ਇਹਦੇ ਨਾਲੋਂ ਤਾਂ ਚੰਗਾ ਹੈ - 'ਕਰਵਤੁ ਭਲਾ' ਕਰਵਤੁ ਕਹਿੰਦੇ ਨੇ ਆਰੇ ਨੂੰ। ਇਹਦੇ ਨਾਲੋਂ ਤਾਂ ਚੰਗਾ ਹੈ ਆਰੇ ਨਾਲ ਚੀਰ ਦਿਓ ਮੇਰਾ ਤਨ ਤਾਂ ਇਸ ਕਰਵਟ ਨਾਲੋਂ ਤਾਂ ਚੰਗਾ ਹੈ। ਕਿਹੜੀ ਗਲਤੀ ਹੋ ਗਈ ਮੇਰੇ ਤੋਂ-

*ਜਉ ਤਨੁ ਚੀਰਹਿ ਅੰਗੁ ਨ ਮੋਰਉ ॥*
*ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥ ੨ ॥*
*ਹਮ ਤੁਮ ਬੀਚੁ ਭਇਓ ਨਹੀ ਕੋਈ ॥*
*ਤੁਮਹਿ ਸੁ ਕੰਤ ਨਾਰਿ ਹਮ ਸੋਈ ॥ ਅੰਗ - ੪੮੪*

ਕਬੀਰ ਸਾਹਿਬ ਨੇ ਕਿਹਾ ਤੂੰ ਰਾਮ ਦਾ ਨਾਮ ਐਨਾ ਸਸਤਾ ਕਿਉਂ ਲਾ ਦਿਤਾ। ਤਿੰਨ ਵਾਰੀ ਰਾਮ ਕਹਾ ਕੇ ਉਸ ਦਾ ਰੋਗ ਕਿਉਂ ਹਟਾ ਦਿਤਾ?

*ਕਹਤੁ ਕਬੀਰੁ ਸੁਨਹੁ ਰੇ ਲੋਈ ॥*
*ਅਬ ਤੁਮਰੀ ਪਰਤੀਤਿ ਨ ਹੋਈ ॥ ਅੰਗ- ੪੮੪*

ਲੋਈ ਕਹਿਣ ਲੱਗੀ ਮਹਾਰਾਜ! ਤਿੰਨ ਵਾਰੀ ਰਾਮ ਤਾਂ ਕਹਾਇਆ ਇਨਸਾਨ ਦੀ ਫਿਤਰਤ ਹੈ ਕਿ ਇਹ ਭੁੱਲ

ਜਾਂਦਾ ਹੈ, ਉਹਨੂੰ ਦ੍ਰਿੜ੍ਹ ਕਰਵਾ ਦਿਤਾ।

ਜਿਵੇਂ ਪੰਜ ਪਿਆਰੇ ਵਾਹਿਗੁਰੂ ਮੰਤਰ, ਪੰਜ ਵਾਰੀ ਦ੍ਰਿੜ੍ਹ ਕਰਵਾਉਂਦੇ ਨੇ। ਪੰਜ ਵਾਰੀ ਮੂਲ ਮੰਤ੍ਰ ਦ੍ਰਿੜ੍ਹ ਕਰਵਾਉਂਦੇ ਨੇ।

ਹੁਣ ਮਾਤਾ ਜੀ ਕਹਿਣ ਲੱਗੇ ਕਿ ਹੇ ਮੇਰੇ ਪਿਆਰੇ ਪ੍ਰੀਤਮ! ਮੈਂ ਦੇਖਿਆ ਕਿ ਇਹ ਤਾਂ ਬੜਾ ਰੋਗੀ ਹੈ, ਹਾਏ-ਹਾਏ ਵਿਰਲਾਪ ਕਰਦਾ ਹੈ। ਉਹਦੀ ਜਗ੍ਹਾ ਮੈਂ ਉਸ ਨੂੰ ਕਿਹਾ ਕਿ ਤੂੰ ਹਾਏ-ਹਾਏ ਨਾ ਕਰ, ਰਾਮ-ਰਾਮ ਕਹਿ। ਰੋਗ ਹਟ ਗਿਆ। ਫੇਰ ਕਹਿੰਦੀ, ਮੈਂ ਦੇਖਿਆ ਕਿ ਇਹਦਾ ਕਾਰਨ ਕੀ ਹੈ? -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*

*ਅੰਗ- ੧੩੫*

ਕੋਈ ਐਸਾ ਕਰਮ ਰੋਗ ਆ ਗਿਆ। ਕਰਮ ਰੋਗ ਜਿਹੜਾ ਹੁੰਦਾ ਹੈ, ਇਹ ਤਨ ਦੇ ਵਿਚ ਐਨਾ ਹੋ ਜਾਂਦਾ ਹੈ -

*ਅਸਾਧ ਰੋਗੁ ਉਪਜਿਓ ਤਨ ਭੀਤਰਿ*
*ਟਰਤ ਨ ਕਾਹੂ ਟਾਰਿਓ ॥* *ਅੰਗ - ੧੦੦੧*

ਗੁਰੂ ਦਾ ਸ਼ਬਦ ਹੀ ਕੱਟ ਸਕਦਾ ਹੈ, ਤਾਕਤ ਨਹੀਂ ਹੋਰ ਕਿਸੇ ਵੈਦ, ਡਾਕਟਰ ਦੀ। ਮਾਤਾ ਜੀ ਨੇ ਦੇਖਿਆ ਕਿ ਇਹਨੂੰ ਰੋਗ ਕਿੱਥੋਂ ਲੱਗਿਆ, ਕਿਹੜਾ ਇਹਦਾ ਅਸਾਧ ਰੋਗ ਦਾ ਕਰਮ ਅੱਗੇ ਆ ਗਿਆ। ਮੰਤਰ ਦੇ ਨਾਲ ਉਹ ਕਰਮ ਹਟਾ ਦਿਤਾ। ਹੁਣ ਜਦੋਂ ਸਰੀਰ ਨਿਰੋਗ ਹੋ ਗਿਆ, ਕਿਉਂਕਿ ਪਤਾ ਸੀ ਕਿ ਸਰੀਰ ਨਿਰੋਗ ਹੋ ਗਿਆ, ਫੇਰ ਇਹਨੇ ਭੋਗ 'ਚ ਪੈ ਜਾਣੈ। ਕਹਿੰਦੇ, ਤੀਸਰੀ ਵਾਰੀ ਮੈਂ ਇਸ ਕਰਕੇ ਕਹਾਇਆ, ਰੋਕ ਲਾ ਦਿਤੀ। ਜਿਵੇਂ -

*ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥*

*ਅੰਗ- ੬੨੭*

ਬੰਨਾ ਲਾ ਦਿਤਾ, ਰੋਕ ਲਾ ਦਿਤੀ ਕਿ ਅੱਗੇ ਨੂੰ ਰੋਗ ਆਵੇ ਹੀ ਨਾ। ਇਹ ਨਾਮ ਜਪਦਾ ਰਹੇ। ਰਾਮ-ਰਾਮ ਕਰਦਾ ਰਹੇ ਤਾਂ ਮੈਂ ਤਿੰਨ ਵਾਰੀ ਰਾਮ ਕਹਾਇਆ। ਭਗਤ ਜੀ ਬੜੇ ਪ੍ਰਸੰਨ ਹੋਏ ਕਿ ਲੋਈ ਕੋਲ ਤਾਂ ਬੜੀ ਜੁਗਤੀ ਹੈ।

ਇਥੇ ਵੀ ਅਸੀਂ ਦੇਖਿਆ ਕਿ ਮਹਾਂਪੁਰਸ਼ਾਂ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਕੋਲ ਕਿੰਨੇ ਹੀ ਦੁਖੀ, ਰੋਗੀ ਆਉਂਦੇ। ਸਤਿਪੁਰਸ਼ ਉਸ ਨੂੰ ਦਸ ਦਿੰਦੇ ਕਿ ਤੂੰ ਇਸ ਤਰ੍ਹਾਂ ਕਰ ਲੈ, ਤੇਰਾ ਰੋਗ ਦੂਰ ਹੋ ਜਾਏਗਾ। ਹੋ ਵੀ ਗਏ। ਬੀਜੀ ਤਾਂ ਮਾਤਾ ਲੋਈ ਵਾਂਗੂੰ ਸਿੱਧੇ ਹੀ ਸਪੱਸ਼ਟ ਬਚਨ ਕਰ ਦਿੰਦੇ। ਕੋਈ ਆਉਂਦਾ, ਮਾਤਾ ਜੀ ਦਰਦ ਨਹੀਂ ਸੀ ਵੇਖ ਸਕਦੇ।

ਜਥੇਦਾਰ ਸੰਤੋਖ ਸਿੰਘ ਜੀ ਦੇ ਘਰੋਂ ਬੀਬੀ ਇਕ ਵਾਰ ਆਈ। ਬੀਜੀ ਨੇ ਉਹਦੀ ਅਰਜੋਈ ਸੁਣੀ। ਕਹਿੰਦੀ ਕਿ ਡਾਕਟਰਾਂ ਨੇ ਕਹਿ ਦਿਤਾ ਕਿ ਜਿਥੋਂ ਰੀੜ੍ਹ ਦੀ ਹੱਡੀ ਰਾਹੀਂ ਜੋ ਲਾਈਫ ਕਰੰਟ ਉਪਰ ਨੂੰ ਜਾਂਦਾ ਹੈ, ਇਹਦੇ ਵਿਚ ਕਰੈਕ ਹੈ। ਇਹਦਾ ਓਪਰੇਸ਼ਨ ਹੋਣਾ ਹੈ, ਦਰਦ ਨਾਲ ਕਰਰਹਾ ਰਹੀ ਸੀ, ਦੁਖੀ ਸੀ। ਬੀਜੀ ਨੇ ਕੀ ਕੀਤਾ, ਉਸ ਦੀ ਪਿੱਠ 'ਤੇ ਹੱਥ ਫੇਰਿਆ, ਅਸ਼ੀਰਵਾਦ ਦਿਤਾ -

*ਪੂਤਾ ਮਾਤਾ ਕੀ ਆਸੀਸ ॥*
*ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ*
*ਸਦਾ ਭਜਹੁ ਜਗਦੀਸ ॥* *ਅੰਗ - ੪੯੬*

ਉਹ ਕਹਿੰਦੇ, ਡਾਕਟਰ ਤਾਂ ਐਵੇਂ ਕਹਿ ਦਿੰਦੇ ਨੇ, ਝੱਟ ਓਪਰੇਸ਼ਨ ਕਰ ਦਿੰਦੇ ਨੇ, ਇਹਦੀ ਲੋੜ ਨਹੀਂ। ਇਸੇ ਤਰ੍ਹਾਂ ਹੀ ਠੀਕ ਹੋ ਜਾਣੈ ਤੂੰ, ਨਾਮ ਜਪਿਆ ਕਰ। ਹੋਇਆ ਕੀ? ਉਹ ਤਾਂ ਹੋ ਗਈ ਬਿਲਕੁਲ ਠੀਕ। ਦੂਜਿਆਂ ਦਾ ਦਰਦ ਦੇਖ ਕੇ ਆਪਣੇ 'ਤੇ ਲੈ ਲੈਂਦੇ ਸੀ ਕਸ਼ਟ। ਕਿੱਡਾ ਉਨ੍ਹਾਂ ਦਾ ਜਿਗਰਾ ਸੀ। ਮਹਾਂਪੁਰਸ਼ਾਂ ਨੇ ਕਿਹਾ ਕਿ ਤੁਸੀਂ ਇਸ ਤਰ੍ਹਾਂ ਨਾ ਕਰਿਆ ਕਰੋ। ਜੋ ਬਚਨ ਕਰਦੇ ਓਂ ਪੂਰਾ ਹੋ ਜਾਂਦਾ ਹੈ -

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥* *ਅੰਗ- ੨੬੩*

ਕਹਿੰਦੇ, ਕਿਉਂ ਤੁਸੀਂ ਇਸ ਤਰ੍ਹਾਂ ਕਰਦੇ ਓਂ। ਕਹਿੰਦੇ, ਮੇਰੇ ਤੋਂ ਦੇਖ ਹੀ ਨਹੀਂ ਹੁੰਦਾ ਕਿਸੇ ਦਾ ਦਰਦ। ਐਸਾ ਮਾਤਾ ਦਾ ਹਿਰਦਾ ਨਰਮ ਹੁੰਦਾ ਹੈ। ਮਾਤਾ ਔਗੁਣ ਨਹੀਂ ਦੇਖਦੀ।

ਮਹਾਂਪੁਰਸ਼ਾਂ ਦੇ ਜੀਵਨ ਸਾਥੀ ਤੁਸੀਂ ਦੇਖਿਆ ਹੀ ਹੈ ਉਨ੍ਹਾਂ ਨੂੰ। ਮਹਾਂਪੁਰਸ਼ਾਂ ਦੇ ਸਰੀਰਕ ਵਿਛੋੜੇ ਤੋਂ ਬਾਅਦ 12 ਸਾਲ ਉਨ੍ਹਾਂ ਨੇ ਗੁਜ਼ਰਾਨ ਕੀਤੇ ਤੇ ਸਾਡੇ ਵਰਗਿਆਂ ਦੇ ਔਗੁਣ ਨਹੀਂ ਦੇਖੇ, ਫੇਰ ਬਖਸ਼ਿਸ਼ਾਂ ਕਰ ਗਏ।

ਸੋ ਐਸਾ ਪਰਉਪਕਾਰ ਮਾਤਾ ਲੋਈ ਜੀ ਨੇ ਕੀਤਾ। ਭਗਤ ਕਬੀਰ ਜੀ 120 ਸਾਲ ਨਾਮ ਬਾਣੀ ਦਾ ਪ੍ਰਚਾਰ ਕੀਤਾ। ਆਖਰੀ ਸਮਾਂ ਸੀ। ਕਹਾਵਤ ਸੀ ਕਿ ਜਿਹੜੇ ਕਾਸ਼ੀ 'ਚ ਚੜ੍ਹਾਈ ਕਰਦੇ ਨੇ ਉਹ ਬੈਕੁੰਠ ਨੂੰ ਜਾਂਦੇ ਨੇ, ਬੈਕੁੰਠਪਤੀ ਲੈਣ ਆਉਂਦੇ ਨੇ। ਜੇ ਮਗਹਰ 'ਚ ਸਰੀਰ ਛੱਡ ਦੇਵੇ। ਉਥੇ ਕਹਾਵਤ ਹੈ ਕਿ ਇਥੇ ਜੇ ਕੋਈ ਸਰੀਰ ਛੱਡ ਦੇਵੇ, ਉਹ ਨਰਕਾਂ ਨੂੰ ਜਾਏਗਾ। ਭਗਤ ਜੀ ਨੇ ਇਹ ਮਿੱਥ ਤੋੜਨ ਵਾਸਤੇ ਕਿ ਲੋੜ ਤਾਂ ਨਾਮ ਦੀ ਹੈ, ਨਾਮ 'ਚ ਅਸਥਿਤੀ ਦੀ ਹੈ। ਕਿੱਥੇ ਵਹਿਮਾਂ ਭਰਮਾਂ, ਕਰਮਕਾਂਡਾਂ 'ਚ ਪੈ ਗਈ ਦੁਨੀਆਂ। ਗੋਰਖਪੁਰ ਤੋਂ 15 ਕੁ ਮੀਲ 'ਤੇ ਮਗਹਰ ਸ਼ਹਿਰ ਹੈ, ਉਥੇ ਭਗਤ ਕਬੀਰ ਜੀ ਨੇ ਸਰੀਰ ਦਾ ਪ੍ਰਤਿਆਗ ਕੀਤਾ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।*

# ਨੂਰਾਨੀ ਮਿਲਾਪ - 16

*(ਡਾ.) ਭਾਈ ਸੁਖਵਿੰਦਰ ਸਿੰਘ*

**(ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ)**

***ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥***

***ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥(ਅੰਗ-612)***

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ (ਅੰਗ-੨)*

## ਭਾਈ ਭਾਗੀਰਥ ਦੀ ਭਾਗਸ਼ਾਲੀ ਸਵੇਰ

ਕਿਸੇ ਮਨੁੱਖ ਦੀ ਰੈਣ ਰੂਪੀ ਜ਼ਿੰਦਗੀ ਵਿਚ ਕਦੋਂ ਨਵੀਂ ਸਵੇਰ ਆ ਜਾਵੇ, ਇਸ ਦੀ ਆਮਦ ਦਾ ਉਸ ਨੂੰ ਵੀ ਪਤਾ ਨਹੀਂ ਹੁੰਦਾ। ਇਹੋ ਕੁਝ ਭਾਈ ਭਗੀਰਥ ਨਾਲ ਵਾਪਰਿਆ ਜੋ ਕਿ ਸੁਤੇ ਭਾਗਾਂ ਦੇ ਜਾਗਣ ਦੀ ਨਿਸ਼ਾਨੀ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ- ੨੦੪*

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ- ੪੫੦*

ਅੱਜ ਭਾਈ ਭਾਗੀਰਥ ਦੇ ਜੀਵਨ ਵਿਚ ਰੂਹਾਨੀ ਸੂਰਜ ਨਵੀਆਂ ਆਸ਼ਾਵਾਂ/ਕਿਰਨਾਂ ਲੈ ਕੇ ਉਸ ਦੀ ਦਹਿਲੀਜ਼ ਤੇ ਦਾਖਲ ਹੋਇਆ। ਇਹਨਾਂ ਕਿਰਨਾਂ ਨੇ ਕਿਸ-ਕਿਸ ਨੂੰ ਨਿੱਘ ਦੇਣੀ ਜਾਂ ਠੰਢ ਪਾਉਣੀ ਹੈ, ਇਹ ਆਉਣ ਵਾਲਾ ਸਮਾਂ ਦਸੇਗਾ -

*ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥*
*ਅੰਗ- ੯੩੦*

*ਤੂ ਬੇਅੰਤੁ ਕੋ ਵਿਰਲਾ ਜਾਣੈ ॥ ਅੰਗ-੫੬੨*

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ਅੰਗ- ੪੯੯*

ਅੱਜ ਭਾਈ ਭਾਗਰੀਥ ਦੇ ਸਾਹਮਣੇ ਐਸਾ ਦ੍ਰਿਸ਼ ਆਉਂਦਾ ਹੈ ਜਿਸ ਨੇ ਪੂਰੀ ਜ਼ਿੰਦਗੀ ਨੂੰ ਪਲਟਾ ਦੇਣਾ ਹੈ। ਨਿਰਾਸ਼ਾ 'ਚੋਂ ਕੱਢ ਕੇ ਆਸਾ ਵਿਚ ਲੈ ਜਾਣਾ ਹੈ। ਭਟਕਦੇ ਮਨ ਨੂੰ ਠਹਿਰਾਉ ਮਿਲ ਜਾਣਾ ਹੈ। ਤਪਦੇ ਹਿਰਦੇ ਨੂੰ ਠਾਰ ਮਿਲ ਜਾਣੀ ਹੈ। ਕੰਬਦੇ ਮਨ ਨੂੰ ਨਿੱਘ ਪ੍ਰਾਪਤ ਹੋ ਜਾਣਾ ਹੈ। ਜਨਮਾਂ-ਜਨਮਾਂ ਦੀਆਂ ਘੁੰਮਣ-ਘੇਰੀਆਂ ਖਤਮ ਹੋ ਕੇ ਇਕ ਸਥਿਰ ਅਵਸਥਾ ਪ੍ਰਾਪਤ ਹੋ ਜਾਣੀ ਹੈ ਜੋ ਕਿ ਸਾਰੀ ਜ਼ਿੰਦਗੀ ਦਾ ਸਾਰ ਬਣ ਜਾਵੇਗੀ। ਇਸ ਅਗੰਮੀ ਵਰਤਾਰੇ ਦਾ ਝਲਕਾਰਾ ਇਸ ਪ੍ਰਕਾਰ ਹੈ -

ਅੱਜ ਠੰਡੀ ਮਿੱਠੀ ਤ੍ਰੇਲ ਤੇ ਹਵਾ ਨੇ ਵਾਤਾਵਰਣ ਵਿਚ ਥੋੜ੍ਹਾ ਰਸ ਭਰਿਆ ਹੋਇਆ ਹੈ। ਚੰਦਰਮਾ ਆਪਣੀ ਚਾਲ ਚਲਦਾ ਤਾਰਿਆਂ ਨਾਲ ਰਲ ਕੇ ਮਨਮੋਹਕ ਰੋਸ਼ਨੀ ਧਰਤੀ 'ਤੇ ਭੇਜ ਰਿਹਾ ਹੈ। ਦਰਖਤ ਵੀ ਮੋਨ ਧਾਰ ਕੇ ਕਿਸੇ ਅਗੰਮੀ ਸਮਾਧੀ ਵਿਚ ਸਥਿਰ ਭਾਸ ਰਹੇ ਹਨ। ਇਸ ਸਾਰੇ ਮਨਮੋਹਕ ਸ਼ਾਂਤ ਵਾਤਾਵਰਣ ਵਿਚ ਜਲ ਦੇ ਹਿਲਣ/ਜੁਲਣ ਦੀ ਆਵਾਜ਼ ਆਈ। ਭਾਸ ਰਿਹਾ ਹੈ ਕਿ ਕਿਸੇ ਨੇ ਡੁਬਕੀ ਲਾਈ ਹੈ। ਜਲ ਵਿਚ ਤਾਰੀ ਲੱਗਣ ਦੀ ਅਵਾਜ਼ ਅਜੇ ਮਹਿਸੂਸ ਹੀ ਹੋ ਰਹੀ ਸੀ ਕਿ ਇਤਨੇ ਨੂੰ ਇਕ ਰਸ ਭਿੰਨੀ ਅਵਾਜ਼ ਕੰਨਾਂ 'ਚ ਪਈ -

*ਜਿਸੁ ਮਨਿ ਵਸਿਆ ਤਰਿਆ ਸੋਇ ॥*
*ਨਾਨਕ ਜੋ ਭਾਵੈ ਸੋ ਹੋਇ ॥ ਅੰਗ- ੮੫੪*

ਹੈਰਾਨੀ ਹੋਈ, ਇਸ ਵੇਲੇ ਕੌਣ ਹੋ ਸਕਦਾ ਹੈ ਜੋ ਇਸ਼ਨਾਨ ਕਰ ਰਿਹਾ ਹੈ। ਉਹ ਕੌਣ ਸੀ? ਉਹ ਸਨ ਜੋ ਸਾਨੂੰ, ਸਾਰੀ ਮਨੁੱਖਤਾ ਨੂੰ ਦਸਣ ਆਏ ਹਨ ਕਿ ਤੁਸੀਂ ਕੌਣ ਹੋਂ? ਜਿਸ ਦੀ ਪੰਜਵੀਂ ਜੋਤਿ ਨੇ ਫੁਰਮਾਨ ਕੀਤਾ ਹੈ ਕਿ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥ ਅੰਗ- ੯੯੯*

*ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥*
*ਅੰਗ- ੧੧੮੫*

*ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥*
*ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥*
*ਅੰਗ- ੨੫੫*

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ ਅੰਗ- ੪੫੯*

ਦੂਸਰੇ ਜਾਮੇ ਨੇ ਉਚਾਰਿਆ ਸੀ -

*ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥*
*ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥*
*ਅੰਗ- ੧੪੬*

ਇਲਾਹੀ ਜੋਤ, ਨੂਰਾਂ ਦੇ ਨੂਰ ਸ੍ਰੀ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਇਸ਼ਨਾਨ ਕਰਕੇ ਵੇਈਂ ਨਦੀ ਵਿਚੋਂ ਬਾਹਰ ਆਏ। ਬਸਤਰ ਆਦਿ ਪਹਿਨ ਕੇ ਥੋੜ੍ਹੀ ਦੂਰ ਇਕ ਥੜੇ ਤੇ ਚੌਂਕੜੀ ਮਾਰ ਕੇ ਬਿਰਾਜਮਾਨ ਹੋਏ।

ਪਹਿਲੇ ਅਰਸ਼ਾਂ ਵਲ ਤਕ ਫਿਰ ਆਲੇ ਦੁਆਲੇ ਦ੍ਰਿਸ਼ਟੀ ਪਾ ਕੇ ਆਪ ਨੇ ਪਵਿੱਤਰ ਨੇਤਰ ਬੰਦ ਕੀਤੇ ਤੇ ਕੁਝ ਸਮੇਂ ਬਾਦ ਖੁਲ੍ਹੇ ਤੇ ਰਸ ਭਿੰਨੀ ਅਵਾਜ਼ ਆਈ-

*ਪੇਵਕੜੈ ਧਨ ਖਰੀ ਇਆਣੀ ॥*
*ਤਿਸੁ ਸਹ ਕੀ ਮੈ ਸਾਰ ਨ ਜਾਣੀ ॥ ੧ ॥*
*ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥*
*ਨਦਰਿ ਕਰੇ ਮੇਲਾਵਾ ਹੋਈ ॥ ੧ ॥ ਰਹਾਉ ॥*
....................................... *ਅੰਗ- ੩੫੭*

ਇਹ ਪੂਰਾ ਸ਼ਬਦ ਉਚਾਰ ਕੇ ਨੂਰਾਂ ਦੇ ਨੂਰ ਅੰਤਰ ਧਿਆਨ ਹੋ ਗਏ। ਇਲਾਹੀ ਜੋਤਿ ਵਿਚ ਲੀਨ ਹੋ ਗਏ। ਬਾਹਰੋਂ ਚੁੱਪ-ਚਾਪ ਸ਼ਾਂਤ ਚਿੱਤ ਪਰ ਕੁਦਰਤਿ ਨਾਲ ਇਕਮਿਕ ਹੋਏ ਭਾਸ ਰਹੇ ਹਨ। ਨੂਰੀ ਚਿਹਰਾ ਦਰਸ਼ਨ ਕਰਨ ਵਾਲੇ ਨੂੰ ਅਨੰਦਿਤ ਕਰ ਰਿਹਾ ਹੈ। ਸਮਾਂ ਵੀ ਆਪਣੇ ਆਪ ਨੂੰ ਸਫਲ ਕਰਦਾ ਸਹਿਜੇ-ਸਹਿਜੇ ਅੱਗੇ ਵਧ ਰਿਹਾ ਹੈ।

ਏਧਰ ਸੁਲਤਾਨਪੁਰ ਤੋਂ 2-3 ਕੋਹ ਦੂਰ ਮਲਸਿਹਾਂ ਨਗਰ ਹੈ। ਇਸ ਨਗਰ ਦਾ ਚੌਧਰੀ ਜਿਸ ਦਾ ਨਾਮ ਭਾਗਰੀਥ ਹੈ, ਉਹ ਵੀ ਪ੍ਰਮਾਰਥ ਦਾ ਪਾਂਧੀ ਹੈ ਪਰ ਅਜੇ ਪ੍ਰਮਾਰਥ ਤੋਂ ਕੋਹਾਂ ਦੂਰ ਸੀ। ਸਹੀ ਮਾਰਗ ਦੀ ਚੋਣ ਨਹੀਂ ਕਰ ਸਕਿਆ। ਕੁਮਾਰਗ ਦਾ ਪਾਂਧੀ ਬਣਿਆ ਹੋਇਆ ਸੀ। ਆਤਮ ਮਾਰਗ 'ਤੇ ਚਲਾਉਣ ਵਾਲਾ ਕੋਈ ਮਿਲਿਆ ਨਹੀਂ ਸੀ।

ਭਾਗੀਰਥ ਕਾਲੇ ਰੰਗ ਦੀ ਮੂਰਤੀ ਦਾ ਧਿਆਨ ਧਰਦਾ ਹੈ। ਅੱਜ ਤੋਂ ਨਹੀਂ, ਬੜੇ ਲੰਮੇ ਸਮੇਂ ਤੋਂ ਬੈਠਾ ਹੈ। ਕੋਈ ਅਧੂਰਾ ਮਿਲਿਆ ਸੀ। ਦੱਸ ਗਿਆ ਸੀ ਇਹਨੂੰ ਵੀ, ਕੁਮਾਰਗ ਪਾ ਗਿਆ। ਪਰ ਭਾਗੀਰਥ ਰਸਤੇ ਦੀਆਂ ਠੋਕਰਾਂ ਪਿਆ ਖਾਂਦਾ, ਕਦੇ ਉਦਾਸ ਕਦੇ ਨਿਰਾਸ਼। ਕਿਉਂਕਿ ਮਨ ਟਿਕਦਾ ਨਹੀਂ ਸੀ। ਇਕਾਗਰ ਤਾਂ ਹੁੰਦਾ ਸੀ ਪਰ ਸਾਹਮਣੇ ਨਿਸ਼ਾਨਾ ਕੋਈ ਨਹੀਂ ਸੀ। ਗੋਲੀ ਚਲਦੀ ਸੀ ਪਰ ਨਿਸ਼ਾਨੇ ਰਹਿਤ ਸੀ। ਅੰਦਰ ਖਾਲੀ-ਖਾਲੀ ਮਹਿਸੂਸ ਹੁੰਦਾ ਸੀ। ਅੰਦਰ ਖਲਾਅ ਸੀ। ਅੰਦਰ ਕਿਸੇ ਚੀਜ਼ ਦੀ ਥੁੜ੍ਹ ਮਹਿਸੂਸ ਹੁੰਦੀ, ਰਸ ਰਹਿਤ ਪ੍ਰਤੀਤ ਹੁੰਦਾ। ਇਕਾਗਰਤਾ ਤਾਂ ਆ ਗਈ ਪਰ ਇਸ ਨਾਲ ਮਨ ਨੂੰ ਸ਼ਾਂਤੀ ਕਿੱਥੇ? ਇਕਾਗਰਤਾ ਨਾਲ ਕੁਝ ਅੰਦਰ ਸ਼ਕਤੀ ਤਾਂ ਆ ਸਕਦੀ ਹੈ ਪਰ ਸ਼ਾਂਤੀ ਨਹੀਂ। ਅਸਲ ਵਿਚ ਛੋਟੇ ਆਪੇ ਨੇ ਵੱਡੇ ਆਪੇ ਵਿਚ ਲੀਨ ਹੋਣਾ ਹੈ। ***'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਅੰਗ-441)*** ਪਰ ਸਮਰੱਥ ਸਤਿਗੁਰੂ ਤੋਂ ਬਗੈਰ ਇਹ ਬਖਸ਼ਿਸ਼ ਨਾ-ਮੁਮਕਿਨ ਹੈ।

ਵਿਭੂਤੀਆਂ ਲਾਉਣੀਆਂ, ਸ਼ਕਤੀਆਂ ਹਾਸਲ ਕਰਨੀਆਂ ਆਪਣੇ ਮਨ ਦੀਆਂ ਮਨੌਤਾਂ ਤਾਂ ਪੂਰੀਆਂ ਹੋ ਸਕਦੀਆਂ ਹਨ ਪਰ ਟਿਕਾਅ ਨਹੀਂ। ਦਿਸਦਾ ਸੰਸਾਰ ਤਾਂ ਬਿਨਸਨਹਾਰ ਹੈ। ਉਸ ਨਾਲ ਮੇਲ ਹੋਵੇ ਜੋ ਸਦੀਵ ਹੈ। ਜੋ ਅਮਰ ਹੈ, ਸਚਿਦਾਨੰਦ ਹੈ। ਭਾਗੀਰਥ ਨੂੰ ਕੋਈ ਦਸ ਗਿਆ ਬਿਭੂਤੀਆਂ ਮਲਣੀਆਂ, ਮਨ ਪਰਚਾਉਣ ਵਾਲੀਆਂ ਸ਼ਕਤੀਆਂ ਦੀ ਪ੍ਰਾਪਤੀ। ਪਰ ਭਾਗੀਰਥ ਦੀ ਲੋੜ ਤਾਂ ਆਤਮ ਮਾਰਗ ਦੀ, ਆਤਮ ਮੇਲ ਦੀ ਸੀ। ਕਈ ਵਾਰ ਘਬਰਾ ਜਾਣਾ ਕਿ ਪਾਪਤੀ ਕੋਈ ਹੋਈ ਨਹੀਂ। ਖੇਚਲ ਵਧੇਰੇ ਹੈ। ਪਰ ਕਰਦਾ ਰਿਹਾ ਉਹੀ ਕੁਮਾਰਗ ਦੇ ਸਾਧਨ। ਅੰਦਰ ਪੀੜਾ ਪਿਆਰੇ ਨੂੰ ਮਿਲਣ ਦੀ ਸੀ। ਲੋੜ ਕਾਢ ਦੀ ਮਾਂ ਹੁੰਦੀ ਹੈ। ਅੰਦਰਲੀ ਪੀੜਾ ਦਾ ਦੁਖ ਦਾਰੂ ਬਣ ਗਿਆ। ਮੂਰਤੀ ਅੱਗੇ ਬੇਨਤੀ ਕਰਦਾ ਹੈ ਕਿ ਮੈਨੂੰ ਸ਼ਕਤੀ ਦਿਉ ਪਰ ਜਵਾਬ ਕੋਈ ਆਵੇ ਨਾ, ਜਿਵੇਂ ਭਗਤ ਨਾਮਦੇਵ ਜੀ ਨੇ ਫੁਰਮਾਨ ਕੀਤਾ ਹੈ ਕਿ -

*ਤੂ ਕਹੀਅਤ ਹੀ ਆਦਿ ਭਵਾਨੀ ॥*
*ਮੁਕਤਿ ਕੀ ਬਰੀਆ ਕਹਾ ਛਪਾਨੀ ॥* *ਅੰਗ- ੮੭੪*

ਇਹੋ ਕੁਝ ਚੌਧਰੀ ਮਲਸੀਹਾਂ ਨਾਲ ਵਾਪਰ ਰਿਹਾ ਸੀ। ਇਕ ਵਾਰ ਸਾਰਾ ਦਿਨ ਤੇ ਰਾਤ ਮੂਰਤੀ ਅੱਗੇ ਭੇਟਾ ਗਾਉਂਦਿਆਂ ਗੁਜ਼ਾਰ ਦਿਤੀ। ਮੂਰਤੀ ਵਿਚੋਂ ਅਵਾਜ਼ ਆਈ ਕਿ ਮੁਕਤੀ ਦੇ ਦਾਤਾ ਸਤਿਗੁਰੂ ਗੁਰੂ ਨਾਨਕ ਦੇਵ ਜੀ ਹਨ। ਤੇਰੇ ਨੇੜੇ ਸੁਲਤਾਨਪੁਰ ਜੋਤਿ ਜਗਾ ਰਹੇ ਹਨ। ਜਾਹ ਜਾ ਕੇ ਸ਼ਰਣੀ ਪੈ ਜਾ। ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਆਪ ਮਲਸੀਹੇਂ ਆਏ ਸਨ ਤੇ ਭਾਗਰੀਥ ਦਾ ਮਿਲਾਪ ਹੋਇਆ। ਭਾਈ ਭਾਗੀਰਥ ਨੇ ਸਾਰੀ ਰਾਤ ਗੁਰੂ ਜੀ ਕੋਲ ਹੀ ਬਿਤਾਈ। ਅੰਮ੍ਰਿਤ ਵੇਲੇ ਗੁਰੂ ਜੀ ਦਾ ਇਸ਼ਨਾਨ ਕਰਾਇਆ ਤੇ ਨੂਰੀ ਦਾਤੇ ਅਗੰਮੀ ਰਸ ਵਿਚ ਲੀਨ ਹੋ ਗਏ। ਉਸ ਵੇਲੇ ਭਾਗੀਰਥ ਨੇ ਦੇਖਿਆ ਕਿ ਅਸ਼ਟ ਭੁਜੀ ਬਾਹਾਂ ਵਾਲੀ ਦੇਵੀ ਰੂਪ ਇਸਤ੍ਰੀ ਝਾੜੂ ਦੇ ਰਹੀ ਹੈ। ਪੁੱਛਣਾ ਕੀਤਾ ਕਿ ਤੂੰ ਕੌਣ ਹੈ? ਉਸ ਨੇ ਆਖਿਆ ਕਿ ਮੈਂ ਦੇਵੀ ਹਾਂ। ਭਾਈ ਭਾਗੀਰਥ ਨੇ ਹੈਰਾਨ ਹੋ ਕੇ ਪੁਛਿਆ ਕਿ ਤੁਸੀਂ ਤਾਂ ਜਗਤ ਮਾਤਾ ਹੋ? ਇਥੇ ਝਾੜੂ ਕਿਉਂ ਦੇ ਰਹੇ ਹੋਂ? ਉਸ ਦੇਵੀ ਰੂਪ ਇਸਤਰੀ ਨੇ ਕਿਹਾ ਕਿ ਇਹ ਪ੍ਰਮੇਸ਼ਰ ਦਾ ਨਿਰਗੁਣ ਰੂਪ ਹਨ, ਮੈਂ ਇਹਨਾਂ ਦੀ ਸੇਵਾ ਕਰਕੇ ਹੀ ਸ਼ਕਤੀਵਾਨ ਹੁੰਦੀ ਹਾਂ। ਮੈਂ ਇਹਨਾਂ ਦੀ ਸੇਵਾ ਵਿਚੋਂ ਪਦਾਰਥ ਲੈ ਕੇ ਆਪਣੇ ਭਗਤਾਂ ਨੂੰ ਵੰਡਦੀ ਹਾਂ। ਇਹ ਦਾਤਿਆਂ ਦੇ ਵੀ ਦਾਤੇ ਹਨ।

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ- ੭੫੦*

*(ਬਾਕੀ ਪੰਨਾ 46 'ਤੇ)*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-55)*

*ਨਦਰ ਬਿਨੁ ਗੁਰ ਮੈਲੁ ਨ ਉਤਰੈ*
*ਬਿਨੁ ਹਰਿ ਕਿਉ ਘਰ ਵਾਸੁ ॥* *ਅੰਗ - ੧੮*

ਦੁਪਹਿਰ ਢਲ ਪਈ, ਮਰਦਾਨਾ ਸ਼ਹਿਰ ਗਿਆ ਮੁੜਿਆ ਨਹੀਂ। ਸੁਖ ਸਾਗਰ ਗੁਰੂ ਨਾਨਕ ਜੀ ਉਜਾੜ ਵਿਚ ਬੈਠੇ ਪਿਆਰੇ ਸਿੱਖ, ਸੇਵਕ ਬਾਲ ਸਖਾਈ ਮਿਤ੍ਰ ਲਈ ਸੋਚ ਕਰਨ ਲੱਗੇ। ਜਾਣਦੇ ਸਨ ਕਿ ਅਕਾਲ ਪੁਰਖ ਏਡੇ ਇਕ ਭਾਰੀ ਕੁਫਰ ਗੜ੍ਹ ਨੂੰ ਤੋੜਨ ਵਾਸਤੇ ਸਾਨੂੰ ਲਿਜਾਇਆ ਹੈ; ਸੋ ਕਿਸੇ ਚੋਜ ਵਿਚ ਮਰਦਾਨੇ ਨੂੰ ਪਾ ਦਿਤਾ ਹੈ, ਚਲੋ ਮਿਤ੍ਰ ਦੀ ਸਾਰ ਲਈਏ ਤੇ ਮਾਲਕ ਦੀ ਨੌਕਰੀ ਬਜਾ ਲਿਆਈਏ। ਗਹਿਰ ਗੰਭੀਰ ਤੇ ਸ਼ਾਂਤੀ ਦੇ ਸਮੁੰਦਰ, ਸ਼ਕਤੀ ਦੇ ਸਾਗਰ ਸਤਿਗੁਰੂ ਜੀ ਨਗਰ ਵਲ ਨੂੰ ਉੱਠ ਟੁਰੇ। ਟੁਰਦੇ-ਟੁਰਦੇ ਜਿਧਰ ਚਰਨ ਲਈ ਗਏ ਚਲੇ ਗਏ, ਅੰਤ ਉਸੇ ਟਿਕਾਣੇ ਆ ਕੇ ਖੜੋ ਗਏ। ਕੁਦਰਤ ਐਸੀ ਕਿ ਜਿਸ ਬੂਹੇ ਮਰਦਾਨਾ ਅੰਦਰ ਲੰਘਿਆ ਸੀ ਉਹ ਖੁੱਲ੍ਹਾ ਸੀ। ਸਤਿਗੁਰ ਨੇ ਦੇਖਿਆ ਕਿ ਅੰਦਰ ਇਕ ਬੜੀ ਗ੍ਰਾਂਡੀਲ ਮਜ਼ਬੂਤ, ਮੋਟੇ, ਅਤਿ ਮੋਟੇ ਨੈਣਾਂ ਵਾਲੀ ਇਸਤ੍ਰੀ ਖੜ੍ਹੀ ਹੈ, ਉਸ ਦੇ ਮਗਰ ਦੇ ਸ਼ੇਰਾਂ ਦੇ ਬੱਚੇ ਥੰਮ੍ਹਾਂ ਨਾਲ ਸੰਗਲ ਪਾ ਬੱਧੇ ਹਨ, ਦੋ ਤ੍ਰੈ ਹੋਰ ਜ਼ਨਾਨੀਆਂ ਇਰਦ ਗਿਰਦ ਖੜ੍ਹੀਆਂ ਹਨ। ਮਰਦਾਨਾ ਚੁੱਪ ਕਰਕੇ ਬੈਠਾ ਹੈ। ਇਕ ਜਨਾਨੀ ਕਹਿ ਰਹੀ ਹੈ, ਸ਼ਾਹ ਜੀ! ਹੁਣ ਮਿਹਰ ਕਰੋ, ਇਸ ਦੀ ਤੰਦਰਾ ਖੋਲ੍ਹ ਦਿਓ, ਕਾਫੀ ਅਸਰ ਹੋ ਚੁਕਾ ਹੈ, ਹੁਣ ਇਹ ਆਪ ਦਾ ਹੋ ਗਿਆ ਹੈ, ਕਿਤੇ ਜਾਣ ਜੋਗਾ ਨਹੀਂ ਰਿਹਾ, ਏਸੇ ਦਰ ਸੇਵਾ ਕਰੇਗਾ ਤੇ ਦੇਵ ਸ਼ਕਤੀ ਨੂੰ ਪ੍ਰਾਪਤ ਹੋ ਕੇ ਆਪ ਦਾ ਬਾਲਕਾ ਫਕੀਰ ਬਣੇਗਾ, ਗਾਉਂਦਾ ਚੰਗਾ ਹੈ, ਆਪ ਦੀ ਮੁਰੀਦੀ ਖੂਬ ਵਧੇਗੀ।

ਨੂਰਸ਼ਾਹ (ਉਹ ਵੱਡੀ ਇਸਤ੍ਰੀ) - ਨਹੀਂ ਬਾਬਾ, ਇਹ ਮਾਮੂਲੀ ਬੰਦਾ ਨਹੀਂ, ਇਹ ਕੋਈ ਚੀਜ਼ ਹੈ। ਤ੍ਰੈ ਦਿਨ ਤ੍ਰੈ ਰਾਤਾਂ ਇਸ ਨੀਂਦ ਵਿਚ ਗੁੱਟ ਰਹੇਗਾ ਤਾਂ ਇਸ ਦਾ ਅੰਦਰਲਾ ਮੱਚ ਮਰੇਗਾ।

ਦੂਸਰੀ ਬੋਲੀ - ਸ੍ਵਾਮਨੀ ਜੀ! ਇਸ ਦੀ ਸੂਰਤ ਤੇ ਤਰਸ ਆਉਂਦਾ ਹੈ।

ਨੂਰਸ਼ਾਹ - ਮਗਰਮੱਛਾਂ ਤੇ ਤਰਸ? ਐਡੀ ਤਰਸਾਂ ਵਾਲੀ ਆਈ ਹੈ। ਅਸਾਂ ਕੋਈ ਫਾਹੇ ਦਿੱਤਾ ਹੈ? ਬੈਠਾ ਹੈ ਮੌਜ ਵਿਚ। ਜੋ ਖਿਆਲ ਦੇ ਛੱਡੀਦਾ ਹੈ ਉਸੇ ਵਿਚ ਬੁੱਲੇ ਲੁੱਟਦਾ ਹੈ, ਹੁਣ ਅਸਾਂ ਕਿਹਾ ਹੈ ਰੋਟੀ ਖਾਹ, ਦੇਖੋ ਐਵੇਂ ਮੂੰਹ ਮਾਰੀ ਜਾਂਦਾ ਹੈ। ਹੁਣ ਕਹਿੰਦੀ ਹਾਂ, ਤੂੰ ਮੇਢਾ ਹੈਂ ਬੋਲ! ਦੇਖੋ ਮਕਿਆਉਂਦਾ ਹੈ।

ਇਹ ਤੱਕ ਕੇ ਸਾਰੀਆਂ ਹੱਸ ਪਈਆਂ। ਇਸ ਵੇਲੇ ਅਚਾਨਕ ਨੂਰਸ਼ਾਹ ਦਾ ਕਲੇਜਾ ਧੜਕਿਆ, ਕਾਰਨ ਕੁਛ ਸੀ ਨਹੀਂ ਤੇ ਇਸ ਨੇ ਧੜਕ ਕਦੇ ਖਾਧੀ ਨਹੀਂ ਸੀ। ਅੱਜ ਪਹਿਲਾ ਦਿਨ ਸੀ ਕਿ ਕਾਲਜੇ ਨੇ ਧੜਕ ਖਾਧੀ। ਘਬਰਾ ਕੇ ਇਸ ਨੇ ਨਜ਼ਰ ਚਾਈ। ਅਜੇ ਨਜ਼ਰ ਦਰਵਾਜ਼ੇ ਵੱਲ ਨੂੰ ਉੱਠ ਹੀ ਰਹੀ ਸੀ ਇਕ ਮਿੱਠੀ ਪਰ ਗਰਜਵੀਂ ਆਵਾਜ਼ ਵਿਚ ਸੱਦ ਆਈ -

ਸਤਿ ਕਰਤਾਰ!

ਜਾਂ ਨੂਰ ਸ਼ਾਹ ਨੇ ਨਜ਼ਰ ਚਾਈ ਤਾਂ ਬੂਹਾ ਲੰਘ ਕੇ ਵਿਹੜੇ ਵਿਚ ਇਕ ਮਹਾਨ ਤੇਜਮਯ ਸੂਰਤ ਖੜੀ ਦਿਸੀ। ਜਿਸ ਵਲ ਤੱਕਦਿਆਂ ਸਾਰ ਨਜ਼ਰ ਖਿਸਿ ਆਈ ਤੇ ਨੈਣ ਹੇਠਾਂ ਨੂੰ ਢਹਿ ਪਏ। ਇਹ ਭੀ ਪਹਿਲਾ ਦਿਨ ਸੀ ਕਿ ਇਸ ਤ੍ਰਾਟਕ ਸਿੱਧ ਇਸਤ੍ਰੀ ਦੇ ਨੈਣਾਂ ਨੇ ਕਿਸੇ ਵੱਲ ਤੱਕਣੋਂ ਅਸਮਰੱਥ ਹੋ ਕੇ ਨੀਵੀਂ ਨਜ਼ਰ ਕੀਤੀ। ਹੁਣ ਇਸ ਨੇ ਚਾਹਿਆ ਕਿ ਮੈਂ ਅੰਦਰ ਚਲੀ ਜਾਵਾਂ ਤੇ ਮੇਰੇ ਬਾਲਕੇ ਬਾਲਕੀਆਂ ਇਸ ਨਾਲ ਨਿਪਟ ਲੈਣ, ਪਰ ਕਦਮ ਪੱਟਣ ਲੱਗਿਆਂ ਪੈਰਾਂ ਨੇ ਹਾਰ ਦਿਤੀ। ਫਿਰ ਅੰਦਰੋਂ ਬਲ ਧਾਰ ਕੇ ਨਜ਼ਰ ਉੱਚੀ ਕੀਤੀ, ਪਰ ਫੇਰ ਛੱਪਰ ਢੈ ਪਏ। ਫਿਰ ਮਨ ਉੱਚਾ ਤੇ ਕੱਠਾ ਕਰਕੇ ਪਿੱਛੇ ਹਟੀ, ਪਰ ਇਕ ਹੀ ਕਦਮ ਲੱਖਾਂ ਕੋਹਾਂ ਦਾ ਹੋ ਗਿਆ ਤੇ ਪੈਰ ਠਿਠੰਬਰ ਗਏ। ਇਸ ਵੇਲੇ ਇਸ ਨੇ ਬੜੀ ਹਿੰਮਤ ਬੰਨ੍ਹ ਕੇ ਇਕ ਬਾਲਕੀ ਨੂੰ ਸੈਨਤ ਕੀਤੀ। ਉਹ ਦੌੜ ਕੇ ਅੰਦਰ ਗਈ ਤੇ ਇਕ ਚਾਂਦੀ ਦਾ ਥਾਲ ਲੈ ਆਈ, ਜਿਸ ਵਿਚ ਭੋਜਨ ਲੱਗਾ ਸੀ। ਉਹ ਲਿਆ ਕੇ ਅੱਗੇ ਵਧੀ ਥੈ ਥਾਲ ਅੱਗੇ ਕੀਤਾ। ਦੂਸਰੀ ਨੇ ਮਲਕੜੇ ਜਿਹੇ ਬਾਹਰ ਦਾ ਬੂਹਾ ਜੋ ਭੁੱਲ ਨਾਲ ਖੁੱਲਾ ਰਹਿ ਗਿਆ ਸੀ ਬੰਦ ਕਰ ਲਿਆ। ਭੋਜਨ ਦੇਖ ਕੇ ਸ੍ਰੀ ਗੁਰੂ ਜੀ ਨੇ ਹੱਥ ਨਾਲ ਪਰੇ ਕਰਨ ਦੀ ਸੈਨਤ ਕਰਕੇ ਕਿਹਾ ਅਜੇ ਸਮਾਂ ਨਹੀਂ ਆਇਆ। ਆਪ ਹੁਣ ਅਚੱਲ ਚਿਟਾਨ ਦੀ ਤਰ੍ਹਾਂ ਖੜ੍ਹੇ ਸਨ ਤੇ ਨੈਣਾਂ ਵਿਚ ਇਕ ਅਨੂਠੀ ਦਮਕ ਸੀ, ਮੱਥੇ ਉਤੇ ਇਕ ਤੇਜ ਤੇ ਲਾਲੀ ਦੀ ਭਾ ਸੀ, ਬੁੱਲ੍ਹ ਮਿਟ ਰਹੇ ਸਨ ਤੇ ਚਿਹਰਾ ਦੂਹਰੇ ਰੰਗ ਵਿਚ ਦਮਕ ਰਿਹਾ ਸੀ। ਦੋ ਅੱਖਾਂ ਦੋ ਕੰਮ ਕਰ ਰਹੀਆਂ ਸਨ, ਇਕ

ਮ੍ਰਿਦੁਲ ਮਰਦਾਨੇ ਵਲ ਪੈ ਰਹੀ ਸੀ, ਇਕ ਦਬਾ ਭਰੀ ਨੂਰ ਸ਼ਾਹ ਵੱਲ ਪੈ ਰਹੀ ਸੀ, ਅੱਧਾ ਚਿਹਰਾ ਜਮਾਲ ਨਾਲ ਚਮਕ ਰਿਹਾ ਸੀ, ਅੱਧਾ ਜਲਾਲ ਨਾਲ ਦਮਕ ਰਿਹਾ ਸੀ।

ਇਸ ਘਰ ਵਿਚ ਫੁਰਤੀ ਦਾ ਕਮਾਲ ਸੀ; ਰੋਟੀ ਦੇ ਥਾਲ ਨੂੰ ਨਾਂਹ ਹੋਇਆਂ ਪਲਾਂ ਹੀ ਹੋਈਆਂ ਹੋਣਗੀਆਂ ਕਿ ਇਕ ਹੋਰ ਥਾਲ ਆਇਆ, ਜਿਸ ਦੇ ਵਿਚਕਾਰ ਸੋਨੇ ਦੀ ਰਕੇਬੀ ਸੀ, ਇਸ ਵਿਚ ਸੁੱਚੇ ਮੋਤੀ ਭਰੇ ਸਨ ਤੇ ਗਿਰਦੇ ਥਾਲ ਵਿਚ ਮੋਹਰਾਂ ਬੀੜੀਆਂ ਸਨ। ਇਹ ਤੱਕ ਕੇ ਗੁਰੂ ਜੀ ਨੇ ਹੱਥ ਨਾਲ ਪਰੇ ਕੀਤਾ, ਕਿ ਲੋੜ ਨਹੀਂ। ਅਜੇ ਇਹ ਇਨਕਾਰ ਹੋ ਹੀ ਚੁੱਕਾ ਸੀ ਕਿ ਦਸ ਬਾਰਾਂ ਕਾਕੀਆਂ ਕੁਛ ਬਾਲਕੇ ਅੱਠ-ਅੱਠ ਬਰਸ ਦੇ ਬੱਚੇ, ਸਵੱਛ ਬਸਤ੍ਰ ਪਹਿਨੇ ਆ ਕੇ ਚਰਨਾਂ ਤੇ ਢਹਿ ਪਏ ਤੇ ਇਕ ਗੀਤ ਗਾਵੇਂ -

*ਜੈ ਜੈ ਜੈ ਹੋ ਸੰਤ ਬੇਖ ਧਰ ਆਏ॥*
*ਧੰਨ ਧੰਨ ਗ੍ਰਿਹ ਪਾਵਨ ਕਰਨੇ ਆਏ॥*

ਬੜੀ ਮਿੱਠੀ ਮਧੁਰ ਧੁਨੀ, ਪਿਆਰਾ ਕੋਮਲ ਗਲਾ, ਉਹ ਖਿੱਚਾਂ ਮਾਰਨ ਵਾਲੀ ਧੁਨਿ ਕਿ ਕਾਲਜਾ ਮੁੱਠ ਵਿਚ ਆ ਜਾਏ, ਪਰ ਅਹਿੱਲ ਸਤਿਗੁਰੂ ਜੀ ਉਸੀ ਰੰਗ ਵਿਚ, ਉਸੇ ਰੁਖ ਵਿਚ, ਉਸੇ ਆਸਨ ਖੜ੍ਹੇ ਰਹੇ। ਹੁਣ ਇਕ ਹੱਥ ਉੱਚਾ ਹੋ ਗਿਆ, ਜਿਸ ਵਿਚ ਸੰਗ ਯਸ਼ਬ ਦੇ ਮਣਕਿਆਂ ਦੀ ਮਾਲਾ ਸੀ ਤੇ ਇਕ ਮਣਕੇ ਪਰ ਉਂਗਲ ਟਿਕ ਗਈ। ਦੂਸਰਾ ਹੱਥ ਅਸਮਾਨਾਂ ਦੀ ਸੈਨਤ ਵੱਲ ਉਠ ਰਿਹਾ ਸੀ ਜੋ ਮਰਦਾਨੇ ਰੁਖ ਜਾਪਦਾ ਸੀ, ਯਾ ਜਗਤ ਜਲੰਦੇ ਨੂੰ ਅਸੀਸ ਦੇਣਹਾਰਾ ਸੀ।

ਨੂਰਸ਼ਾਹ ਖੜ੍ਹੀ ਤੱਕਦੀ ਸੀ, ਪਰ ਨੈਣ ਖਿਸਿਆਉਂਦੇ ਸਨ। ਹਿਲਦੀ ਸੀ ਪਰ ਐਸਾ ਦਬਾ ਪਿਆ ਸੀ ਕਿ ਹਿੱਲ ਸਕਦੀ ਨਹੀਂ ਸੀ, ਸੈਨਤਾਂ ਨਾਲ ਸਿੱਖੇ ਹੋਏ ਬਾਲਕੇ ਵੱਧ ਤੋਂ ਵੱਧ ਜੁਗਤਾਂ ਵਰਤ ਰਹੇ ਸੇ। ਇਸ ਰੰਗ ਵਿਚ ਘੜੀ ਇਕ ਲੰਘ ਚੁਕੀ ਸੀ। ਬੇਮਲੂਮੇਂ ਇਸ ਵੇਲੇ ਵਿਚ ਅਚਰਜ ਰੰਗਾਂ ਦੇ ਦੋ ਚਾਰ ਫਕੀਰ ਤੇ ਫਕੀਰਨੀਆਂ ਬੰਨਿਆਂ ਤੇ ਛੱਜਿਆਂ ਉਪਰ ਖੜ੍ਹੇ ਹੋ ਗਏ। ਸਭ ਨੇ ਨਜ਼ਰਾਂ ਬੰਨ੍ਹ ਕੇ ਸਤਿਗੁਰਾਂ ਤੇ ਟਿਕਾ ਦਿਤੀਆਂ ਪਰ ਸਭ ਦੇ ਛੱਪਰ ਢੈ-ਢੈ ਪੈ ਰਹੇ ਸਨ। ਸਤਿਗੁਰਾਂ ਤੋਂ ਆਵਾਜ਼ ਆਈ -

''ਧੰਨ ਨਿਰੰਕਾਰ''

ਤਾਂ ਮਰਦਾਨੇ ਨੇ ਕੰਨ ਫੜ ਕੇ, ਇਧਰ ਉਧਰ ਤੱਕਿਆ, ਕੁਛ ਬੇਚੈਨੀ ਆਈ ਕਿ ਦੂਸਰੀ ਪਲ ਵਿਚ ਜਿੰਨੇ ਖੜ੍ਹੇ ਤ੍ਰਾਟਕਾਂ ਬੰਨ੍ਹ ਰਹੇ ਸਨ, ਕੋਈ ਤਾਂ ਲੰਮੇ ਪੈ ਗਏ, ਕਈ ਗੋਡਿਆਂ ਵਿਚ ਸਿਰ ਪਾ ਕੇ ਬਹਿ ਗਏ, ਕੋਈ ਚੱਕਰ ਖਾ ਕੇ ਕੰਧ ਨਾਲ ਸਿਰ ਜੋੜ ਬੈਠਾ ਤੇ ਨੂਰ ਸ਼ਾਹ ਧੜੰਮ ਕਰਕੇ ਢਹਿ ਪਈ, ਅਰ ਮੱਛੀ ਵਾਂਗ ਬਿਆਕੁਲ ਹੋ ਤੜਫੀ। ਹੁਣ ਸਤਿਗੁਰੂ ਅੱਗੇ ਵਧੇ ਤੇ ਬੋਲੇ -

*ਰਬ ਦਾ ਬੰਦਾ ਮੋੜ ਦੇਹ ਫਕੀਰਾਂ ਨਾਲ ਮਸ਼ਕਰੀ ਭਲੀ ਨਹੀਂ।*

ਨੂਰਸ਼ਾਹ ਨੇ ਘੂਰ ਕੇ ਮਰਦਾਨੇ ਵਲ ਤੱਕਿਆ ਤੇ ਨੈਣ ਬੰਨ੍ਹ ਕੇ ਕਿਹਾ - ਜਾਹ ਬਈ ਤੇਰੇ ਪਹੁ ਪੰਧ ਮੋਕਲੇ। ਮਰਦਾਨੇ ਦੇ ਨੈਣ ਖੁਲ੍ਹ ਗਏ, ਦਿਨ ਦੁਪਹਿਰਾਂ ਡਿੱਠੀਆਂ। ਬੇ-ਵਸਾ ਉੱਠ ਕੇ ਤੁਰ ਪਿਆ। ਕੀ ਦੇਖਦਾ ਹੈ ਕਿ ਗੁਰੂ ਨਾਨਕ ਜੀ ਉਸ ਦਲਾਨ ਵਿਚੋਂ ਬਾਹਰ ਨੂੰ ਜਾ ਰਹੇ ਹਨ। ਪਿਆਰੀ ਠੰਢ ਪਾਉਣ ਵਾਲੀ ਕੰਡ ਵੇਖ ਕੇ ਠਰ ਗਿਆ ਤੇ ਮਗਰ-ਮਗਰ ਟੁਰ ਪਿਆ। ਬੰਦੀ ਛੋੜ ਦੀਨਾਂ ਬੰਧੂ ਉਦਿਆਨ ਨੂੰ ਟੁਰ ਗਏ ਤੇ ਮਰਦਾਨਾ ਵੀ ਮਗਰ-ਮਗਰ ਟੁਰੀ ਗਿਆ। ਉਸ ਨੂੰ ਅਜੇ ਤਾਈਂ ਉਹ ਮਾਲਕੌਂਸ ਤੇ ਟੋਡੀ ਦੇ ਆਲਾਪ ਦਾ ਸੁਆਦ ਆ ਰਿਹਾ ਸੀ ਤੇ ਉਹ ਗਾਉਣ ਵਾਲੀ ਸੂਰਤ ਤੇ ਕੰਡ ਪਿੱਛੋਂ ਚਾਨਣਾ ਤੇ ਅੱਗੋਂ ਉਹ ਸੂਰਤ ਜਿਸ ਪਰ ਚਾਨਣਾ ਪੈ ਰਿਹਾ ਸੀ ਹਨ੍ਹੇਰੇ ਦੇ ਛੱਲਿਆਂ ਵਾਂਗ ਝਲਕੇ ਮਾਰਦੀ ਸੀ, ਹੋਰ ਉਸ ਨੂੰ ਯਾਦ ਨਹੀਂ ਸੀ। ਇੰਨੇ ਨੂੰ ਆਪਣਾ ਟਿਕਾਣਾ ਆ ਗਿਆ ਤਾਂ ਸਤਿਗੁਰੂ ਜੀ ਬਹਿ ਗਏ।

*'ਚਲਦਾ..........।*

---

*(ਪੰਨਾ 44 ਦੀ ਬਾਕੀ)*

*ਸਤਿਗੁਰ ਜੇਵਡੁ ਦਾਤਾ ਕੋ ਨਹੀ*
*ਸਭਿ ਸੁਣਿਅਹੁ ਲੋਕ ਸਬਾਇਆ ॥ ਅੰਗ- ੪੬੫*

ਇਤਨਾ ਸੁਣਦੇ ਸਾਰ ਭਾਈ ਭਾਗੀਰਥ ਦਾ ਭਰਮ ਜਾਲ ਟੁੱਟ ਗਿਆ। ਮਨ ਨੂੰ ਤਸੱਲੀ ਹੋਈ ਕਿ ਮੈਂ ਤਾਂ ਕੁਮਾਰਗ 'ਤੇ ਸੀ। ਆਤਮ ਮਾਰਗ ਹੋਰ ਹੈ। ਮੇਰੀ ਕਲਿਆਣ ਗੁਰੂ ਜੀ ਦੇ ਚਰਨਾਂ ਵਿਚ ਹੈ ਹੋਰ ਕਿਤੇ ਨਹੀਂ। ਮੇਰਾ ਤਾਂ ਹੁਣ ਤੱਕ ਦਾ ਸਮਾਂ ਵਿਅਰਥ ਤੇ ਨਿਹਫਲ ਗਿਆ। ਹੁਣ ਮੈਂ ਗੁਰੂ ਜੀ ਦੀ ਸ਼ਰਨ ਲੈਣੀ ਹੈ, ਪੂਰੀ ਤਰ੍ਹਾਂ ਤਨ ਮਨ ਧਨ ਸਉਂਪ ਦੇਣਾ ਹੈ, ਇਸੇ ਵਿਚ ਮੇਰੀ ਕਲਿਆਣ ਛੁਪੀ ਹੈ। ਹੁਣ ਭਾਈ ਭਾਗੀਰਥ ਦੇ ਜੀਵਨ ਵਿਚ ਨਵੀਂ ਕਿਰਨ ਉਪਜੀ। ਜ਼ਿੰਦਗੀ ਵਿਚ ਨਵਾਂ ਮੋੜ ਆਇਆ। ਕੁਝ ਆਸ ਬੱਝੀ ਕਿ ਹੁਣ ਮੇਰੀ ਕਲਿਆਣ ਹੋ ਜਾਵੇਗੀ।

ਭਾਈ ਭਾਗੀਰਥ ਦੀ ਨੂਰਾਨੀ ਮਿਲਣੀ ਕਿਸ ਪਾਏ ਦੀ ਸੀ। ਇਸ ਨੂਰਾਨੀ ਮਿਲਣੀ ਤੋਂ ਸਾਨੂੰ ਕੀ ਸੇਧ ਮਿਲਦੀ ਹੈ, ਕਿਵੇਂ ਭਾਈ ਭਾਗੀਰਥ ਤੇ ਸਤਿਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਹੁੰਦੀ ਹੈ। ਗੁਰੂ ਕ੍ਰਿਪਾ ਸਦਕਾ ਅਗਲੇ ਅੰਕ ਵਿਚ ਵਿਚਾਰਿਆ ਜਾਵੇਗਾ।

# ਹੋਲਾ ਮਹੱਲਾ (ਅਨੰਦਪੁਰ ਸਾਹਿਬ)
# (10 ਮਾਰਚ 2020)

*ਡਾ. ਜਗਜੀਤ ਸਿੰਘ*
*ਮੁੱਖ ਸੰਪਾਦਕ*

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਮਤ 1757 ਚੇਤ ਬਦੀ (ਸੰਨ 1700ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਕਿਲਾ ਹੋਲਗੜ੍ਹ ਵਿਖੇ ਇਕ ਮਹਾਨ ਦੀਵਾਨ ਸਜਾਇਆ ਜਿਸ ਵਿਚ ਉਨ੍ਹਾਂ ਦੇ ਆਦੇਸ਼ਾਂ ਅਨੁਸਾਰ ਦੂਰ ਨੇੜੇ ਦੀਆਂ ਸੰਗਤਾਂ ਸ਼ਸਤਰ ਬਸਤਰ ਸਜਾ ਕੇ, ਘੋੜੇ ਹਾਥੀਆਂ ਉਪਰ ਸਸ਼ੋਭਿਤ ਸੂਰਬੀਰ ਖਾਲਸਾ, ਨਿਹੰਗ ਫੌਜਾਂ, ਗਤਕਾ ਖੇਡਣ ਵਾਲੇ ਨੌਜਵਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਦੀਵਾਨ ਨੂੰ ਸੰਬੋਧਨ ਕਰਦਿਆਂ ਗੁਰੂ ਮਹਾਰਾਜ ਨੇ ਰੰਗਾਂ ਦੇ ਤਿਉਹਾਰ 'ਹੋਲੀ' ਨੂੰ 'ਹੋਲਾ ਮਹੱਲਾ' ਵਿਚ ਤਬਦੀਲ ਕਰਨ ਦਾ ਐਲਾਨ ਕੀਤਾ ਅਤੇ ਫੁਰਮਾਇਆ ਕਿ ਸੰਤ-ਸਿਪਾਹੀ ਖਾਲਸਾ 'ਹੋਲਾ ਮਹੱਲਾ' ਵਾਲੇ ਦਿਨ ਯੁੱਧ-ਵਿਦਿਆ ਦੇ ਕਰਤੱਵ, ਕ੍ਰਿਪਾਨ ਦੇ ਜੌਹਰ, ਗਤਕੇ ਦੇ ਪੈਂਤੜੇ, ਚੱਕਰਾਂ ਦੀ ਕਲਾ, ਘੋੜ ਸਵਾਰੀ, ਨੇਜ਼ਾਬਾਜ਼ੀ ਆਦਿ ਦੀ ਕਲਾ ਦਾ ਪ੍ਰਦਰਸ਼ਨ ਕਰੇਗਾ। ਗੱਲ ਕੀ ਹੋਲੀ ਦਾ ਇਹ ਤਿਉਹਾਰ, ਹੋਲਾ-ਮਹੱਲਾ ਦੇ ਰੂਪ ਵਿਚ ਖਾਲਸੇ ਦੀ ਬੀਰ-ਰਸੀ ਪ੍ਰਦਰਸ਼ਨੀ ਅਤੇ ਰੰਗਾਂ-ਗੁਲਾਲਾਂ ਦੇ ਅਨੰਦਾਂ ਤਿਉਹਾਰ ਵਿਚ ਬਦਲ ਗਿਆ।

ਪਿਛੋਕੜ : ਹੋਲੀ ਦਾ ਸੰਬੰਧ ਹਰਨਾਖਸ ਨਾਲ ਜੋੜਿਆ ਜਾਂਦਾ ਹੈ ਜੋ ਹਉਮੈ, ਅਹੰਕਾਰ ਵਿਚ ਸਾਰੀ ਪ੍ਰਜਾ ਤੋਂ ਰੱਬ ਦੀ ਥਾਂ ਆਪਣੀ ਪੂਜਾ ਕਰਾਉਣ ਲਈ ਬਜ਼ਿਦ ਸੀ ਪਰ ਉਸ ਦਾ ਪੁੱਤਰ ਪ੍ਰਹਿਲਾਦ ਇਸ ਤੋਂ ਆਕੀ ਹੋ ਗਿਆ। ਉਹ ਪਿਤਾ ਦੀ ਨਹੀਂ; ਪ੍ਰਮਾਤਮਾ ਦੀ ਪੂਜਾ ਵਿਚ ਜੁੜਿਆ ਰਹਿੰਦਾ। 'ਜਲੇ ਹਰਨਾਖਸ਼, ਥਲੇ ਹਰਨਾਖਸ਼, ਹੈ ਭੀ ਹਰਨਾਖਸ਼, ਹੋਸੀ ਭੀ ਹਰਨਾਕਸ਼' ਕਹਿਣ ਦੀ ਥਾਂ 'ਜਲੇ ਹਰੀ, ਥਲੇ ਹਰੀ' ਉਚਾਰਣ ਕਰਦਾ। ਹਰਨਾਖਸ਼ ਇਸ ਵਿਦ੍ਰੋਹੀ ਬਾਲਕ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਉਸ ਦੀ ਭੈਣ ਹੋਲਿਕਾ (ਹੋਲੀ, ਢੂੰਡਾ) ਨੂੰ ਵਰ ਪ੍ਰਾਪਤ ਸੀ ਕਿ ਉਸ ਨੂੰ ਅੱਗ ਸਾੜ ਨਹੀਂ ਸਕੇਗੀ। ਉਸ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ ਵਿਚ ਦੇ ਕੇ ਮਚਦੀ ਅੱਗ ਵਿਚ ਬਿਠਾ ਦਿਤਾ ਜਿਸ ਵਿਚ ਹੋਲਿਕਾ ਤਾਂ ਸੜ ਗਈ, ਪਰ ਪ੍ਰਹਿਲਾਦ ਦਾ ਕੁਝ ਨਾ ਵਿਗੜਿਆ। ਇਸ ਦਾ ਹਵਾਲਾ ਗੁਰਬਾਣੀ ਵਿਚ ਵੀ ਪ੍ਰਾਪਤ ਹੈ -

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥*
*ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥*
*ਅੰਗ - ੪੮੧*

ਇਸ ਪ੍ਰਕਰਣ ਵਿਚ ਹੀ ਅੱਗ ਬਾਲਣ ਦਾ ਰਿਵਾਜ ਚੱਲਿਆ ਅਤੇ ਖੁਸ਼ੀ ਦੇ ਪ੍ਰਤੀਕ ਵਜੋਂ ਇਕ ਦੂਜੇ 'ਤੇ ਰੰਗ ਪਾਏ ਗਏ। ਹੌਲੀ-ਹੌਲੀ ਇਸ ਤਿਉਹਾਰ ਵਿਚ ਵਿਗਾੜ ਆਉਣਾ ਸ਼ੁਰੂ ਹੋਇਆ ਅਤੇ ਇਸ ਦੇ ਤੌਰ ਤਰੀਕੇ ਬਦਲ ਗਏ। ਰੰਗਾਂ ਦੀ ਥਾਂ ਹਰ ਤਰ੍ਹਾਂ ਦਾ ਕੂੜਾ ਕਰਕਟ, ਗੰਦ ਮੰਦ ਇਕ ਦੂਜੇ ਉਤੇ ਸੁੱਟਣ ਦੀ ਪ੍ਰਥਾ ਚੱਲ ਪਈ ਅਤੇ ਇਸਨੂੰ ਸ਼ੂਦਰਾਂ ਦਾ ਤਿਉਹਾਰ ਗਰਦਾਨਿਆ ਗਿਆ। ਤਿੰਨ ਚਾਰ ਦਹਾਕੇ ਪਹਿਲਾਂ ਤੱਕ ਹੋਲੀਆਂ ਦੇ ਦਿਨਾਂ ਵਿਚ ਕਿਸੇ ਦਾ ਘਰੋਂ ਬਾਹਰ ਨਿਕਲਣ ਦਾ ਭਾਵ ਮੁਸੀਬਤ ਮੁੱਲ ਲੈਣਾ ਹੁੰਦਾ ਸੀ। ਰੇਲ ਗੱਡੀਆਂ, ਬੱਸਾਂ, ਟਰੱਕਾਂ ਅਤੇ ਹੋਰ ਆਵਾਜਾਈ ਦੇ ਸਾਧਨਾਂ ਨੂੰ ਚਿੱਕੜ, ਗੰਦਗੀ ਤੇ ਰੰਗਾਂ ਨਾਲ ਲਬੇੜ ਦਿਤਾ ਜਾਂਦਾ। ਲੋਕੀ ਸ਼ਰਾਬਾਂ ਪੀ ਕੇ ਗਲੀਆਂ ਬਜ਼ਾਰਾਂ ਵਿਚ ਹੁਲੜ ਬਾਜ਼ੀ ਕਰਦੇ ਪਰ ਸਮਾਂ ਬੀਤਣ ਨਾਲ ਕੁਝ ਸੋਝੀ ਆਈ ਹੈ, ਕੁਝ ਸੁਧਾਰ ਹੋਇਆ ਹੈ।

ਹੋਲੀ ਇਕ ਮੌਸਮੀ ਤਿਉਹਾਰ ਵੀ ਹੈ। ਚੇਤ ਦਾ ਮਹੀਨਾ ਬਸੰਤ-ਬਹਾਰ ਦਾ ਸੁਹਾਵਣਾ ਖੁਸ਼ੀਆਂ ਭਰਿਆ ਮਹੀਨਾ ਮੰਨਿਆ ਜਾਂਦਾ ਹੈ। ਚੇਤ ਤੋਂ ਪਹਿਲਾਂ ਪੋਹ ਮਾਘ ਦੇ ਮਹੀਨਿਆਂ ਵਿਚ ਪਾਲੇ ਤੇ ਤੁਖਾਰ ਕਾਰਨ ਵੀਰਾਨਗੀ ਅਤੇ ਪਤਝੜ ਕਾਰਨ ਉਦਾਸੀ ਛਾਈ ਰਹਿੰਦੀ ਹੈ। ਬਸੰਤ ਵਿਚ ਕੁਦਰਤ ਮੌਲਦੀ ਹੈ, ਕਰੂੰਬਲਾਂ ਫੁੱਟਦੀਆਂ ਹਨ, ਹਰ ਪਾਸੇ ਹਰਿਆਵਲ ਦ੍ਰਿਸ਼ਟਮਾਨ ਹੁੰਦੀ ਹੈ। ਇਸ ਤਰ੍ਹਾਂ ਹੋਲੀ ਨੂੰ ਬਹਾਰ ਦੇ ਮੌਸਮ ਵਜੋਂ ਵੀ ਮਨਾਇਆ ਜਾਂਦਾ ਹੈ। ਗੁਰੂ ਮਹਾਰਾਜ ਨੇ ਇਸ ਸੁਹਾਵਣੀ ਰੁੱਤ ਨੂੰ ਪ੍ਰਭੂ-ਪਿਆਰ ਅਤੇ ਭਗਤੀ ਲਈ ਬੜਾ ਉੱਤਮ ਤੇ ਯੋਗ ਸਮਾਂ ਮੰਨਿਆ ਹੈ। ਗੁਰਬਾਣੀ ਵਿਚ ਬਾਹਰਲੇ ਕੱਚੇ ਤੇ ਫਿੱਕੇ ਰੰਗਾਂ ਦੀ ਹੋਲੀ ਖੇਡਣ ਦੀ ਥਾਂ ਪ੍ਰਭੂ ਦੇ ਪੱਕੇ ਮਜੀਠ ਰੰਗ ਵਿਚ ਰੰਗੇ ਜਾਣ ਦੀ ਪ੍ਰੇਰਨਾ ਕੀਤੀ ਹੈ -

*ਰਾਮ ਰੰਗੁ ਕਦੇ ਉਤਰਿ ਨ ਜਾਇ ॥*
*ਗੁਰੁ ਪੂਰਾ ਜਿਸੁ ਦੇਇ ਬੁਝਾਇ ॥* *ਅੰਗ - ੧੯੪*

*ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥*
*ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥*
*ਅੰਗ - ੭੨੨*

ਨਾਮ-ਰੰਗ ਪੱਕਾ ਮਜੀਠੀ ਰੰਗ ਹੈ ਜੋ ਕਦੇ ਨਹੀਂ ਉਤਰਦਾ। ਇਹ ਰੰਗ ਗੁਰੂ ਕ੍ਰਿਪਾ ਨਾਲ ਚੜ੍ਹਦਾ ਹੈ -

*ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥*
*ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥*
*ਅੰਗ - ੭੩੧*

ਇਸ 'ਹੋਲੀ' ਨੂੰ ਪ੍ਰਭੂ-ਪਿਆਰ ਵਿਚ, ਨਾਮ-ਰੰਗ ਵਿਚ ਰੰਗੀਜ ਕੇ ਨਾਮ-ਰਸੀਏ, ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਮਾਣ ਕੇ ਨਾਮ-ਜਪ-ਸਿਮਰਨ ਦੇ ਰੰਗ ਵਿਚ ਰੰਗੀਜ ਕੇ ਮਨਾਉਂਦੇ ਹਨ-

*ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥*
*ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥*
*ਅੰਗ - ੧੧੮੦*

ਦਰਅਸਲ 15ਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਸੰਚਾਲਿਤ ਸਿੱਖ ਧਰਮ ਇਕ ਇਨਕਲਾਬੀ ਲਹਿਰ ਸੀ ਜਿਸਨੇ ਭਾਰਤੀ ਸਮਾਜ ਦੇ ਨਕਾਰਾਤਮਕ ਧਾਰਮਿਕ ਅਤੇ ਸਮਾਜਿਕ ਵਿਸ਼ਵਾਸ਼ਾਂ ਅਤੇ ਰਹੁ-ਰੀਤਾਂ ਦਾ ਘੁੱਪ ਹਨ੍ਹੇਰਾ ਗਿਆਨ ਦੀ ਰੌਸ਼ਨੀ ਨਾਲ ਦੂਰ ਕਰਨ ਦਾ ਯਤਨ ਕੀਤਾ। ਅਨੇਕਾਂ ਦੇਵੀ ਦੇਵਤਿਆਂ ਦੀ ਪੂਜਾ ਤੇ ਆਪਸੀ ਵੈਰ-ਵਿਰੋਧ; ਸ਼੍ਰੇਣੀ ਵੰਡ ਕਥਿਤ ਛੋਟੀਆਂ ਜਾਤਾਂ ਅਤੇ ਕਿਰਤੀਆਂ-ਮੋਚੀ, ਨਾਈ, ਛੀਂਬੇ, ਧੋਬੀ, ਲੋਹਾਰ, ਤਰਖਾਣ, ਮਿਸਤਰੀਆਂ ਆਦਿ ਪ੍ਰਤੀ ਨਫਰਤ ਅਤੇ ਛੂਤ-ਛਾਤ; ਪੰਡਿਤ ਪ੍ਰੋਹਿਤ ਸ਼੍ਰੇਣੀ ਦੀ ਹਉਮੈ-ਅਹੰਕਾਰ ਅਤੇ ਉਪਰੋਂ ਕਈ ਸਦੀਆਂ ਦੀ ਰਾਜਨੀਤਕ ਗੁਲਾਮੀ ਨੇ ਲੋਕਾਂ ਵਿਚ ਸ੍ਵੈਮਾਨ ਅਤੇ ਅਣਖ ਵਾਲਾ ਜੀਵਨ ਜੀਉਣ ਦਾ ਉਤਸ਼ਾਹ ਤੇ ਭਾਵਨਾ ਖਤਮ ਕਰ ਦਿਤੀ ਸੀ। ਗੁਰੂ ਨਾਨਕ ਦੇਵ ਜੀ ਅਤੇ ਦਸ ਗੁਰੂ ਸਾਹਿਬਾਨ ਨੇ ਇਸ ਬੋਦੇ ਬਿਖਰੇ ਸਮਾਜ ਨੂੰ ਨਵੀਆਂ ਸੱਚੀਆਂ-ਸੁਚੀਆਂ ਕਦਰਾਂ ਕੀਮਤਾਂ ਪ੍ਰਦਾਨ ਕੀਤੀਆਂ, ਸਭਨਾਂ ਨੂੰ ਇਕ ਪ੍ਰਮਾਤਮਾ ਦੀ ਭਗਤੀ ਵਿਚ ਜੋੜਿਆ, ਇਕ ਪੰਗਤ ਵਿਚ ਬਿਠਾ ਕੇ ਸਾਂਝੇ ਲੰਗਰ ਦੀ ਪ੍ਰਥਾ ਚਲਾਈ, ਇਕ ਸੰਗਤ ਵਿਚ ਜੋੜ ਕੇ ਇਕ ਪ੍ਰਭੂ ਦੀ ਅਰਾਧਨਾ ਕਰਨ ਦੀ ਰੀਤ ਚਲਾਈ। ਇਸਤ੍ਰੀ ਨੂੰ ਗੁਰੂ, ਭਗਤ, ਸੂਰਬੀਰ ਦੀ ਜਨਨੀ ਕਹਿ ਕੇ ਸਤਿਕਾਰਿਆ। ਨਵੇਂ ਨਰੋਏ ਸਮਾਜ ਦੀ ਸਿਰਜਨਾ ਕੀਤੀ ਜਿਸ ਦੀ ਰਖਿਆ ਹਿਤ ਗੁਰੂਆਂ ਨੇ, ਸਾਹਿਬਜ਼ਾਦਿਆਂ ਅਤੇ ਗੁਰਸਿਖਾਂ ਨੇ ਸੀਸ ਬਲੀਦਾਨ ਕੀਤੇ। 1699 ਦੀ ਵਿਸਾਖੀ ਇਸ ਲਹਿਰ ਦਾ ਸਿਖਰ ਸੀ ਜਦੋਂ 'ਖਾਲਸੇ ਦੀ ਸਾਜਨਾ' ਹੋਈ। ਖਾਲਸੇ ਨੂੰ ਨਵਾਂ ਰੂਪ, ਨਵਾਂ ਲਿਬਾਸ, ਨਵੀਂ ਅਨੋਖੀ ਦਿਖ, ਸੰਤ-ਸਿਪਾਹੀ ਦਾ ਕਿਰਦਾਰ, ਸ੍ਵੈ-ਰਖਿਆ ਤੇ ਮਜ਼ਲੂਮ ਦੀ ਰਖਿਆ ਦਾ ਮਾਣ ਬਖਸ਼ਿਸ਼ ਕੀਤਾ। ਖਾਲਸੇ ਵਿਚ ਆਜ਼ਾਦੀ ਅਤੇ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ ਉਨ੍ਹਾਂ ਦੀਆਂ ਰਹੁਰੀਤਾਂ ਅਤੇ ਬੋਲ-ਬੋਲਾਰੇ ਵੀ ਬਦਲ ਦਿਤੇ। ਖਾਲਸੇ ਨੂੰ 'ਵਾਹਿਗੁਰੂ ਜੀ ਕਾ ਖਾਲਸਾ' ਕਹਿ ਕੇ ਮਾਣ ਬਖਸ਼ਿਆ, 'ਵਾਹਿਗੁਰੂ ਜੀ ਕੀ ਫਤਹਿ' ਰਾਹੀਂ ਖਾਲਸੇ ਨੂੰ ਹਰ ਮੈਦਾਨ ਫਤਹਿ ਦੀ ਅਸੀਸ ਦਿਤੀ। ਉਨ੍ਹਾਂ ਦੇ ਦਿਨ, ਤਿਉਹਾਰ, ਰਹੁ-ਰੀਤਾਂ ਵਿਚ ਵੀ ਨਵੇਂ-ਦ੍ਰਿਸ਼ਟੀਕੋਣ ਤੋਂ ਤਬਦੀਲੀਆਂ ਕੀਤੀਆਂ। ਹੋਲੀ ਨੂੰ ਵੀ ਇਸੇ ਪ੍ਰਕਰਣ ਵਿਚ ਹੋਲਾ ਮਹੱਲਾ ਦਾ ਰੂਪ ਦਿਤਾ -

*ਔਰਨ ਕੀ ਹੋਲੀ ਮਮ ਹੋਲਾ।*
*ਕਯਯੋ ਕ੍ਰਿਪਾ ਨਿਧਿ ਬਚਨ ਅਮੋਲਾ॥ ਮਹਾਨ ਕੋਸ਼*

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹੋਲਾ ਮਹੱਲਾ ਦਾ ਭਾਵ ਹੈ - ਹਮਲਾ ਅਤੇ ਜਾਯ ਹਮਲਾ, ਹੱਲਾ ਅਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁੱਧ-ਵਿਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤੱਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੀ ਅਤੇ ਜੋ ਦਲ ਕਾਮਯਾਬ ਹੁੰਦਾ ਉਸਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ। ਖਾਲਸੇ ਵਿਚ ਸੁਤੰਤਰਤਾ ਸ੍ਵੈਮਾਨ ਅਤੇ ਬੀਰਤਾ ਦਾ ਅੰਸ਼ ਭਰਨ ਲਈ ਗੁਰੂ ਜੀ ਨੇ ਅਨੰਦਪੁਰ ਸਾਹਿਬ ਵਿਖੇ ਪੰਜ ਕਿਲ੍ਹੇ ਉਸਾਰੇ - ਅਨੰਦਗੜ੍ਹ, ਲੋਹਗੜ੍ਹ, ਫਤਿਹਗੜ੍ਹ, ਕੇਸਗੜ੍ਹ, ਹੋਲਗੜ੍ਹ। ਸ਼ਸਤਰਧਾਰੀ ਸੰਤ-ਸਿਪਾਹੀ ਖਾਲਸੇ ਦੀ ਸਾਜਨਾ ਅਤੇ ਗੁਰੂ ਮਹਾਰਾਜ ਜੀ ਦੇ ਹੋਰ ਸਾਰੇ ਕਾਰਜ ਇਹ ਸਿੱਧ ਕਰਦੇ ਹਨ ਕਿ ਸਦੀਆਂ ਤੋਂ ਵਿਦੇਸ਼ੀ ਹਕੂਮਤ ਦੀ ਗੁਲਾਮੀ ਸਹਾਰਦੇ ਨਿਰਬਲ ਹੋਏ ਭਾਰਤੀਆਂ ਵਿਚ ਗੁਰੂ ਮਹਾਰਾਜ ਅਣਖ ਅਤੇ ਸੂਰਬੀਰਤਾ ਦਾ ਜਜ਼ਬਾ ਭਰਨਾ ਚਾਹੁੰਦੇ ਸੀ, ਸੁਤੰਤਰਤਾ ਦੀ ਲਾਗ ਲਗਾਉਣੀ ਚਾਹੁੰਦੇ ਸੀ। ਮੁਗਲ ਰਾਜ ਵਿਚ ਜਨਤਾ ਨੂੰ ਗੁਲਾਮ ਅਤੇ ਹੀਣ-ਭਾਵ ਵਿਚ ਰੱਖਣ ਲਈ ਬੜੇ ਸਖਤ ਕਾਨੂੰਨ ਬਣਾਏ ਗਏ ਸੀ ਜਿਵੇਂ ਸ਼ਸਤਰ ਧਾਰਨ ਕਰਨ ਅਤੇ ਰੱਖਣ ਦੀ ਮਨਾਹੀ, ਦਸਤਾਰ ਅਤੇ ਕਲਗੀ ਸਜਾਉਣ ਦੀ ਮਨਾਹੀ, ਘੋੜ ਸਵਾਰੀ ਕਰਨ ਦੀ ਮਨਾਹੀ, ਝੰਡਾ, ਨਗਾਰਾ, ਫੌਜ ਰਖਣ ਦੀ ਮਨਾਹੀ ਇਤਿਆਦਿ।

ਅਰਥਾਤ ਚੰਗੇ ਤੇ ਸ਼ਾਹੀ ਸਾਰੇ ਕਾਰਜ ਹਕੂਮਤ ਕਰਨ ਵਾਲਿਆਂ ਲਈ ਸੁਰਖਿਅਤ ਸਨ। ਗੁਰੂ ਮਹਾਰਾਜ ਦੀ ਸਾਰੀ ਕਿਰਿਆ ਇਨ੍ਹਾਂ ਬੇਗੈਰਤੀ ਕਾਨੂੰਨਾਂ ਵਿਰੁੱਧ ਬਹੁਤ ਵੱਡਾ ਵਿਦਰੋਹ ਸੀ। ਇਸੇ ਲਈ ਸਮੂੰਹ ਖਾਲਸੇ ਨੂੰ ਸ਼ਸਤਰਧਾਰੀ ਹੋਣਾ, ਦਸਤਾਰ ਦੁਮਾਲੇ ਸਜਾਣੇ, ਘੋੜੇ ਹਾਥੀ ਰਖਣੇ, ਕਿਲੇ ਉਸਾਰਨੇ, ਨਿਸ਼ਾਨ ਸਾਹਿਬ ਝੁਲਾਣੇ, ਨਗਾਰੇ ਵਜਾਣੇ ਇਤਿਆਦਿ ਸ਼ਾਮਲ ਸੀ। ਗੁਰੂ ਜੀ ਨੇ ਖਾਲਸੇ ਨੂੰ ਚੜ੍ਹਦੀ ਕਲਾ ਦੇ ਬੋਲ-ਬੁਲਾਰੇ ਵੀ ਦਿਤੇ। ਕੁਝ ਬੋਲੇ ਧਿਆਨ ਯੋਗ ਹਨ - ਵਾਹਿਗੁਰੂ ਜੀ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਇਕ ਨੂੰ ਸਵਾ ਲੱਖ ਕਹਿਣਾ - (ਸਵਾ ਲਾਖ ਸੇ ਏਕ ਲੜਾਊ) ਮੌਤ ਨੂੰ ਚੜ੍ਹਾਈ ਕਰਨਾ ਕਿਹਾ, ਤੇਗ ਨੂੰ ਤੇਗਾਂ, ਪੱਗ ਨੂੰ ਦਸਤਾਰਾ, ਦਾੜ੍ਹੀ ਨੂੰ ਦਾੜ੍ਹਾ, ਇਸੇ ਤਰ੍ਹਾਂ ਹੋਲੀ ਨੂੰ 'ਹੋਲਾ ਮਹੱਲਾ' ਖਾਲਸੇ ਦੀ ਚੜ੍ਹਦੀ ਕਲਾ ਅਤੇ ਵਿਲੱਖਣਤਾ ਦਾ ਚਿੰਨ੍ਹ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ -

*(ਬਾਕੀ ਪੰਨਾ 55 'ਤੇ)*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-38)*

**ਸਿਰੀਰਾਗੁ ਮਹਲਾ ੩**
**ਤਿਨਾ ਅਨੰਦੁ ਸਦਾ ਸੁਖੁ ਹੈ**
**ਜਿਨਾ ਸਚੁ ਨਾਮੁ ਆਧਾਰੁ॥**

ਹੇ ਭਾਈ! ਤਿਨਾ=ਉਨ੍ਹਾਂ ਨੂੰ ਹੀ ਬ੍ਰਹਮ ਅਨੰਦ ਦਾ ਸਦਾ=ਸਦੀਵੀ ਸੁੱਖ ਪ੍ਰਾਪਤ ਹੋਇਆ ਹੈ, ਜਿਨ੍ਹਾਂ ਦੇ ਅੰਦਰ ਸਚੁ ਨਾਮੁ=ਪ੍ਰਭੂ ਦੇ ਸੱਚੇ ਨਾਮ ਦਾ ਆਧਾਰੁ=ਆਸਰਾ ਹੈ।

**ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ॥**

ਉਨ੍ਹਾਂ ਨੇ ਗੁਰ ਸਬਦੀ=ਸਤਿਗੁਰਾਂ ਦੇ ਸ਼ਬਦ ਦੀ ਕਮਾਈ ਕਰਕੇ ਸੁਚ ਪਾਇਆ=ਸੱਚੇ ਪ੍ਰਭੂ ਨੂੰ ਪਾਇਆ ਹੈ, ਜੋ ਪ੍ਰਭੂ ਸਾਰੇ ਦੁੱਖਾਂ ਵਾ: ਜਨਮ ਮਰਣ ਦੇ ਦੁੱਖ ਨੂੰ ਨਿਵਾਰਨੇ ਵਾਲਾ ਭਾਵ ਮੇਟਣ ਵਾਲਾ ਹੈ।

**ਸਦਾ ਸਦਾ, ਸਾਚੇ ਗੁਣ ਗਾਵਹਿ**
**ਸਾਚੈ ਨਾਇ ਪਿਆਰੁ॥**

ਜਿਹੜੇ ਸਦਾ=ਹਮੇਸ਼ਾ ਹੀ ਸਾਚੇ=ਸੱਚੇ ਅਕਾਲ ਪੁਰਖ ਦੇ ਗੁਣਾਂ ਨੂੰ ਗਾਵਹਿ=ਗਾਉਂਦੇ ਹਨ ਅਤੇ ਸਦਾ=ਹਮੇਸ਼ਾ ਸਾਚੈ=ਸੱਚੇ ਪ੍ਰਭੂ ਦੇ ਨਾਇ=ਨਾਮ ਨਾਲ ਪਿਆਰ ਕਰਦੇ ਹਨ।

**ਕਿਰਪਾ ਕਰਿ ਕੈ ਆਪਣੀ**
**ਦਿਤੋਨੁ ਭਗਤਿ ਭੰਡਾਰੁ॥੧॥**

ਉਨ੍ਹਾਂ ਉਤੇ ਵਾਹਿਗੁਰੂ ਆਪਣੀ ਕ੍ਰਿਪਾ ਦ੍ਰਿਸ਼ਟੀ ਕੈ=ਕਰਕੇ ਭਗਤਿ=ਭਗਤੀ ਦਾ ਭੰਡਾਰੁ=ਖਜ਼ਾਨਾ ਹੀ ਬਖਸ਼ਿਸ਼ ਕਰ ਦਿਤੋਨੁ=ਦਿੰਦਾ ਹੈ ਕਿ ਆਪ ਵੀ ਨਾਮ ਜਪੋ ਤੇ ਹੋਰਨਾਂ ਨੂੰ ਵੀ ਨਾਮ ਜਪਾਵੋ।

**ਮਨ ਰੇ ਸਦਾ ਅਨੰਦੁ ਗੁਣ ਗਾਇ॥**

ਹੇ ਮਨ! ਉਸ ਪ੍ਰਭੂ ਦੇ ਗੁਣ ਗਾਇ=ਗਾਉਣ ਨਾਲ ਹੀ ਸਦਾ ਵਾਸਤੇ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

**ਸਚੀ ਬਾਣੀ ਹਰਿ ਪਾਈਐ**
**ਹਰਿ ਸਿਉ ਰਹੈ ਸਮਾਇ॥੧॥ਰਹਾਉ॥**

ਸਤਿਗੁਰੂ ਦੀ ਸੱਚੀ ਨਾਮ ਰੂਪੀ ਵਾ: ਸਤ ਸਰੂਪ ਦੀ ਸਖਿਆਤਤਾ ਵਾਲੀ ਬਾਣੀ ਦੁਆਰਾ ਹੀ ਹਰਿ=ਪ੍ਰਭੂ ਨੂੰ ਪਾਈਦਾ ਹੈ ਅਤੇ ਹਰਿ=ਅਕਾਲ ਪੁਰਖ ਸਿਉ=ਨਾਲ ਮਨ ਸਮਾਇਆ ਰਹਿੰਦਾ ਹੈ ਵਾ: ਹਰਿ=ਅਕਾਲ ਪੁਰਖ ਨਾਲ ਸਮਾਇ=ਅਭੇਦ ਹੋ ਜਾਈਦਾ ਹੈ।

**ਸਚੀ ਭਗਤੀ ਮਨੁ ਲਾਲੁ ਥੀਆ**
**ਰਤਾ ਸਹਜਿ ਸੁਭਾਇ॥**

ਹੇ ਭਾਈ! ਜਿਨ੍ਹਾਂ ਨੇ ਪ੍ਰਭੂ ਦੀ ਸੱਚੀ ਭਗਤੀ ਕੀਤੀ ਹੈ, ਉਨ੍ਹਾਂ ਦਾ ਮਨ ਲਾਲੁ=ਬੇ-ਕੀਮਤੀ ਮਾਣਕ ਦੀ ਨਿਆਈਂ ਥੀਆ=ਹੋ ਗਿਆ ਹੈ ਅਥਵਾ ਪ੍ਰੇਮ ਦੇ ਸਹਿਤ ਹੋ ਗਿਆ ਹੈ ਅਤੇ ਉਨ੍ਹਾਂ ਦਾ ਮਨ ਸਹਜਿ ਸੁਭਾਇ=ਸੁਤੇ ਸਿੱਧ ਹੀ ਨਾਮ ਰੂਪੀ ਰੰਗ ਵਿਚ ਰਤਾ=ਰੰਗਿਆ ਗਿਆ ਹੈ।

**ਗੁਰ ਸਬਦੀ ਮਨੁ ਮੋਹਿਆ**
**ਕਹਣਾ ਕਛੂ ਨ ਜਾਇ॥**

ਜਿਨ੍ਹਾਂ ਗੁਰਮੁਖਾਂ ਨੇ ਗੁਰ ਸਬਦੀ=ਗੁਰਾਂ ਦੇ ਸ਼ਬਦ ਦੀ ਕਮਾਈ ਦੁਆਰਾ ਪ੍ਰਭੂ ਦੇ ਮਨ ਨੂੰ ਮੋਹ ਲਿਆ ਹੈ ਵਾ: ਜਿਨ੍ਹਾਂ ਗੁਰਮੁਖਾਂ ਦਾ ਮਨ ਗੁਰਾਂ ਦੇ ਸ਼ਬਦ ਨੇ ਮੋਹ ਲਿਆ ਹੈ, ਉਨ੍ਹਾਂ ਬਾਬਤ ਕੁਝ ਵੀ ਕਿਹਾ ਨਹੀਂ ਜਾਂਦਾ। ਉਨ੍ਹਾਂ ਦੀ ਮਹਿਮਾ ਅਕੱਥ ਹੈ। ਉਹ ਬ੍ਰਹਮ ਲੋਕ ਦੇ ਸੁੱਖ, ਸਵਰਗ ਦੇ ਸੁੱਖ, ਸੰਸਾਰ ਦੇ ਰਾਜ ਭਾਗ ਦੇ ਸੁੱਖਾਂ ਤੋਂ ਵੀ ਕਿਤੇ ਵੱਧ ਕੇ ਸੁਖੀ ਹਨ। ਬ੍ਰਹਮਾਨੰਦ ਸੁੱਖ ਦੀ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ।

**ਜਿਹਵਾ ਰਤੀ ਸਬਦਿ ਸਚੈ**
**ਅੰਮ੍ਰਿਤੁ ਪੀਵੈ ਰਸਿ ਗੁਣ ਗਾਇ॥**

ਸੱਚੇ ਸਤਿਗੁਰੂ ਦੇ ਸ਼ਬਦ ਉਚਾਰਣ ਕਰਕੇ ਉਨ੍ਹਾਂ ਦੀ ਜਿਹਵਾ=ਰਸਨਾ ਨਾਮ ਰੰਗ ਵਿਚ ਰਤੀ=ਰੰਗੀ ਰਹਿੰਦੀ ਹੈ ਅਤੇ ਉਹ ਰਸਿ=ਪ੍ਰੇਮ ਨਾਲ ਪ੍ਰਭੂ ਦੇ ਗੁਣਾਂ ਨੂੰ ਗਾਉਂਦੇ ਹੋਏ ਗਿਆਨ ਰੂਪੀ ਅੰਮ੍ਰਿਤ ਪੀਵੈ=ਪੀਂਦੇ ਹਨ।

**ਗੁਰਮੁਖਿ ਏਹੁ ਰੰਗੁ ਪਾਈਐ**
**ਜਿਸਨੋ ਕਿਰਪਾ ਕਰੇ ਰਜਾਇ॥੨॥**

ਹੇ ਭਾਈ! ਗੁਰਮੁਖਾਂ ਦੀ ਸੰਗਤ ਕਰਕੇ ਹੀ ਇਸ ਪ੍ਰੇਮ ਦੇ ਰੰਗ ਨੂੰ ਪਾਈਦਾ ਹੈ ਪਰ ਉਹੋ ਗੁਰਮੁਖ ਇਸ ਰੰਗ ਨੂੰ ਪਾਉਂਦਾ ਹੈ ਜਿਸ ਨੂੰ ਕ੍ਰਿਪਾ ਕਰੇ=ਕਰਕੇ ਪ੍ਰਭੂ ਆਪ ਆਪਣੀ ਰਜਾਇ=ਰਜ਼ਾ 'ਚ ਤੋਰ ਲਵੇ ਵਾ: ਜਿਸ ਉਪਰ ਰਜਾਇ=ਆਗਿਆ 'ਚ ਚਲਾਉਣ ਵਾਲਾ ਪ੍ਰਭੂ ਆਪ ਆਪਣੀ ਕ੍ਰਿਪਾ ਦ੍ਰਿਸ਼ਟੀ ਕਰ ਦੇਵੇ।

**ਸੰਸਾ ਇਹੁ ਸੰਸਾਰੁ ਹੈ**
**ਸੁਤਿਆ ਰੈਣਿ ਵਿਹਾਇ॥**

ਹੇ ਭਾਈ! ਇਹ ਸੰਸਾਰ ਸੰਸਾ ਰੂਪ ਹੀ ਹੈ ਭਾਵ ਜਿੰਨਾ ਚਿਰ ਪ੍ਰਮਾਣ ਗਤ, ਪ੍ਰਮੇਯ ਗਤ ਤੇ ਵਿਪਰਜੇ ਗਤ ਆਦਿਕ ਸੰਸਾ ਬਣਿਆ ਹੋਇਆ ਹੈ, ਓਨਾ ਚਿਰ ਹੀ ਇਹ ਸੰਸਾਰ ਅਗਿਆਨਤਾ ਵਸ ਭਾਸਦਾ ਹੈ ਅਤੇ ਸੰਸਿਆਂ ਵਸ ਹੀ ਜੀਵ ਦੀ ਅਵਿਦਿਆ ਰੂਪੀ ਨੀਂਦ 'ਚ ਉਮਰ ਰੂਪੀ ਰੈਣਿ=ਰਾਤ ਵਿਹਾਇ=ਬੀਤ ਜਾਂਦੀ ਹੈ।

**ਇਕਿ ਆਪਣੈ ਭਾਣੈ ਕਢਿ ਲਇਅਨੁ**
**ਆਪੇ ਲਇਓਨੁ ਮਿਲਾਇ॥**

ਇਕਨਾਂ ਨੂੰ ਸਤਿਗੁਰੂ ਪ੍ਰਭੂ ਨੇ ਆਪਣਾ ਭਾਣਾ ਮਨਾ ਕੇ ਇਸ ਸੰਸਾਰ ਦੇ ਦੁੱਖਾਂ 'ਚੋਂ ਕੱਢ ਲਇਓਨੁ=ਲਿਆ ਹੈ, ਅਤੇ ਉਨ੍ਹਾਂ ਨੂੰ ਗੁਰਾਂ ਦੁਆਰਾ ਪ੍ਰਭੂ ਨੇ ਆਪ ਹੀ ਆਪਣੇ ਸਰੂਪ ਨਾਲ ਮਿਲਾ ਲਇਓਨੁ=ਲਿਆ ਹੈ।

**ਆਪੇ ਹੀ ਆਪਿ ਮਨਿ ਵਸਿਆ**
**ਮਾਇਆ ਮੋਹੁ ਚੁਕਾਇ॥**

ਪ੍ਰਭੂ ਆਪ ਹੀ ਜੀਵ ਰੂਪ ਤੇ ਆਪ ਹੀ ਈਸਰ ਰੂਪ ਹੈ ਵਾ: ਉਹ ਆਪ ਹੀ ਗੁਰੂ ਰੂਪ ਹੈ, ਆਪ ਹੀ ਸ਼ਬਦ ਰੂਪ ਹੈ ਤੇ ਆਪ ਹੀ ਸਿੱਖ ਰੂਪ ਹੈ ਤੇ ਆਪ ਹੀ ਜਗਿਆਸੂਆਂ ਦੇ ਮਨਾਂ ਵਿਚ ਵਸਿਆ ਹੋਇਆ ਹੈ ਅਤੇ ਆਪ ਹੀ ਜੀਵਾਂ ਦੇ ਅੰਦਰੋਂ ਮਾਇਆ ਦਾ ਮੋਹ ਚੁਕਾ ਦੇਣ ਵਾਲਾ ਹੈ।

**ਆਪਿ ਵਡਾਈ ਦਿਤੀਅਨੁ**
**ਗੁਰਮੁਖਿ ਦੇਇ ਬੁਝਾਇ॥੩॥**

ਹੇ ਭਾਈ! ਉਸ ਪ੍ਰਭੂ ਨੇ ਆਪ ਹੀ ਉਨ੍ਹਾਂ ਨੂੰ ਨਾਮ ਵਡਿਆਈ ਬਖਸ਼ੀ ਹੈ, ਜਿਨ੍ਹਾ ਗੁਰਸਿੱਖਾਂ ਨੂੰ ਗੁਰਮੁਖਿ=ਗੁਰਾਂ ਦੁਆਰਾ ਸਿੱਖਿਆ ਦੇ ਕੇ ਬੁਝਾਇ=ਸਮਝਾ ਦੇਇ=ਦਿੰਦਾ ਹੈ।

**ਸਭਨਾ ਕਾ ਦਾਤਾ ਏਕੁ ਹੈ**
**ਭੁਲਿਆ ਲਏ ਸਮਝਾਇ॥**

ਸਭਨਾ=ਸਾਰਿਆਂ ਜੀਵਾਂ ਕਾ=ਦਾ ਦਾਤਾ ਏਕੁ=ਇਕ ਪਰਮੇਸ਼ਰ ਹੀ ਹੈ, ਅਤੇ ਆਪ ਹੀ ਗੁਰੂ ਰੂਪ ਹੋ ਕੇ ਅਗਿਆਨ ਵਿਚ ਸਰੂਪ ਤੋਂ ਭੁੱਲਿਆ ਹੋਇਆਂ ਨੂੰ ਸਮਝਾਇ=ਸਮਝਾ ਲਏ=ਲੈਂਦਾ ਹੈ।

**ਇਕਿ ਆਪੇ ਆਪਿ ਖੁਆਇਅਨੁ**
**ਦੂਜੈ ਛਡਿਅਨੁ ਲਾਇ॥**

ਇਕਨਾ ਜੀਵਾਂ ਨੂੰ ਮੰਦ ਕਰਮਾਂ ਕਾਰਨ ਆਪ ਹੀ ਪ੍ਰਭੂ ਨੇ ਆਪਣੇ ਸਰੂਪ ਵੱਲੋਂ ਖੁਆਇਅਨੁ=ਭੁਲਾ ਕੇ ਦੂਜੇ=ਦਵੈਤ 'ਚ ਲਾਇ=ਲਾ ਛਡਿਅਨੁ=ਛੱਡਿਆ ਹੈ।

**ਗੁਰਮਤੀ ਹਰਿ ਪਾਈਐ**
**ਜੋਤੀ ਜੋਤ ਮਿਲਾਇ॥**

ਹੇ ਭਾਈ! ਉਸ ਹਰਿ=ਪਰਮੇਸ਼ਰ ਨੂੰ (ਗੁਰ+ਮਤੀ) ਗੁਰ=ਗੁਰਾਂ ਦੀ ਮਤੀ=ਸਿੱਖਿਆ ਦੁਆਰਾ ਹੀ ਪਾਈਦਾ ਹੈ। ਕਿਉਂਕਿ ਸਤਿਗੁਰੂ ਜੀ ਜੀਵਾਂ ਦੀ ਪ੍ਰਤੱਖ ਜੋਤ ਨੂੰ ਜੋਤੀ ਸਰੂਪ ਬ੍ਰਹਮ ਵਿਚ ਮਿਲਾਇ=ਮਿਲਾ ਦਿੰਦੇ ਹਨ।

**ਅਨ ਦਿਨੁ ਨਾਮੇ ਰਤਿਆ**
**ਨਾਨਕ ਨਾਮਿ ਸਮਾਇ॥੪॥੨੫॥੫੮॥**

ਸਤਿਗੁਰੂ ਜੀ ਫੁਰਮਾਉਂਦੇ ਹਨ ਜੋ ਅਨਦਿਨੁ=ਰਾਤ ਦਿਨ ਵਾ: ਹਰ ਰੋਜ਼ ਪ੍ਰਭੂ ਦੇ ਨਾਮ 'ਚ ਰੰਗੇ ਹੋਏ ਹਨ, ਉਹ ਨਾਮਿ=ਨਾਮੀ ਪ੍ਰਭੂ 'ਚ ਸਮਾਇ=ਅਭੇਦ ਹੋ ਜਾਂਦੇ ਹਨ।

**ਸਿਰੀਰਾਗੁ ਮਹਲਾ ੩**
**ਗੁਣਵੰਤੀ ਸਚੁ ਪਾਇਆ**
**ਤ੍ਰਿਸਨਾ ਤਜਿ ਵਿਕਾਰ॥**

ਹੇ ਭਾਈ! ਜੋ ਗੁਣਵੰਤੀ=ਸ਼ੁਭ ਗੁਣਾਂ ਵਾਲੀਆਂ ਮਹਾਤਮਾ ਰੂਪੀ ਸਖੀਆਂ ਹਨ, ਉਨ੍ਹਾਂ ਨੇ ਆਪਣੇ ਸਚ ਸਰੂਪ ਰੂਪੀ ਪਤੀ ਨੂੰ ਪਾਇਆ=ਪਾ ਲਿਆ ਹੈ। ਪਾਇਆ ਕਿਵੇਂ ਹੈ? ਕਿਉਂਕਿ ਉਨ੍ਹਾਂ ਨੇ ਆਪਣੇ ਅੰਦਰੋਂ ਕਾਮਾਦਿ ਵਿਕਾਰਾਂ ਦੀ ਤ੍ਰਿਸ਼ਨਾ ਨੂੰ ਤਜਿ=ਤਿਆਗ ਦਿਤਾ ਹੈ ਵਾ: ਉਨ੍ਹਾਂ ਨੇ ਆਪਣੇ ਅੰਦਰੋਂ ਦੁਨੀਆਵੀ ਪਦਾਰਥਾਂ ਦੀ ਤ੍ਰਿਸ਼ਨਾ ਤੇ ਕਾਮਾਦਿਕ ਵਿਕਾਰਾਂ ਨੂੰ ਤਿਆਗ ਦਿਤਾ ਹੈ।

**ਗੁਰ ਸਬਦੀ ਮਨੁ ਰੰਗਿਆ**
**ਰਸਨਾ ਪ੍ਰੇਮ ਪਿਆਰਿ॥**

ਉਨ੍ਹਾਂ ਨੇ ਗੁਰੂ ਸ਼ਬਦ ਦੀ ਕਮਾਈ ਕਰ ਕੇ ਆਪਣੇ ਮਨਾਂ ਨੂੰ ਪ੍ਰਭੂ ਪਤੀ ਦੇ ਪ੍ਰੇਮ ਰੰਗ 'ਚ ਰੰਗ ਲਿਆ ਹੈ ਅਤੇ ਉਨ੍ਹਾਂ ਦੀ ਰਸਨਾ 'ਚ ਪ੍ਰੇਮ ਹੈ ਤੇ ਪਿਆਰ ਦੇ ਬਚਨ ਹੀ ਬੋਲਦੇ ਹਨ ਭਾਵ ਉਨ੍ਹਾਂ ਦੀ ਰਸਨਾ 'ਤੇ ਪ੍ਰੇਮ ਹੈ ਤੇ ਹਿਰਦਿਆਂ 'ਚ ਪਿਆਰ ਹੈ।

**ਬਿਨੁ ਸਤਿਗੁਰ ਕਿਨੈ ਨ ਪਾਇਓ**
**ਕਰਿ ਵੇਖਹੁ ਮਨਿ ਵੀਚਾਰਿ॥**

ਹੇ ਭਾਈ! ਬਿਨਾਂ ਸਤਿਗੁਰਾਂ ਤੋਂ ਆਪਣੇ ਆਪ ਕਿਸੇ ਨੇ ਵੀ ਉਸ ਪ੍ਰਭੂ ਨੂੰ ਨਹੀਂ ਪਾਇਆ ਭਾਵੇਂ ਆਪਣੇ ਮਨਾਂ 'ਚ ਵੇਦਾਂ, ਸ਼ਾਸਤ੍ਰਾਂ ਦੁਆਰਾ ਵੀਚਾਰ ਕਰਕੇ ਵੇਖ ਲਵੋ।

**ਮਨਮੁਖ ਮੈਲੁ ਨ ਉਤਰੈ**
**ਜਿਚਰੁ ਗੁਰ ਸਬਦਿ ਨ ਕਰੇ ਪਿਆਰੁ॥੧॥**

ਮਨਮੁਖ=ਮਨ ਨੂੰ ਮੁਖੀ ਬਣਾਉਣ ਵਾਲੇ ਪੁਰਖਾਂ ਦੇ ਹਿਰਦਿਆਂ ਵਿਚੋਂ ਮਨਮੁਖਤਾਈ ਦੀ ਉਤਨਾ ਚਿਰ ਮੈਲੁ=ਮਲੀਨਤਾਈ ਨ=ਨਹੀਂ ਉਤਰੈ=ਉਤਰਦੀ, ਜਿਚਰੁ=ਜਿੰਨਾ ਚਿਰ ਉਹ ਗੁਰੂ ਵਾਲੇ ਬਣ ਕੇ ਗੁਰਾਂ ਦੇ ਸ਼ਬਦ ਨਾਲ ਪਿਆਰ ਨਹੀਂ ਕਰਦੇ, ਭਾਵ ਜਿੰਨਾ ਚਿਰ ਉਹ ਗੁਰੂ ਵਾਲੇ ਬਣ ਕੇ ਗੁਰ-ਸ਼ਬਦ ਨਹੀਂ ਕਮਾਉਂਦੇ, ਓਨਾ ਚਿਰ ਉਨ੍ਹਾਂ ਮਨਮੁਖਾਂ ਦੇ ਮਨਾਂ ਦੀ ਮੈਲ ਨਹੀਂ ਉਤਰ ਸਕਦੀ।

**ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥**

ਇਸ ਕਰਕੇ ਹੇ ਮੇਰੇ ਮਨ! ਤੂੰ ਸਤਿਗੁਰਾਂ ਦੀ ਭਾਣੈ=ਰਜ਼ਾਅ ਵਿਚ ਚੱਲਣਾ ਕਰ।

**ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ**
**ਤਾ ਸੁਖ ਲਹਹਿ ਮਹਲੁ॥੧॥ਰਹਾਉ॥**

ਨਿਜ=ਆਪਣੇ ਸਾਧਸੰਗਤ ਰੂਪੀ ਘਰ ਵਿਚ ਵਸ ਕੇ ਨਾਮ ਅੰਮ੍ਰਿਤ ਨੂੰ ਪੀਣਾ ਕਰ ਤਾਂ ਹੀ ਮਹਲੁ=ਸਰੂਪ ਵਾ: ਤੁਰੀਆ ਪਦ ਦੇ ਸੁਖ ਨੂੰ ਪ੍ਰਾਪਤ ਕਰ ਸਕੇਂਗਾ। ਪਰ

ਇਸ ਦੇ ਉਲਟ-

**ਅਉਗੁਣਵੰਤੀ ਗੁਣੁ ਕੋ ਨਹੀ**
**ਬਹਣਿ ਨ ਮਿਲੈ ਹਦੂਰਿ॥**

ਅਉਗੁਣਵੰਤੀ=ਔਗੁਣਾਂ ਵਾਲੀਆਂ ਮਨਮੁਖ ਰੂਪੀ ਇਸਤਰੀਆਂ ਵਿਚ ਭਜਨ ਬੰਦਗੀ ਆਦਿ ਕੋ=ਕੋਈ ਗੁਣ ਨਹੀਂ ਹੁੰਦਾ ਇਸ ਕਰਕੇ ਉਨ੍ਹਾਂ ਨੂੰ ਵਾਹਿਗੁਰੂ ਦੇ ਹਦੂਰਿ=ਸਨਮੁਖ, ਨਿਕਟ ਵਾ: ਹਜ਼ੂਰੀ ਵਿਚ ਬਹਣਿ=ਬੈਠਣਾ ਨਹੀਂ ਮਿਲਦਾ ਭਾਵ ਜੇਕਰ ਉਹ ਗੁਰਮੁਖਾਂ ਦੀ ਰੀਸ 'ਚ ਸਮਾਧੀ ਲਾ ਕੇ ਬੈਠਣਾ ਚਾਹੁੰਣ ਤਾਂ ਫੁਰਨਿਆਂ ਕਾਰਨ ਝੱਟ ਉਥਾਨ ਹੋ ਕੇ ਬਾਹਰ ਨਿਕਲ ਜਾਂਦੇ ਹਨ।

**ਮਨਮੁਖਿ ਸਬਦੁ ਨ ਜਾਣਈ**
**ਅਵਗਣਿ ਸੋ ਪ੍ਰਭੁ ਦੂਰਿ॥**

ਉਹ ਮਨਮੁਖ ਗੁਰੂ ਦੇ ਸ਼ਬਦ ਨੂੰ ਨਹੀਂ ਜਾਣਦੇ, ਇਹ ਨਾ ਜਾਨਣਾ ਹੀ ਔਗੁਣ ਹੈ, ਇਸ ਅਵਗਣਿ=ਔਗੁਣ ਕਰਕੇ ਸੋ=ਉਹ ਮਨਮੁਖ ਜੀਵ ਪਤੀ ਵਾਹਿਗੁਰੂ ਤੋਂ ਦੂਰ ਹਨ।

**ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ॥**

ਜਿਨ੍ਹਾਂ ਨੇ ਸਚੁ=ਪਰਮੇਸ਼ਰ ਨੂੰ ਪਛਾਣ ਲਿਆ ਹੈ, ਉਹ ਸੱਚੇ ਨਾਮ 'ਚ ਰਤੇ=ਰੰਗੇ ਰਹਿੰਦੇ ਹਨ ਤੇ ਉਹਨਾਂ ਨੂੰ ਸਤ ਸਰੂਪ ਸਭ ਥਾਵਾਂ 'ਤੇ ਭਰਪੂਰਿ=ਵਿਆਪਕ ਪ੍ਰਭੂ ਦਿਸਦਾ ਹੈ।

**ਗੁਰ ਸਬਦੀ ਮਨੁ ਬੇਧਿਆ**
**ਪ੍ਰਭੁ ਮਿਲਿਆ ਆਪਿ ਹਦੂਰਿ॥੨॥**

ਜਿਨ੍ਹਾਂ ਦਾ ਮਨ ਗੁਰੂ ਦੇ ਸ਼ਬਦ ਨਾਲ ਬੇਧਿਆ=ਵਿਨ੍ਹਿਆਂ ਗਿਆ ਹੈ, ਉਹਨਾਂ ਨੂੰ ਪ੍ਰਭੁ=ਅਕਾਲ ਪੁਰਖ ਆਪ ਹਦੂਰਿ=ਨੇੜਿਉਂ ਮਿਲਿਆ ਹੈ।

**ਆਪੇ ਰੰਗਣਿ ਰੰਗਿਓਨੁ**
**ਸਬਦੇ ਲਇਓਨੁ ਮਿਲਾਇ॥**

ਜਿਨ੍ਹਾਂ ਦੇ ਮਨ ਰੂਪੀ ਵਸਤਰ ਨੂੰ ਆਪੇ=ਆਪ ਗੁਰੂ ਰੂਪ ਲਿਲਾਰੀ ਨੇ ਸਤਸੰਗਤ ਰੂਪੀ ਰੰਗਣਿ=ਮੱਟੀ ਵਿਚ ਪ੍ਰੇਮ ਰੂਪੀ ਜਲ ਪਾ ਕੇ ਭਗਤੀ ਰੂਪ ਰੰਗ ਨਾਲ ਰੰਗਿਓਨੁ=ਰੰਗਿਆ ਹੈ, ਉਨ੍ਹਾਂ ਨੂੰ ਸਬਦੇ=ਬ੍ਰਹਮ ਨੇ ਆਪਣੇ ਸਰੂਪ ਨਾਲ ਮਿਲਾਇ=ਮਿਲਾ ਲਇਓਨੁ=ਲਿਆ ਹੈ।

**ਸਚਾ ਰੰਗੁ ਨ ਉਤਰੈ**
**ਜੋ ਸਚਿ ਰਤੇ ਲਿਵ ਲਾਇ॥**

ਉਨ੍ਹਾਂ ਦੇ ਮਨਾਂ ਨੂੰ ਅਜਿਹਾ ਸੱਚਾ ਨਾਮ ਦਾ ਰੰਗ ਚੜ੍ਹਿਆ ਹੈ ਜੋ ਕਦੇ ਉਤਰੈ=ਲਹਿੰਦਾ ਨਹੀਂ। ਉਨ੍ਹਾਂ ਦਾ ਆਤਮਨੰਦ ਰੂਪੀ ਰੰਗ ਕਦੇ ਉਤਰਦਾ ਨਹੀਂ ਹੈ ਵਾ: ਜੋ ਸਚਿ=ਸੱਚ ਸਰੂਪ 'ਚ ਬ੍ਰਿਤੀ ਨੂੰ ਜੋੜ ਕੇ ਰਤੇ=ਰੰਗੇ ਗਏ ਹਨ ਜੈਸਾ ਕਿ -

**ਚਾਰੇ ਕੁੰਡਾ ਭਵਿ ਥਕੇ**
**ਮਨਮੁਖ ਬੂਝ ਨ ਪਾਇ॥**

ਜੋ ਸਤਿਗੁਰਾਂ ਦੇ ਸ਼ਬਦ ਨੂੰ ਨਹੀਂ ਕਮਾਉਂਦੇ, ਉਹ ਚਾਰੇ ਖਾਣੀਆਂ ਦੀ ਜੂਨੀਆਂ 'ਚ ਪੈ-ਪੈ ਕੇ ਚਾਰੇ ਕੁੰਡਾ=ਚਾਰੇ ਦਿਸ਼ਾਵਾਂ 'ਚ ਭਵਿ=ਭੌਂ-ਭੌਂ ਕੇ ਥਕੇ=ਥੱਕ ਗਏ ਹਨ, ਪਰ ਉਨ੍ਹਾਂ ਮਨਮੁਖਾਂ ਨੂੰ ਸਤ ਅਸਤਿ ਦੀ ਬੂਝਿ=ਸਮਝ ਨਹੀਂ ਪੈਂਦੀ।

**ਜਿਸੁ ਸਤਿਗੁਰੁ ਮੇਲੇ ਸੋ ਮਿਲੈ**
**ਸਚੈ ਸਬਦਿ ਸਮਾਇ॥੩॥**

ਹੇ ਭਾਈ! ਜਿਸ ਨੂੰ ਸਤਿਗੁਰੂ ਜੀ ਵਾਹਿਗੁਰੂ ਨਾਲ ਮੇਲ ਦੇਣ, ਸੋ=ਉਹੋ ਮਿਲ ਸਕਦਾ ਹੈ ਅਤੇ ਉਹ ਸਚੈ=ਸੱਚੇ ਨਾਮ ਦੁਆਰਾ ਸਬਦਿ=ਬ੍ਰਹਮ 'ਚ ਸਮਾਇ=ਅਭੇਦ ਹੋ ਜਾਂਦਾ ਹੈ।

**ਮਿਤ੍ਰ ਘਣੇਰੇ ਕਰਿ ਥਕੀ**
**ਮੇਰਾ ਦੁਖੁ ਕਾਟੈ ਕੋਇ॥**

ਦੁਨੀਆਂ ਘਣੇਰੇ=ਬਹੁਤ ਸਾਰੇ ਦੁਨਿਆਵੀ ਮਿਤ੍ਰ ਵਾ: ਦੇਵੀ ਦੇਵਤਿਆਂ ਆਦਿ ਨੂੰ ਮਿਤ੍ਰ ਬਣਾ ਕਰਿ=ਕਰਕੇ ਥੱਕ ਚੁੱਕੀ ਹੈ ਕਿ ਮੇਰਾ ਦੁੱਖ ਕੋਈ ਕੱਟ ਦੇਵੇ ਭਾਵ ਕੋਈ ਵੀ ਹੋਰ ਜੀਵ ਦੇ ਜਨਮ ਮਰਣ ਆਦਿ ਦੁੱਖਾਂ ਨੂੰ ਕੱਟਣ ਵਾਲਾ ਨਹੀਂ ਹੈ। ਸਾਰੇ ਆਪ ਹੀ ਕਾਲ ਅਧੀਨ ਦੁੱਖ ਪਾ ਰਹੇ ਹਨ।

**ਮਿਲਿ ਪ੍ਰੀਤਮ ਦੁਖੁ ਕਟਿਆ**
**ਸਬਦਿ ਮਿਲਾਵਾ ਹੋਇ॥**

ਪਰ ਪ੍ਰੀਤਮ=ਪਿਆਰੇ ਸਤਿਗੁਰਾਂ ਨਾਲ ਮਿਲ ਕੇ ਹੀ ਦੁੱਖ ਕੱਟਿਆ ਜਾਂਦਾ ਹੈ, ਜਦੋਂ ਗੁਰੂ ਸ਼ਬਦ ਦੀ ਕਮਾਈ ਕਰ ਕੇ ਵਾਹਿਗੁਰੂ ਨਾਲ ਮਿਲਾਵਾ=ਮਿਲਾਪ ਹੁੰਦਾ ਹੈ।

**ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ॥**

ਜਿਨ੍ਹਾਂ ਗੁਰਮੁਖਾਂ ਨੇ ਸੱਚੇ ਨਾਮ ਦਾ ਖਟਣਾ ਖੱਟ ਕੇ ਸ਼ਰਧਾ ਰੂਪੀ ਪੂੰਜੀ ਰੱਖੀ ਹੈ ਵਾ: ਜਿਨ੍ਹਾਂ ਗੁਰਮੁਖਾਂ ਕੋਲ ਸ਼ਰਧਾ ਰੂਪੀ ਰਾਸਿ=ਪੂੰਜੀ ਹੈ, ਉਨ੍ਹਾਂ ਨੇ ਸੱਚ ਰੂਪੀ ਵਸਤੂ ਦੀ ਖੱਟੀ ਨੂੰ ਖੱਟਣਾ ਕੀਤਾ ਹੈ ਤੇ ਉਨ੍ਹਾਂ ਸੱਚੇ ਪੁਰਸ਼ਾਂ ਦੀ ਲੋਕ ਪ੍ਰਲੋਕ ਵਿਚ ਸੱਚੀ ਹੀ ਸੋਇ=ਸ਼ੋਭਾ ਹੁੰਦੀ ਹੈ।

**ਸਚਿ ਮਿਲੇ ਸੇ ਨ ਵਿਛੁੜਹਿ**
**ਨਾਨਕ ਗੁਰਮੁਖਿ ਹੋਇ॥੪॥੨੬੫੯॥**

ਜੋ ਸਚਿ ਮਿਲੇ=ਸੱਚੇ ਨਾਮ 'ਚ ਮਿਲੇ ਹਨ, ਸੇ=ਉਹ ਕਦੇ ਵਿਛੁੜਦੇ ਨਹੀਂ ਹਨ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਗੁਰਮੁਖਿ=ਗੁਰਾਂ ਦੁਆਰਾ ਸਰੂਪ ਦੀ ਸਾਖਿਆਤਤਾ ਵਾਲੇ ਹੋ ਗਏ ਹਨ।

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## 12. ਚਾਰ ਪ੍ਰਕਾਰ ਦੇ ਭਜਨੀਕ ਪੁਰਸ਼

1. ਕਨਿਸ਼ਟ ਭਜਨੀਕ 2. ਮੱਧਮ ਭਜਨੀਕ 3. ਉੱਤਮ ਭਜਨੀਕ 4. ਸ੍ਰੇਸ਼ਟ ਭਜਨੀਕ।

ਇਹਨਾਂ ਦਾ ਵੇਰਵਾ -

ਕਨਿਸ਼ਟ ਭਜਨੀਕ - ਭਜਨ ਪਾਠ ਵੇਲੇ ਜਿਨ੍ਹਾਂ ਦਾ ਮਨ ਟਿਕਦਾ ਨਹੀਂ, ਉਹਨਾਂ ਨੂੰ ਕਨਿਸ਼ਟ ਕਿਹਾ ਜਾਂਦਾ ਹੈ। ਨਾ ਕਰਨ ਵਾਲਿਆਂ ਨਾਲੋਂ ਬਹੁਤ ਹੀ ਅੱਛੇ ਹਨ।

ਮੱਧਮ ਭਜਨੀਕ - ਭਜਨ ਕਰਨ ਵੇਲੇ ਮਨ ਨੂੰ ਰੋਕਦੇ ਹਨ। ਕਦੇ-ਕਦੇ ਮਨ ਟਿਕ ਜਾਂਦਾ ਹੈ।

ਉੱਤਮ ਭਜਨੀਕ - ਮਨ ਭਜਨ ਵੇਲੇ ਅੱਛਾ ਟਿਕਦਾ ਹੈ। ਸ਼ਾਂਤੀ ਮਿਲਦੀ ਹੈ।

ਸ੍ਰੇਸ਼ਟ ਭਜਨੀਕ - ਬ੍ਰਹਮ ਗਿਆਨੀ ਪ੍ਰਮੇਸ਼੍ਵਰ ਦਾ ਰੂਪ ਹੀ ਹੋ ਗਏ। ਸਨੇ-ਸਨੇ ਕਨਿਸ਼ਟ ਤੋਂ ਸ੍ਰੇਸ਼ਟ ਭਜਨੀਕ ਬਣ ਜਾਈਦਾ ਹੈ ਪਰ ਸ਼ੌਕ ਨਾਲ ਲੱਗੇ ਰਹਿਣ ਦੀ ਲੋੜ ਹੈ।

## 13. ਆਰਿਫ਼ (ਬ੍ਰਹਮ ਗਿਆਨੀ ਲੋਗੋਂ ਕਾ ਭਜਨ ਤੋਂ ਯਹ ਹੈ)

ਲੋਕ ਔਰ ਪ੍ਰਲੋਕ ਕੀ ਖ਼ਾਹਿਸ਼ਾਤ ਕੋ ਤਿਆਗ ਕਰ ਗੁਪਤ ਔਰ ਪ੍ਰਗਟ ਗੋਬਿੰਦ ਹੀ ਦੇਖੋ।

ਆਰਿਫ਼ ਲੋਗ, ਬਕੌਲ-ਏ-ਫਕੀਰ

*ਸਰ ਬਰਹਨਾ ਨੇਸਤਮ ਦਾਰੱਮ ਕੁਲਾਹ ਚਹਾਰ ਤਰਕ*
*ਤਰਕਹ ਦੁਨੀਆਂ, ਤਰਕਹ ਉਕਬਹ, ਤਰਕਹ ਮੌਲਾ, ਤਰਕਹ ਤਰਕ।*

1. ਤਰਕਹ ਦੁਨੀਆਂ - ਇਸਤ੍ਰੀ, ਪੁੱਤਰ, ਧਨ, ਜੈਦਾਦ, ਰਾਜ ਭਾਗ ਔਰ ਇਜ਼ਤ।

2. ਤਰਕਹ ਉਕਬਹ - ਸਵਰਗ ਰਾਜ ਵਗੈਰਾ ਵਗੈਰਾ, ਬ੍ਰਹਮ ਲੋਕ।

3. ਤਰਕਹ ਮੌਲਾ - ਖ਼ੁਦਾ ਤੋ ਸਤਿ-ਚਿੱਤ-ਅਨੰਦ ਨਿਰਾਕਾਰ ਹੀ ਹੈ। ਸਾਕਾਰ ਜੋ ਹੈ ਵੁਹ ਖੁਦਾ ਨਹੀਂ। ਸਰਗੁਣ ਬ੍ਰਹਮ ਕੇ ਮਿਲਾਪ ਕੀ ਖ਼ਾਹਿਸ਼ ਕਾ ਤਿਆਗ।

4. ਤਰਕਹ ਤਰਕ - ਤੀਨ ਕਿਸਮ ਕੀ ਖ਼ੁਦੀ ਕਾ ਤਿਆਗ।

ਤਾਮਸੀ, ਰਾਜਸੀ ਔਰ ਸ਼ਾਂਤਕੀ ਖ਼ੁਦੀ ਕਾ ਬਿਲਕੁਲ ਹੀ ਤਿਆਗ ਕਰ ਆਤਮ ਸਥਿਤੀ ਹੂਆ ਕਰਤੀ ਹੈ। ਸਭ ਗੋਬਿੰਦ ਹੀ ਹੈ। ਗੋਬਿੰਦ ਬਿਨ ਕੁਛ ਵੀ ਨਹੀਂ।

1. ਆਰਫ਼ਿ ਲੋਗ=ਬ੍ਰਹਮ ਗਿਆਨੀ 2. ਬਕੌਲ-ਏ-ਫ਼ਕੀਰ=ਫ਼ਕੀਰ ਦੇ ਬਚਨਾਂ ਅਨੁਸਾਰ 3. ਮੇਰਾ ਸਿਰ ਨੰਗਾ ਨਹੀਂ ਹੈ, ਮੇਰੇ ਸਿਰ ਤੇ ਚਾਰ ਪ੍ਰਕਾਰ ਦੇ ਤਿਆਗ ਦੀ ਟੋਪੀ ਹੈ। 4. ਤਰਕਹ ਦੁਨੀਆਂ=ਦੁਨੀਆਂ ਦਾ ਤਿਆਗ 5. ਤਰਕਹ ਉਕਬਹ=ਪ੍ਰਲੋਕ ਸੁਖਾਂ ਦਾ ਤਿਆਗ 6. ਤਰਕਹ ਮੌਲਾ=ਰੱਬ ਦਾ ਤਿਆਗ 7. ਤਰਕਹ ਤਰਕ=ਤਿਆਗ ਦਾ ਤਿਆਗ।

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-54)*

### ਠੀਕ ਸਮੇਂ 'ਤੇ ਫੈਸਲਾ ਲੈਣਾ

ਸਭ ਤੋਂ ਪਹਿਲਾਂ ਸਮਝਣ ਵਾਲੀ ਗੱਲ ਹੈ ਫੈਸਲਾ ਕਰਨ ਦੀ ਫਿਲੋਸਫੀ ਤੇ ਫੈਸਲਾ ਕਰਨ ਦਾ ਵਿਗਿਆਨ, ਸਮੇਂ ਸਿਰ ਫੈਸਲਾ ਕਿਸ ਤਰ੍ਹਾਂ ਲੈਣਾ ਹੈ, ਕਿਸ ਤਰ੍ਹਾਂ ਕਰਨਾ ਹੈ। ਸਭ ਤੋਂ ਵੱਧ ਸਫਲ ਮਨੁੱਖ ਉਹ ਹੀ ਹੁੰਦਾ ਹੈ ਜਿਹੜਾ ਠੀਕ ਸਮੇਂ ਠੀਕ ਫੈਸਲਾ ਕਰਦਾ ਹੈ। ਬਹੁਤ ਸਾਰੇ ਐਸੇ ਲੋਕ ਹਨ ਜੋ ਬਹੁਤ ਹੀ ਬੁੱਧੀਮਾਨ ਹੁੰਦੇ ਹਨ, ਹਰ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਬੜੀ ਛੇਤੀ ਸਮਝਦੇ ਹਨ, ਪਰ ਜਦੋਂ ਫੈਸਲਾ ਕਰਨ ਦਾ ਸਮਾਂ ਆਉਂਦਾ ਹੈ, ਮੌਕਾ ਹੁੰਦਾ ਹੈ, ਉਹ ਪਿੱਛੇ ਹਟ ਜਾਂਦੇ ਹਨ। ਉਹ ਫੈਸਲਾ ਹੀ ਨਹੀਂ ਕਰ ਸਕਦੇ। ਉਹ ਜਾਣਦੇ ਹਨ ਕਿ ਉਨ੍ਹਾਂ ਫੈਸਲਾ ਕਰਨਾ ਸਿੱਖਣਾ ਚਾਹੀਦਾ ਹੈ ਪਰ ਉਹ ਸਿਖਦੇ ਹੀ ਨਹੀਂ। ਉਹ ਹਰ ਸਮੇਂ ਕਹਿਣਗੇ, ਮੈਨੂੰ ਪਤਾ ਸੀ, ਮੈਂ ਸਾਰੀ ਗੱਲ ਸਮਝ ਰਿਹਾ ਸੀ, ਪਰ ਮੈਂ ਸਮੇਂ ਸਿਰ ਕਾਰਜ ਕੀਤਾ ਹੀ ਨਹੀਂ। ਭਾਵੇਂ ਉਹ ਠੀਕ ਸੋਚ ਰਹੇ ਹੋਣ, ਹਰ ਘਟਨਾ ਨੂੰ ਠੀਕ ਸਮਝ ਰਹੇ ਹੋਣ, ਪਰ ਉਹ ਇਕ ਦਮ ਵਿਸ਼ਵਾਸ਼ ਛੱਡ ਦਿੰਦੇ ਹਨ। ਅੱਜ ਦਾ ਸੰਸਾਰ ਮੁਕਾਬਲੇ ਦਾ, ਪ੍ਰਤਿਯੋਗਤਾ ਦਾ ਸੰਸਾਰ ਹੈ। ਜੋ ਤੁਸੀਂ ਲੈਣ ਦੀ ਕੋਸ਼ਿਸ਼ ਕਰ ਰਹੇ ਹੋ, ਕੋਈ ਹੋਰ ਵੀ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਜੇਕਰ ਅਸੀਂ ਸਮੇਂ ਸਿਰ ਫੈਸਲਾ ਨਹੀਂ ਕਰਾਂਗੇ, ਕੋਈ ਹੋਰ ਉਹ ਚੀਜ਼ ਲੈ ਜਾਏਗਾ। ਬਾਹਰੀ ਸੰਸਾਰ ਵਿਚ ਸਮਾਂ ਬਹੁਤ ਅਮੋਲਕ ਹੈ। ਇਕ ਛੋਟਾ ਜਿਹਾ ਪਤਲਾ ਬਾਂਸ ਛੇਤੀ ਮੁੜ ਸਕਦਾ ਹੈ ਪਰ ਜੇਕਰ ਅਸੀਂ ਵੱਡੇ ਮੋਟੇ ਬਾਂਸ ਨੂੰ ਮੋੜਨਾ ਚਾਹੀਏ ਉਹ ਟੁੱਟ ਜਾਏਗਾ। ਜੋ ਸਾਡੇ ਕੋਲ ਅੱਜ ਹੈ ਅਸੀਂ ਉਸ ਨੂੰ ਕੱਲ੍ਹ 'ਤੇ ਨਾ ਪਾਈਏ, ਪਰ ਸਾਨੂੰ ਕਾਹਲ ਵਿਚ ਵੀ ਫੈਸਲਾ ਨਹੀਂ ਲੈਣਾ ਚਾਹੀਦਾ।

### ਆਦਤਾਂ ਨੂੰ ਸਮਝਣਾ

ਸਭ ਤੋਂ ਪ੍ਰਮੁੱਖ ਗੱਲ ਜਿਹੜੀ ਜੀਵਨ ਵਿਚ ਸਿੱਖਣੀ ਚਾਹੀਦੀ ਹੈ, ਜਿਸ ਦੀ ਲੋੜ ਹੈ, ਜਿਹੜੀ ਨਾ ਘਰਾਂ ਵਿਚ, ਨਾ ਹੀ ਸਕੂਲਾਂ ਵਿਚ ਸਿਖਾਈ ਜਾਂਦੀ ਹੈ, ਉਹ ਹੈ ਆਪਾ ਚੀਨਣਾ। ਆਪਣੇ ਆਪ ਨੂੰ ਸਮਝਣਾ। ਸਾਨੂੰ ਆਪਾ ਚੀਨਣਾ ਸਿੱਖਣਾ ਚਾਹੀਦਾ ਹੈ। ਜੇਕਰ ਅਸੀਂ ਆਪਣੇ ਆਪ ਨੂੰ ਸਮਝਣਾ ਚਾਹੁੰਦੇ ਹਾਂ, ਅਸੀਂ ਆਪਣੇ ਵਿਅਕਤਿਤਵ ਨੂੰ ਤਾਂ ਹੀ ਸਮਝ ਸਕਦੇ ਹਾਂ ਜਦੋਂ ਅਸੀਂ ਆਪਣੀਆਂ ਆਦਤਾਂ ਨੂੰ ਸਮਝ ਜਾਈਏ। ਆਦਤਾਂ ਨੂੰ ਸਮਝਣਾ ਕੋਈ ਔਖਾ ਨਹੀਂ। ਲੋੜ ਹੈ ਸੁਚੇਤ ਹੋ ਕੇ ਆਪਣੇ ਕਰਨ ਵਾਲੇ ਕੰਮਾਂ ਨੂੰ, ਕ੍ਰਿਆ ਨੂੰ ਜਾਂਚਣਾ, ਸਮਝਣਾ ਕਿ ਸਾਡੇ ਕੰਮ ਸਾਡੀ ਕ੍ਰਿਆ ਹੀ ਸਾਡੇ ਵਿਚਾਰ ਹਨ।

ਮਨੋਵਿਗਿਆਨ ਦੀ ਇਕ ਸ਼ਾਖਾ ਹੈ ਜਿਸ ਨੂੰ ਵਿਵਹਾਰਵਾਦ ਕਹਿੰਦੇ ਹਨ, ਜਿਹੜੀ ਇਸੇ ਧਾਰਨਾ 'ਤੇ ਹੈ ਪਰ ਇਕ ਗੱਲ ਚੰਗੀ ਤਰ੍ਹਾਂ ਨਾਲ ਸਮਝ ਲੈਣੀ ਚਾਹੀਦੀ ਹੈ ਕਿ ਬਾਹਰੀ ਵਿਵਹਾਰ ਤੁਹਾਡੇ ਬਾਰੇ ਸਭ ਕੁਝ ਨਹੀਂ ਦਸ ਸਕਦਾ। ਮਿਸਾਲ ਵਜੋਂ ਹੱਸਣਾ ਵਿਵਹਾਰ ਰਾਹੀਂ ਨਹੀਂ ਜਾਚਿਆ ਜਾ ਸਕਦਾ। ਜੇਕਰ ਮੈਂ ਹੱਸ ਰਿਹਾ ਹਾਂ, ਤੁਸੀਂ ਵੀ ਮੇਰੇ ਨਾਲ ਹਸ ਪਵੋਗੇ, ਕਿਉਂਕਿ ਮੈਂ ਹੱਸ ਰਿਹਾ ਹਾਂ, ਬਿਨਾਂ ਇਹ ਸਮਝੇ ਕਿ ਮੈਂ ਕਿਉਂ ਹਸ ਰਿਹਾ ਹਾਂ। ਤੁਹਾਡਾ ਹੱਸਣਾ ਤਾਂ ਕੇਵਲ ਇਕ ਪ੍ਰਤਿਕਰਮ ਹੀ ਹੈ, ਫੇਰ ਤੁਸੀਂ ਦੁਬਾਰਾ ਹੱਸੋਗੇ ਕਿਉਂਕਿ ਤੁਸੀਂ ਪਹਿਲਾਂ ਸਮਝਿਆ ਹੀ ਨਹੀਂ ਸੀ ਕਿ ਤੁਸੀਂ ਕਿਉਂ ਹਸ ਰਹੇ ਸੀ। ਫੇਰ ਤੁਸੀਂ ਤੀਸਰੀ ਵਾਰੀ ਹਸੋਗੇ ਕਿਉਂਕਿ ਹੁਣ ਤੁਹਾਨੂੰ ਸਮਝ ਆਈ ਕਿ ਮੈਂ ਕਿਉਂ ਹਸ ਰਿਹਾ ਸੀ, ਹੁਣ ਉਸ ਨੂੰ ਸਮਝ ਆਈ ਕਿ ਕੋਈ ਮਖੌਲ ਦੀ ਗੱਲ ਸੀ। ਤਿੰਨੋ ਵਾਰੀ ਦੇਖਣ ਵਾਲਿਆਂ ਨੂੰ ਤੁਹਾਡਾ ਹਾਸਾ ਇਕੋ ਜਿਹਾ ਲੱਗੇਗਾ। ਪਰ ਤਿੰਨੋ ਵਾਰੀ ਤੁਹਾਡਾ ਹਾਸਾ ਵੱਖ-ਵੱਖ ਕਾਰਨਾਂ ਕਰਕੇ, ਪ੍ਰੇਰਨਾ ਕਰਕੇ ਸੀ। ਕਹਿਣ ਤੋਂ ਭਾਵ ਇਹ ਹੈ ਕਿ ਅੰਦਰ ਦੀਆਂ ਅਵਸਥਾਵਾਂ ਬਾਹਰ ਦੇ ਵਿਵਹਾਰ ਤੋਂ ਨਹੀਂ ਜਾਣੀਆਂ ਜਾ ਸਕਦੀਆਂ, ਕੇਵਲ ਬਾਹਰੀ ਵਿਵਹਾਰ ਹੀ ਥੋੜ੍ਹਾ ਬਹੁਤ ਜਾਣਿਆ ਜਾ ਸਕਦਾ ਹੈ। ਪਰ ਆਪਣੀ ਆਦਤਾਂ ਨੂੰ ਜਾਣ ਕੇ, ਸਮਝ ਕੇ ਅਸੀਂ ਆਪਣੀ ਸਖਸ਼ੀਅਤ ਨੂੰ ਸਮਝ ਸਕਦੇ ਹਾਂ।

ਵਿਅਕਤੀਤਵ ਕੀ ਹੈ? ਅੰਗਰੇਜ਼ੀ ਸ਼ਬਦ ਵਿਅਕਤੀਤਵ ਲਈ personality ਹੈ, ਇਹ ਸ਼ਬਦ

persona ਤੋਂ ਬਣਿਆ ਹੈ ਜਿਸ ਦੇ ਅਰਥ ਹਨ ਮਖੌਟਾ। ਜਦੋਂ ਰਾਸ ਲੀਲਾ ਨਾਟਕ ਵਿਚ ਕੋਈ ਭਾਗ ਲੈਂਦਾ ਹੈ, ਕੋਈ ਕਿਰਦਾਰ ਨਿਭਾਉਂਦੇ ਹਾਂ ਤਾਂ ਮੂੰਹ 'ਤੇ ਮਖੌਟਾ ਪਾ ਲੈਂਦੇ ਹਾਂ। ਵਿਅਕਤੀਤਵ ਵੀ ਇਕ ਤਰ੍ਹਾਂ ਦਾ ਮਖੌਟਾ ਹੀ ਹੈ। ਜਦੋਂ ਅਸੀਂ ਆਪਣੇ ਆਪ ਨਾਲ ਹੁੰਦੇ ਹਾਂ, ਸਾਨੂੰ ਮਖੌਟੇ ਦੀ ਲੋੜ ਨਹੀਂ ਹੁੰਦੀ, ਸਾਨੂੰ ਮਖੌਟੇ ਦੀ ਲੋੜ ਓਦੋਂ ਪੈਂਦੀ ਹੈ ਜਦੋਂ ਅਸੀਂ ਦੂਸਰਿਆਂ ਨਾਲ ਵਰਤਦੇ ਹਾਂ। ਸਾਡੀ ਸ਼ਖਸੀਅਤ, ਸਾਡਾ ਆਚਰਣ ਹੈ, ਚਰਿੱਤਰ ਹੈ, ਚਰਿੱਤਰ ਸਾਡੀਆਂ ਆਦਤਾਂ ਦਾ ਸੰਗ੍ਰਹਿ ਹੈ। ਸਾਡੀਆਂ ਸਾਰਿਆਂ ਦੀਆਂ ਆਦਤਾਂ ਹਨ। ਸੋ ਜਦੋਂ ਅਸੀਂ ਵਿਅਕਤੀਤਵ ਸਮਝਣਾ ਚਾਹੁੰਦੇ ਹਾਂ, ਸਾਨੂੰ ਆਪਣੀਆਂ ਆਦਤਾਂ ਨੂੰ ਸਮਝਣਾ ਚਾਹੀਦਾ ਹੈ। ਆਦਤਾਂ ਸਾਡੀ ਚੇਤਨ ਸੋਚ ਹੈ, ਕ੍ਰਿਆ ਹੈ ਜਿਹੜੀ ਅਸੀਂ ਬਾਰ-ਬਾਰ ਕਰਦੇ ਹਾਂ, ਜਿਸ ਨਾਲ ਸਾਡੇ ਅਚੇਤ ਮਨ ਵਿਚ ਇਸ ਦੇ ਨਿਸ਼ਾਨ ਬਣ ਜਾਂਦੇ ਹਨ, ਜਿਸ ਨਾਲ ਸਾਡੀਆਂ ਅਚੇਤ ਆਦਤਾਂ ਬਣ ਜਾਂਦੀਆਂ ਹਨ। ਅਚੇਤਨ ਮਨ ਦੀਆਂ ਆਦਤਾਂ ਵਧੇਰੇ ਪੱਕੀਆਂ ਹੁੰਦੀਆਂ ਹਨ। ਸਾਡੀਆਂ ਆਦਤਾਂ, ਸਾਡੀਆਂ ਆਪਣੀਆਂ ਬਣਾਈਆਂ ਹੁੰਦੀਆਂ ਹਨ। ਜਦੋਂ ਅਸੀਂ ਬੈਠ ਕੇ ਸੋਚਣ ਲੱਗੀਏ, ਸਮਝਣ ਲੱਗੀਏ ਕਿ ਕਿਹੜੀਆਂ ਆਦਤਾਂ ਸਾਡੇ ਜੀਵਨ ਨੂੰ ਕੰਟਰੋਲ ਕਰਦੀਆਂ ਹਨ? ਅਸੀਂ ਦੇਖਦੇ ਹਾਂ ਕਿ ਬਹੁਤ ਸਾਰੀਆਂ ਆਦਤਾਂ ਬੜੀਆਂ ਡੂੰਘੀਆਂ ਬਣੀਆਂ ਹੋਈਆਂ ਹਨ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਜਾਣੀਏ, ਸਮਝੀਏ। ਜਦੋਂ ਅਸੀਂ ਆਪਣੀਆਂ ਬੁਰੀਆਂ ਆਦਤਾਂ ਨੂੰ ਸਮਝ ਲੈਂਦੇ ਹਾਂ। ਆਪਣੀਆਂ ਸੋਚਾਂ ਨੂੰ, ਸੰਵੇਗਾਂ ਨੂੰ ਸਮਝ ਲੈਂਦੇ ਹਾਂ, ਜਾਣ ਜਾਂਦੇ ਹਾਂ। ਉਹ ਕਿੰਨੀਆਂ ਵੀ ਡੂੰਘੀਆਂ ਕਿਉਂ ਨਾ ਹੋਣ, ਅਸੀਂ ਹੌਲੀ-ਹੌਲੀ ਉਨ੍ਹਾਂ ਨੂੰ ਬਦਲ ਸਕਦੇ ਹਾਂ। ਨਵੀਆਂ ਲਕੀਰਾਂ ਪਾ ਸਕਦੇ ਹਾਂ। ਫੇਰ ਸਮਾਂ ਪਾ ਕੇ ਮਨ ਪੁਰਾਣੀਆਂ ਸੋਚਾਂ ਵਲ ਨਹੀਂ ਜਾਏਗਾ, ਨਵੀਆਂ ਆਦਤਾਂ ਵਲ ਹੀ ਜਾਏਗਾ। ਇਸ ਤਰ੍ਹਾਂ ਅਸੀਂ ਆਦਤਾਂ ਬਦਲ ਸਕਦੇ ਹਾਂ।

ਲੋੜ ਹੈ ਤੁਹਾਨੂੰ ਆਪਣੀ ਨੀਅਤ, ਆਪਣੇ ਇਰਾਦੇ ਨੂੰ ਪੂਰਾ ਕਰਨ ਦੀ, ਉਸ ਨੂੰ ਅਮਲ ਵਿਚ ਲਿਆਉਣ ਦੀ। ਮਿਸਾਲ ਵਜੋਂ ਬਹੁਤ ਸਾਰੇ ਲੋਕਾਂ ਦੇ ਬਹੁਤ ਅੱਛੇ ਇਰਾਦੇ ਹੁੰਦੇ ਹਨ। ਉਹ ਆਪਣੇ ਗੁਆਂਢੀਆਂ ਲਈ ਕੁਝ ਚੰਗਾ ਕਰਨਾ ਚਾਹੁੰਦੇ ਹਨ ਪਰ ਇਹ ਵਿਚਾਰ, ਇਹ ਇਰਾਦੇ ਨੂੰ ਉਹ ਕਦੀ ਵੀ ਪੂਰਾ ਨਹੀਂ ਕਰ ਪਾਉਂਦੇ, ਸਿਰੇ ਹੀ ਨਹੀਂ ਚੜ੍ਹਾ ਸਕਦੇ। ਸਾਡੇ ਬਹੁਤ ਸਾਰੇ ਵਿਚਾਰ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਆਪਣੀ ਕ੍ਰਿਆਂ ਵਿਚ ਨਹੀਂ ਲਿਆ ਸਕਦੇ। ਇਹ ਹੀ ਇਕ ਕਾਰਣ ਹੈ ਕਿ ਅਸੀਂ ਦੁਖੀ ਰਹਿੰਦੇ ਹਾਂ। ਜੇਕਰ ਅਸੀਂ ਉਹ ਹੀ ਸੋਚੀਏ ਜੋ ਅਸੀਂ ਕਰ ਸਕੀਏ, ਪੂਰਾ ਕਰ ਸਕੀਏ, ਉਹ ਸਾਨੂੰ ਬਹੁਤ ਸੰਪੂਰਨਤਾ ਦੇਵੇਗੀ। ਜੀਵਨ ਵਿਚ ਭਰਪੂਰਤਾ ਲਿਆ ਦੇਵੇਗੀ, ਸਾਨੂੰ ਖੁਸ਼ੀ ਬਖਸ਼ੇਗੀ। ਅਸੀਂ ਆਪਣੇ ਆਪ ਲਈ ਆਪ ਹੀ ਦੁਖ ਬੀਜ ਲੈਂਦੇ ਹਾਂ ਜਦੋਂ ਅਸੀਂ ਆਪਣੇ ਵਿਚਾਰਾਂ ਨੂੰ ਕਰਮ ਵਿਚ ਨਹੀਂ ਲਿਆ ਸਕਦੇ। ਇਕ ਫਰਾਂਸੀਸੀ ਲਿਖਾਰੀ ਨੇ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਲਿਖਿਆ ਹੈ, ਸਾਡੇ ਚੰਗੇ ਵਿਚਾਰ ਜਿਹੜੇ ਅਸੀਂ ਕੰਮ ਵਿਚ ਨਹੀਂ ਲਿਆ ਸਕਦੇ, ਉਹ ਇਕ ਧੋਖਾ ਹੋ ਜਾਂਦਾ ਹੈ, ਵਿਸ਼ਵਾਸ਼ਘਾਤ ਹੋ ਜਾਂਦਾ ਹੈ, ਚੰਗੇ ਵਿਚਾਰ ਉਹ ਹੁੰਦੇ ਹਨ ਜਿਹੜੇ ਸਾਡੇ ਲਈ ਸਹਾਈ ਹੁੰਦੇ ਹਨ। ਦੂਸਰਿਆਂ ਲਈ ਸਹਾਈ ਹੁੰਦੇ ਹਨ ਉਹਨਾਂ ਦੀ ਮਦਦ ਕਰ ਸਕਦੇ ਹਨ। ਭੈੜੇ ਵਿਚਾਰ ਉਹ ਹਨ ਜਿਹੜੇ ਸਾਡੇ ਕੰਮ ਵਿਚ ਰੁਕਾਵਟ ਪਾਉਂਦੇ ਹਨ, ਅੜਚਨਾਂ ਪਾਉਂਦੇ ਹਨ।

ਪੱਕੀਆਂ ਆਦਤਾਂ ਤੁਹਾਨੂੰ ਚੰਗਾ ਕਰਨ ਤੋਂ ਰੋਕਦੀਆਂ ਹਨ। ਤੁਸੀਂ ਆਪਣੀਆਂ ਆਦਤਾਂ ਦੇ ਐਨੇ ਗੁਲਾਮ ਹੋ ਜਾਂਦੇ ਹੋ ਕਿ ਤੁਸੀਂ ਆਪਣੇ ਆਪ ਨੂੰ ਮਜਬੂਰ, ਲਾਚਾਰ ਮਹਿਸੂਸ ਕਰਦੇ ਹੋ। ਤੁਸੀਂ ਭਾਵੇਂ ਆਪਣੀ ਆਦਤ ਜਿਹੜੀ ਠੀਕ ਨਹੀਂ, ਲਾਭਵੰਦ ਵੀ ਨਹੀਂ ਉਸ ਨੂੰ ਨਾਲ ਲੈ ਕੇ ਚਲੀ ਜਾਂਦੇ ਹੋ। ਇਹ ਬਿਲਕੁਲ ਨਹੀਂ ਕਰਨਾ ਚਾਹੀਦਾ। ਇਸ ਤੋਂ ਭਾਵ ਹੈ ਕਿ ਤੁਸੀਂ ਐਨੇ ਲਾਚਾਰ ਹੋ ਗਏ ਹੋ ਕਿ ਤੁਸੀਂ ਆਪਣਾ ਆਚਾਰ ਬਦਲ ਹੀ ਨਹੀਂ ਸਕਦੇ। ਸਮਾਜ ਤੁਹਾਨੂੰ ਆਦਤਾਂ ਬਦਲਣ ਵਿਚ ਬਿਲਕੁਲ ਸਹਾਇਤਾ ਨਹੀਂ ਕਰਦਾ, ਬਹੁਤ ਹੀ ਥੋੜ੍ਹੀਆਂ ਜਗ੍ਹਾ ਹੁੰਦੀਆਂ ਹਨ ਜਿਥੋਂ ਤੁਹਾਨੂੰ ਸਹਾਇਤਾ ਮਿਲਦੀ ਹੈ। ਬਹੁਤ ਸਾਰੇ ਲੋਕ ਜਿਹੜੇ ਪ੍ਰਾਸਚਿਤ ਕਰਦੇ ਹਨ, ਉਹ ਜਾਣਦੇ ਹਨ ਕਿ ਜੋ ਉਨ੍ਹਾਂ ਨੇ ਜੋ ਕੀਤਾ ਹੈ ਉਹ ਜੁਰਮ ਹੈ ਪਰ ਉਹਨਾਂ ਦੀ ਆਦਤ ਨੇ ਉਹਨਾਂ ਨੂੰ ਐਨਾ ਮਜ਼ਬੂਰ ਕੀਤਾ ਕਿ ਉਹ ਆਪਣੇ ਆਪ ਨੂੰ ਰੋਕ ਹੀ ਨਹੀਂ ਸਕੇ। ਉਹਨਾਂ ਦੀ ਵਿਵੇਕ ਬੁੱਧੀ ਦਸ ਰਹੀ ਹੈ, ਠੀਕ ਕੀ ਹੈ ਗਲਤ ਕੀ ਹੈ, ਪਰ ਉਹ ਆਪਣੀ ਆਦਤ ਹੱਥੋਂ ਮਜ਼ਬੂਰ ਹੋ ਕੇ ਉਹ ਗਲਤ ਕੰਮ ਕੀਤਾ ਜੋ ਨਹੀਂ ਕਰਨਾ ਚਾਹੀਦਾ ਸੀ। ਵਾਸਤਵ ਵਿਚ ਕੋਈ ਵੀ ਮਾੜਾ ਨਹੀਂ ਹੁੰਦਾ, ਕੋਈ ਵੀ ਚੰਗਾ ਨਹੀਂ ਹੁੰਦਾ। ਅੰਗਰੇਜ਼ਾਂ ਦੇ ਪੁਰਾਣੇ ਕਾਨੂੰਨ ਅਨੁਸਾਰ ਜਦੋਂ ਕਿਸੇ ਨੂੰ ਸਜ਼ਾ ਦਿਤੀ ਜਾਂਦੀ ਸੀ, ਉਸ ਨੂੰ ਕਿਹਾ ਜਾਂਦਾ ਸੀ, ਦਸਿਆ ਜਾਂਦਾ ਸੀ ਕਿ ਅਸੀਂ ਤੁਹਾਨੂੰ ਸਜ਼ਾ ਨਹੀਂ ਦੇ ਰਹੇ, ਅਸੀਂ ਤੁਹਾਨੂੰ ਤੁਹਾਡੀਆਂ ਬੁਰੀਆਂ ਆਦਤਾਂ ਕਰਕੇ ਸਜ਼ਾ ਦੇ ਰਹੇ ਹਾਂ।

*'ਚਲਦਾ........।'*

*(ਪੰਨਾ 48 ਦੀ ਬਾਕੀ)*

*ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ,*
*ਛਲਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੋਨਾ ਟੋਲਾ ਹੈ,*
*ਸੁਭਟ ਸੁਚਾਲਾ ਅਰੁ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ,*
*ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।* *ਕਵਿ ਨਿਹਾਲ ਸਿੰਘ, ਮਹਾਨ ਕੋਸ਼, ਪੰਨਾ ੨੮੩*

ਚੜ੍ਹਦੀ ਕਲਾ ਦੀ ਇਸ ਪਰੰਪਰਾ ਨੂੰ ਨਿਰੰਤਰ ਜਾਰੀ ਰੱਖਣ ਲਈ ਅੱਜ ਵੀ ਖਾਲਸਾ ਸ੍ਰੀ ਅਨੰਦਪੁਰ ਸਾਹਿਬ 'ਹੋਲਾ ਮਹੱਲਾ' ਮਨਾਉਣ ਲਈ ਵੱਡੀ ਗਿਣਤੀ ਵਿਚ ਇਕੱਤ੍ਰ ਹੁੰਦਾ ਹੈ। ਵੱਡੇ ਦੀਵਾਨ ਸਜਦੇ ਹਨ। ਅਨੇਕਾਂ ਗਤਕਾ ਪਾਰਟੀਆਂ, ਦੁਮਾਲੇ ਸਜਾਏ ਸ਼ਸਤਰਾਂ ਬਸਤਰਾਂ ਵਿਚ ਸਜੇ ਹੋਏ ਨਿਹੰਗ ਸਿੰਘਾਂ ਦੇ ਜੱਥੇ, ਘੋੜਿਆਂ ਹਾਥੀਆਂ ਤੇ ਸਵਾਰ ਖਾਲਸਾ ਫੌਜ ਜਦੋਂ ਹੋਲੇ ਦੇ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੁੰਦੀ ਹੈ ਤਾਂ ਖਾਲਸੇ ਦੀ ਸ਼ਾਨ ਜਲੌ ਤੇ ਸੂਰਬੀਰਤਾ ਦੇ ਕਰਤੱਵ ਵੇਖ ਕੇ, 'ਖਾਲਸਾ ਮੇਰੋ ਰੂਪ ਹੈ ਖਾਸ' ਦਾ ਵਰਦਾਨ ਪ੍ਰਤੱਖ ਦ੍ਰਿਸ਼ਮਾਨ ਹੁੰਦਾ ਹੈ। ਸ਼ਸਤਰਾਂ ਬਸਤਰਾਂ ਨਾਲ ਸਜਿਆ ਇਹ ਹੋਲਾ ਮਹੱਲਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪ੍ਰਾਰੰਭ ਹੁੰਦਾ ਹੈ, ਕਿਲਾ ਅਨੰਦਗੜ੍ਹ ਸਾਹਿਬ ਹੁੰਦਾ ਹੋਇਆ, ਕਿਲਾ ਹੋਲਗੜ੍ਹ ਸਾਹਿਬ ਸੰਪੰਨ ਹੁੰਦਾ ਹੈ। ਇਸ ਦੌਰਾਨ ਅਸਤਰਾਂ-ਸ਼ਸਤਰਾਂ ਦੇ ਤਰ੍ਹਾਂ-ਤਰ੍ਹਾਂ ਦੇ ਕਰਤਬ ਵਿਖਾਏ ਜਾਂਦੇ ਹਨ। ਸਿੰਘਾਂ ਦੀ ਘੋੜ ਦੌੜ, ਗਤਕਾਬਾਜ਼ੀ, ਨੇਜ਼ਾਬਾਜ਼ੀ, ਤੀਰ-ਅੰਦਾਜ਼ੀ ਆਦਿ ਦੇ ਨਜ਼ਾਰੇ ਸੂਰਬੀਰਤਾ ਦੇ ਮਹਾਨ ਦ੍ਰਿਸ਼ ਪੇਸ਼ ਕਰਦੇ ਹਨ। ਨਿਹੰਗ, ਖਾਲਸਾ ਫੌਜ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਮਸਨੂਈ ਲੜਾਈ ਰਚਦੇ ਹਨ ਅਤੇ ਜੇਤੂ ਦਲ ਨੂੰ ਸਿਰੋਪਾਏ ਦੇ ਕੇ ਸਨਮਾਨਿਆ ਜਾਂਦਾ ਹੈ। ਇਸ ਮਹੱਲੇ ਤੇ ਗੁਲਾਲ ਅਤੇ ਕਸਤੂਰੀ ਆਦਿ ਦੀ ਫੁਹਾਰ ਕੀਤੀ ਜਾਂਦੀ ਹੈ, ਆਈ ਸੰਗਤ ਦੇ ਵੀ ਬਸਤਰ ਲਾਲ ਰੰਗਾਂ ਨਾਲ ਗੜੁਚ ਹੋਏ ਦਿਸਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਅਤੇ ਸ੍ਰੀ ਹਜ਼ੂਰ ਸਾਹਿਬ ਦਾ ਹੋਲਾ ਮਹੱਲਾ ਯਾਦਗਾਰੀ ਨਜ਼ਾਰੇ ਪੇਸ਼ ਕਰਦੇ ਹਨ। ਲੋੜ ਹੈ ਕਿ ਇਸ ਪਰੰਪਰਾ ਨੂੰ ਸਮੁੱਚਾ ਖਾਲਸਾ ਪੰਥ ਸਮੁੱਚੇ ਭਾਰਤ ਵਿਚ, ਪ੍ਰਦੇਸਾਂ ਵਿਚ, ਹਰ ਰਾਜ ਵਿਚ, ਹਰ ਸ਼ਹਿਰ ਤੇ ਕਸਬੇ ਵਿਚ, ਜਿਥੇ-ਜਿਥੇ ਗੁਰਦਵਾਰਾ ਸਾਹਿਬ ਸਥਾਪਨ ਹਨ, ਹੋਲਾ-ਮਹੱਲਾ ਆਨ-ਸ਼ਾਨ ਨਾਲ ਮਨਾਇਆ ਜਾਵੇ ਅਤੇ ਨੌਜਵਾਨਾਂ ਨੂੰ ਗਤਕੇ ਸ਼ਸਤਰਾਂ ਦੀ ਸਿੱਖਿਆ ਦਿਤੀ ਜਾਵੇ। ਹਰ ਗੁਰਦੁਆਰਾ ਸਾਹਿਬ, ਸਕੂਲ, ਕਾਲਜ ਯੂਨੀਵਰਸਿਟੀਆਂ ਵਿਚ ਵੀ ਸਿਖਲਾਈ ਦੇਣ ਦੇ ਪ੍ਰਬੰਧ ਕੀਤੇ ਜਾਣ ਅਤੇ 'ਹੋਲਾ ਮਹੱਲਾ' ਦੇ ਦਿਨ ਵਿਸ਼ੇਸ਼ ਤੌਰ 'ਤੇ ਇਨ੍ਹਾਂ ਦੀਆਂ ਟੀਮਾਂ ਬਣਾ ਕੇ ਮੁਕਾਬਲੇ ਕਰਵਾਏ ਜਾਣ ਅਤੇ ਇਨਾਮ ਦਿਤੇ ਜਾਣ। ਸਿਖੀ ਦਾ ਸੰਤ-ਸਿਪਾਹੀ ਸਰੂਪ ਕਾਇਮ ਰਖਣਾ ਜ਼ਰੂਰੀ ਹੈ।

# ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**
**ਪੂਰਨਮਾਸ਼ੀ - (9 ਮਾਰਚ, ਦਿਨ ਸੋਮਵਾਰ-ਰਤਵਾੜਾ ਸਾਹਿਬ)**
**(ਸਮਾਂ - ਸ਼ਾਮੀ 7.00 ਤੋਂ 10.00 ਵਜੇ ਤੱਕ)**
**ਚੇਤਿ - ਸੰਗਰਾਂਦ-14 ਮਾਰਚ, ਦਿਨ ਸ਼ਨਿੱਚਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - ਮਹੀਨੇ ਦੇ ਪਹਿਲੇ ਐਤਵਾਰ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** ***Contact - 9569455861, 9417912900, 9814612900***

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861100000008** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900, SWIFT CODE - PUNBINBBMOH**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ

ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।

✓ ☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

***Foreign Membership***

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ ਪਤਾAddress..........................................................................................

.................................................................................................................

..............................Pin Code......................................Phone........................ E-mail :..............................

ਮੈਂ.....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ...........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਗੁਰਿੰਦਰ ਕੌਰ ਕੰਗ | ਐਮ.ਡੀ (ਗਾਇਨੀ) | ਸੋਮਵਾਰ |
| 3. | ਡਾ. ਕੁਲਦੀਪ ਸਿੰਘ ਕੰਗ | ਐਮ.ਡੀ (ਅੱਖਾਂ ਦੇ ਮਾਹਿਰ) | ਸੋਮਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, | ਮੰਗਲਵਾਰ ਅਤੇ ਵੀਰਵਾਰ |
| | | ਏਅਰੋ ਸਪੇਸ ਮੈਡੀਸਨ | " |
| 6. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | |
| 7. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 8. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 9. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 10. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 11. | ਡਾ. ਜਿੰਦਲ | ਜਨਰਲ ਮੈਡੀਸਨ | " |
| 12. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਉਪੈਥਿਕ | ਬੁੱਧਵਾਰ |
| 13. | ਡਾ. ਕੁਲਦੀਪ ਕੌਰ | ਦੰਦਾਂ ਦੇ ਸਪੈਸ਼ਲਿਸਟ | ਮੰਗਲਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਞ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਓ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/- |

| English Version | | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਈਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/– |
| 17. | The Story of Immortality (**ਅਮਰ ਗਾਥਾ**) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**
Punjab & Sind Bank – **S/B A/C No. 12861100000008**
**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib, (Near New Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

# Practice of Nam and Satsang

## Part - I

**The discourse delivered before the holy congregation at Gurdwara Ratwara Sahib on the 14th of October, 1995, on the eve of the 6th *Gurmat Samagam*.**

**I salute the All-Eternal God Who resides within each one of you. When Guru Nanak Dev came to the world, the Hindus and the Muslims were at logger heads. He was born at a time, when in India there was suffering on all sides. I want to submit before you today that happiness and misery are constant companions of man. There is no special suffering when one falls ill. Suffering is there always. Guru Nanak Dev has expressed this mysterious truth thus :**

*Nanak, the whole world is in agony.*
**ਨਾਨਕ ਦੁਖੀਆ ਸਭੁ ਸੰਸਾਰੁ ॥**

**ਅੰਗ** *- 954*

**Suffering is spread all over the world and all the people are in misery. This is the truth. Then who is happy? He alone is happy, who depends on the Nam all his life. There are many methods of *jap* of the *Nam*. When one is in trouble, then at that time everyone takes to the *jap* of *Nam*. When one is happy one completely forgets it. But if one gives to the Nam a lodgement in one's heart, then no such thing as suffering remains there. One sees the end of all troubles. Therefore I say unto you - love and devotion to God are all right, but for some time of the day, for every person, man or woman, it is necessary to do the *jap of Nam*. This is the essence of the teachings of the Guru Granth Sahib. When performing the *jap*, fix this one idea in your mind, that in the whole wide world there is no reality, other than *jap*. By degrees, this jap will purify your mind and your soul. There have been so many great men in the world on whom research is being done - take Mahatma Buddh, or Jesus Christ, or Guru Nanak Dev. They were not educated at any university, they did not go to any school, but many great scholars have done research work on their Scriptures. Still these works remain beyond their understanding. The secret of the Guru Granth Sahib can be understood only by one who devotes, his attention to *Nam* and who makes the *jap* of *Nam* the foundation of his life.**

**Whatever sort of a person you may be, whatever your ideas, whatever your personality, you must do the *jap of Nam* for sometime; you must do it daily. This alone will bring you peace of mind. There are so many palaces in**

the world, there have been so many great achievements, but happiness is found nowhere among them. If happiness is to be found anywhere in the world, it is in the *jap of the Nam*. Now the question is how to perform this *jap of the Nam*. Some people say that *jap* should be performed with each breath; others say the tongue should not move. I will tell you a small point in this connection. Instead of doing jap of the Nam, it is better to start with the hearing of the *Nam*. Instead of repeating the Nam, start with the hearing of the Nam continuously being sung. At first, the tongue moves when one does the jap of the Nam. Some others do it to the accompaniment of the rosary. Kabir Sahib has explained this fact in a very good manner :

*Ages have gone by in telling the beads,*
*But the turmoil of the mind has not gone.*
*I should give up these rosary beads*
*And should pray with the beads of the mind.*
*ਮਾਲਾ ਫੇਰਤ ਜੁਗ ਗਿਆ, ਗਿਆ ਨਾ ਮਨ ਕਾ ਫੇਰ।*
*ਕਰਕਾ ਮਨਕਾ ਛਾਡ ਕੇ, ਮਨ ਕਾ ਮਨਕਾ ਫੇਰ।*

So long as the mind does not withdraw itself, and remains engrossed in the sensual pleasures, till then one can never experience bliss. There is nothing else other than jap that can bring happiness to man for a longer period. If there is one thing which can give you happiness for all time, that is *Nam*.

Only the Name of *Ek Onkar* is Eternal. Everything becomes possible for a person, who makes *Nam* as the basis of his life, and who leaves everything to its care. Such a person has no desires. He has renounced all his, desires. But if ever he feels any desire, late and its fulfillment occurs even before he thought of it. Last year, I made a promise to Sant Ji (Sant Waryam Singh Ji) and to you all too, that I would do the translation of the Guru Granth Sahib in English. Till now, only half of the work has been completed. It was a very gigantic and a very massive project. Daily I devote 7-8 hours to this work. At night, I do not go to sleep. The night is very dear to me. There is no interruption then. I have completed half the work by now. I have sent that incomplete work to America and have taken bamboo paper there for its printing. My wish is that my translation should surpass all the translations that have been made so far - in English, Hindi, Gurmukhi and Sanskrit. Thousands of Sikh children who live in foreign lands, do tie the turban, they wear an iron bangle (*karaa*) too, they wear an undergarment (*kachhera*); they carry a comb (*kangha* too. They adopt all the five *kakkars*; but they do not know about the spirit of this Sikh religion. Hence I took this huge work in my

own hands. Although there are so many translations of the sacred texts, such as the Sukhmani Sahib, the Japuji Sahib, and some other *banis*. But I was not satisfied. Sant Ji (Sant Waryam Singh Ji) inspired me to work on the Guru Granth Sahib. Now I work 8-9 hours every night. That has given me some satisfaction that at least some part of the work has been done; and I am able to do some service.

What I want to point out is this whether you are a small man or a big man, whether you are wealthy or not, whether your body is healthy or otherwise - all such things are of no consequence. I have these things, I lack these things - in this circle of thought, the whole life is spent. Learn to sit still for sometime and do the *jap*. Now I will briefly tell you the method of the *jap*. This is your head, this is the neck and this is the backbone (spine); keep all these three in an upright straight line. Learn how to steady your body. When you learn how to keep the body steady, the first thing that will happen will be this. You tell a child, sit still, can't you sit still? Similarly, if you don't bring your body under control, it will keep moving unnecessarily. At first, the body will turn from one side, it will turn to another side, because the body has not been brought under control and restraint. After some days practice, these gross movements of the body would cease. After that, there are still movements. Learn how to sit still, then in place of still movements, you will feel twitching movements. These too will cease after a few days practice. There is another important thing. You feel some difficulty, in the breathing. If your intake and output of the breathing is not balanced, that means you breathe in (air) less and breathe out less or you breathe in more and breathe out more (air), that would produce an imbalance in your body. Hence breathing in and breathing out is a great discipline, it is a great art. What should you do then? Close your eyes and take your mind as; if you are breathing out, imagine it coming from the outermost point of the spine; the same when you are breathing in. After you have practised this thing for a few days, your attention will not remain preoccupied with your body. This is called the purification of the *nadis* (ducts). True, the teachers teach many other methods of controlled breathing also, but this one explained here is simpler than the simplest. The first thing to be learnt is to keep the head, neck and spine in an upright straight line. This programme should last for one month - do nothing, just learn to sit still. How should I sit perfectly still. On the first day, you will feel some difficulty; on the second day, somewhat less and after a few days, it will disappear completely. You will

experience some strange peace (quietude). If you want to feel equanimity, it can come only through jap; not through any other method. You may attain any amount of knowledge, you may dissolve all the scriptures of the world in water and drink them but you will gain nothing. Bliss will come to you only from devotion to God. So you learn how to sit still and how to inhale and exhale in perfect harmony.

*Swami Vivekanand* has been a great *Hindu saint*. He wandered all over India from *Kanya Kumari* to the *Himalayas*. He met *Sants* of all denominations; He met *Muslim* mendicants, *Hindu sadhus*, *Sikh saints* and so on. At *Ghazipur* he met a *Sant*, known as *Puhari Baba*. He found that this Mahatma sat with not a care in the world. When asked if he had any desire, the Mahatma replied, "I have no desire at all". 'Can I render any service to you?' "No, I need no service at all." Swami Vivekanand, you have wandered all over the world and the world is beginning to worship you; but till now, you have not learnt how to do *jap* or sit in meditation. Sit with me. Your inhalation and exhalation of breath are not in proper rhythm. Hence your meditation is not successful. You try very hard, you are an extremely learned man, you are full of truth, yet you are not able to reach your goal." He said, "Honoured Sir, what should I do?" He replied, "I will explain to you the whole lore in just five minutes."

*Kabir* Ji laid a great stress on this point. When you study the literature of *Kabir Sahib*, you would find therein the mention of something called *Sukhamana*. How should the mind experience happiness? So long as the mind is not steady in devotion, so long one can't taste happiness. Ever though the mind is immersed in devotion, it will go on thinking such thoughts; wherefrom shall I get so much money tomorrow? Day after tomorrow, how will I pick that man's pocket? What would happen day after tomorrow? The world thinks that you are engaged in devotion, but your mind is wandering in all directions. What kind of worship is this? You can deceive some people for sometime, but how can you deceive God Himself, Who is inside you and Who is Omnipresent? You can achieve complete Godhood within six months, in case you are fully earnest. If you are some what slack, it would take you one year; and even if you are an utter fool, it would take you three years. But there is no sense in wasting the whole of your life and achieving nothing. Every man has the right to do *jap of God*, and to experience God in this life; that is our birth right. If in this life after obtaining this human form, we do not

achieve God or the Immortal, then this birth is worthless. It is with very great difficulty that we get the birth as a human being but then we misuse it. You must have noticed that man is given to passions and physical enjoyments. Ask him, how he feels after these sensual enjoyments? He would reply that he feels exhausted and goes to sleep. There are three states of consciousness, namely waking, dreaming and dreamless deep sleep. By experiencing all these states of consciousness, we find that one does get a little rest during sleep. But when a person rests in sleep, on waking up, he feels the same that he felt on the previous day. If he was a fool, he stays the same fool. But a man of meditation can progress from being a fool today to being a saint tomorrow. This is the difference. Whatever you may be, you may be a dacoit, it does not matter, still you have hope. Leave all worldly concerns aside for five minutes and meditate.

I narrate to you a short anecdote from my own life's experience. All of you must have heard the name of dacoit Man Singh. In those days, I used to live on the bank of the river Narbada. One day, one Home Minister of that state Phool Singh came to me, bringing with him a basketful of bananas. There were policmen with him. Phool Singh. Ten minutes after their departure, another person came there I had never seen the like of him in my life. A gigantic frame, a long face, he was wearing white clothes; *a dhoti* and *kurta*. He prostrated before me and placed that basket of bananas before me. He said, 'Sir, of what service can I be to you? It was the month of *Chait* (March-April). In the meantime, a Police Inspector came there. He was accompanied by 7-8 police constables. All carried guns. They questioned me about identity? At once he stood upright and said, "Do you know, I am Raja Man Singh." All the policemen were frightened and were bamboozled. He had a gigantic personality. He said, "You all sit still, I am going away". He was accompanied by seven men all of whom carried loaded guns. He went away. Next day, he came to see me during the night. He asked me, "Did those people give any trouble to you?" I replied, "Dear brother no one can give me any trouble. Here all sorts of people come to me; the *sadhus* come, the dacoits come and the Mahatams come too. It makes no difference to me." He said, "Tell me one thing : How to do the *jap*". When you go to any Sant, don't ask anything for yourself. You will receive everything. You should ask only one thing - "Sir, how to do the *jap*?" Those saints who do the *jap*, who take to meditation are sure to tell you about this subject. The *jap* in the breathing goes on

